# ਮੰਚਣ

ਪੁਸਤਕ ਲੜੀ ਨੰ: 22

ਆਨਰੇਰੀ ਸੰਪਾਦਕ: ਆਤਮਜੀਤ, ਸਤੀਸ਼ ਕੁਮਾਰ ਵਰਮਾ, ਸੁਖਦੇਵ ਸਿੰਘ, ਰਵਿੰਦਰ ਭੱਠਲ, ਬ. ਸ. ਰਤਨ ਅਤੇ ਬੀ. ਪੀ. ਸਿੰਘ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

# ਜੀਵਨ



ਮੰਚਣ ਆਰਟਸ ਐਂਡ ਰੀਸਰਚ ਸੈਂਟਰ(ਰਜਿ )ਵਲੋਂ ਪ੍ਰਕਾਸ਼ਿਤ
ਪੰਜਾਬੀ ਨਾਟਕ ਤੇ ਥੀਏਟਰ ਦੀ ਪੁਸਤਕ ਲੜੀ ਨੰ: 22
ਆਨਰੇਰੀ ਸੰਪਾਦਕ : ਆਤਮਜੀਤ, ਸਤੀਸ਼ ਕੁਮਾਰ ਵਰਮਾ
ਸੁਖਦੇਵ ਸਿੰਘ,ਰਵਿੰਦਰ ਭੱਠਲ,ਬ.ਸ.ਰਤਨ ਅਤੇ ਬੀ.ਪੀ.ਸਿੰਘ

225, ਫੇਜ਼-6, ਮੋਹਾਲੀ—160055 (ਪੰਜਾਬ)


| | | |
|---|---|---|
| ਸੰਪਾਦਕੀ | | 2 |
| ਨਾਟਕ 'ਕੋਰਟ ਮਾਰਸ਼ਲ' | ਸਵਦੇਸ਼ ਦੀਪਕ<br>ਅਨੁ: ਕੇਵਲ ਧਾਲੀਵਾਲ | 5 |
| ਬੱਕਰਾ ਤੇ ਉਸ ਦੀ ਮਾਂ<br>(ਜੋਗਿੰਦਰ ਬਾਹਰਲਾ ਦਾ ਜੀਵਨ,ਭਾਗ-1) | ਆਤਮਜੀਤ | 55 |
| ਉਦਾਸ ਲੋਕਾਂ ਦਾ ਨਜ਼ਾਮ ਸੱਕਾ | ਆਤਮ ਹਮਰਾਹੀ | 61 |
| ਪੰਜਾਬ ਦਾ ਲੋਕ ਨਾਟਕ | ਟੀ.ਆਰ ਵਿਨੋਦ | 69 |
| ਬਾਬਾ ਬਰੈਖ਼ਤ ਨੇ ਕਿਹਾ ਸੀ | ਸੁਖਦੇਵ ਸਿੰਘ | 72 |
| ਪੰਜਾਬੀ ਨਾਟਕ ਦਾ ਇਤਿਹਾਸ | ਸਬਿੰਦਰ ਜੀਤ ਸਿੰਘ ਸਾਗਰ | 85 |


ਮੁੱਲ ਇਕ ਅੰਕ : 15 ਰੁਪਏ, ਚਾਰ ਅੰਕ : 60 ਰੁਪਏ
ਰੰਗਕਰਮੀਆਂ ਤੇ ਵਿਦਿਆਰਥੀਆਂ ਲਈ : 40 ਰੁਪਏ
ਵਿਦੇਸ਼ : 300 ਭਾਰਤੀ ਰੁਪਏ
ਭਾਰਤੀ ਪੁਸਤਕਾਲਿਆਂ ਲਈ : 100 ਰੁਪਏ

# ਸੰਪਾਦਕੀ

## ਡਾ. ਫੁੱਲ ਮੈਮੋਰੀਅਲ ਮੰਚਣ ਐਵਾਰਡ

ਪਿਛਲੇ ਅੰਕ ਵਿਚ ਤੇ ਹੋਰ ਅਖਬਾਰਾਂ ਵਿਚ ਮੰਚਣ ਵੱਲੋਂ ਸਥਾਪਿਤ ਇਸ ਪੁਰਸਕਾਰ ਦਾ ਐਲਾਨ ਕੀਤਾ ਗਿਆ ਸੀ। ਮੰਚਣ ਨੇ ਇਸ ਪੁਰਸਕਾਰ ਵਾਸਤੇ ਇਕ ਸਥਾਈ ਖਾਤਾ ਖੋਹਲਿਆ ਹੈ ਜਿਸ ਦੇ ਵਿਆਜ ਨਾਲ ਇਕ ਵਰ੍ਹਾ ਛੱਡ ਕੇ ਪੰਜਾਬੀ ਰੰਗਮੰਚ ਅਤੇ ਨਾਟਕ ਦੇ ਖੇਤਰ ਵਿਚ 'ਘਾਲ ਕਮਾਈ' ਕਰਨ ਵਾਲੇ ਸੱਜਣ ਨੂੰ 10,000 ਰੁਪਏ ਦਾ ਨਕਦ ਪੁਰਸਕਾਰ ਦਿੱਤਾ ਜਾਣਾ ਹੈ। ਸਾਨੂੰ ਖੁਸ਼ੀ ਹੈ ਕਿ ਪਹਿਲੇ ਪੁਰਸਕਾਰ ਦੇ ਐਲਾਨ ਦਾ ਭਰਵਾਂ ਸੁਆਗਤ ਕੀਤਾ ਗਿਆ ਹੈ। ਸਾਨੂੰ ਪ੍ਰਾਪਤ ਅਨੇਕਾਂ ਪੱਤਰਾਂ ਅਤੇ ਰਾਜ ਤੇ ਕੌਮੀ ਪੱਧਰ ਦੇ ਅਖਬਾਰਾਂ ਤੇ ਮੈਗਜ਼ੀਨਾਂ ਨੇ ਇਸ ਐਲਾਨ ਦੀ ਪ੍ਰਸੰਸਾ ਕੀਤੀ ਹੈ। ਇਕ ਸਹਿਕਰਮੀ ਨੇ ਆਪਣੇ ਪਰਚੇ ਵਿਚ ਇਸਦਾ ਵਿਰੋਧ ਵੀ ਕੀਤਾ ਹੈ। ਜਿਵੇਂ ਕਿ ਮੰਚਣ ਵੱਲੋਂ ਇਹ ਦਸਿਆ ਗਿਆ ਸੀ ਕਿ ਪੁਰਸਕਾਰ ਵਿਦਵਾਨਾਂ ਅਤੇ ਸੰਸਥਾਵਾਂ ਦੀਆਂ ਸਿਫਾਰਸ਼ਾਂ ਦੇ ਆਧਾਰ ਤੇ ਤੈਅ ਕੀਤਾ ਗਿਆ ਹੈ ਅਤੇ ਪਹਿਲੇ ਪੁਰਸਕਾਰ ਵਾਸਤੇ ਸ. ਗੁਰਸ਼ਰਨ ਸਿੰਘ ਵਾਸਤੇ 60./· ਵੋਟਾਂ ਪਈਆਂ। ਅਸੀਂ ਆਪਣੇ ਸਹਿਕਰਮੀ ਦੇ ਵਿਚਾਰਾਂ ਨੂੰ 40./· ਲੋਕਾਂ ਦੇ ਵਿਚਾਰਾਂ ਵਿਚੋਂ ਕੁਝ ਕੁ ਦਾ ਪ੍ਰਗਟਾਵਾ ਮੰਨ ਸਕਦੇ ਹਾਂ ਅਤੇ ਉਹਨਾਂ ਵਿਚਾਰਾਂ ਦੀ ਕਦਰ ਵੀ ਕਰ ਸਕਦੇ ਹਾਂ। ਪਰ ਜਿਸ ਭਾਸ਼ਾ ਵਿਚ ਇਹ ਵਿਰੋਧ ਹੋਇਆ ਹੈ, ਉਸ ਲਈ ਅਸੀਂ ਸਿਰਫ਼ ਅਫ਼ਸੋਸ ਹੀ ਪ੍ਰਗਟ ਕਰ ਸਕਦੇ ਹਾਂ। ਇਸ ਭਾਸ਼ਾ ਨੇ ਗੁਰਸ਼ਰਨ ਸਿੰਘ ਹੁਰਾਂ ਦਾ ਮਨ ਵੀ ਦੁਖੀ ਕੀਤਾ ਹੈ। ਅਸੀਂ ਉਹਨਾਂ ਕੋਲੋਂ ਇਸ ਗੱਲ ਦੀ ਖਿਮਾਂ ਮੰਗਦੇ ਹਾਂ ਅਤੇ ਉਹਨਾਂ ਦਾ ਧਿਆਨ ਵਿਦਵਾਨਾਂ ਦੀ ਉਸ ਬਹੁ ਗਿਣਤੀ ਵੱਲ ਦੁਆਉਂਦੇ ਹਾਂ ਜਿਸ ਨੇ ਗੁਰਸ਼ਰਨ ਸਿੰਘ ਨੂੰ ਪੰਜਾਬੀ ਦੇ ਇਸ ਸਨਮਾਨ ਵਾਸਤੇ ਚੁਣਿਆਂ। ਬਚੇ ਹੋਏ 40./· ਵੋਟਰਾਂ ਨੇ ਜੇ ਗੁਰਸ਼ਰਨ ਸਿੰਘ ਨੂੰ ਸਰਵੋਤਮ ਨਹੀਂ ਸਵੀਕਾਰਿਆ ਹੈ ਤਾਂ ਮੂਲੋਂ ਹੀ ਨਕਾਰਿਆ ਵੀ ਨਹੀਂ। ਪੰਜਾਬ ਦੇ ਇਕ ਮਹੱਤਵਪੂਰਨ ਨਾਟਕਕਾਰ ਨੇ ਸਾਨੂੰ ਇਕ ਚਿੱਠੀ ਵਿਚ ਲਿਖਿਆ 'ਮੈਨੂੰ ਹੈਰਤ ਹੈ ਕਿ ਬਾਕੀ ਲੋਕਾਂ ਨੇ ਗੁਰਸ਼ਰਨ ਸਿੰਘ ਨੂੰ ਕਿਉਂ ਨਹੀਂ ਵੋਟ ਪਾਈਆਂ ?' ਦਿਲਚਸਪੀ ਵਾਲੀ ਗੱਲ ਇਹ ਹੈ ਕਿ ਸਿਫਾਰਸ਼ਾਂ ਦੇ ਆਧਾਰ ਤੇ ਦੂਸਰਾ ਨਾਂ ਇਸ ਨਾਟਕਕਾਰ ਦੀ ਹੀ ਹੈ।

0

ਸਾਡਾ ਵਿਸ਼ਵਾਸ ਹੈ ਕਿ ਨਾਟਕਕਾਰ ਤੇ ਰੰਗਕਰਮੀ ਗੁਰਸ਼ਰਨ ਸਿੰਘ ਇਸ ਆਲੋਚਨਾ ਨੂੰ ਵੀ ਆਪਣੀ ਪ੍ਰੇਰਨਾ ਦੇ ਇਕ ਸੋਮੇ ਵਜੋਂ ਵਰਤ ਸਕੇਗਾ ਤੇ ਇਸ ਵਿਚਲੇ ਵੱਥ ਉਤੇ ਗੌਰ ਕਰੇਗਾ। ਇਕ ਫੈਸਲੇ ਮੁਤਾਬਿਕ ਡਾ. ਫੁੱਲ ਐਵਾਰਡ ਪ੍ਰਾਪਤ ਕਰਨ ਵਾਲੇ ਹਰੇਕ ਨਾਟਕਕਾਰ/ਰੰਗਕਰਮੀ ਉਤੇ 'ਮੰਚਣ' ਦਾ ਇਕ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤਾ ਜਾਇਆ ਕਰੇਗਾ। ਵਿਦਵਾਨ ਤੇ ਰੰਗਕਰਮੀ ਦੋਸਤਾਂ ਨੂੰ ਇਸ ਵਿਚ ਭਾਗ ਲੈਣ ਦਾ ਸੱਦਾ ਦਿੱਤਾ ਜਾਂਦਾ ਹੈ। ਇਸ ਮੌਕੇ ਤੇ ਅਸੀਂ ਉਹਨਾਂ ਅਨੇਕਾਂ ਦਾਨੀ ਸੱਜਣਾਂ ਦੇ ਵੀ ਧੰਨਵਾਦੀ ਹਾਂ ਜਿਹਨਾਂ ਦੇ ਸਹਿਯੋਗ ਕਾਰਨ ਹੀ ਇਹ ਪੁਰਸਕਾਰ ਅਤੇ ਡਾ. ਫੁੱਲ ਨਾਲ ਸੰਬੰਧਿਤ ਹੋਰ ਯਾਦਗਾਰੀ ਸਮਾਗਮ ਸੰਭਵ ਹੋ ਰਹੇ ਹਨ।

0

'ਦੈਨਿਕ ਟ੍ਰਿਬਿਊਨ' (ਹਿੰਦੀ) ਦੇ ਇਕ ਕਾਲਮ ਵਿਚ ਪੰਜਾਬ ਦੇ ਪ੍ਰਸਿੱਧ ਨਾਟਕਕਾਰ ਮੋਹਨ ਰਾਕੇਸ਼ ਦੀ ਧਰਮ ਪਤਨੀ ਦਾ ਇਹ ਗਿਲਾ ਪ੍ਰਕਾਸ਼ਿਤ ਹੋਇਆ ਹੈ ਕਿ ਮੋਹਨ ਰਾਕੇਸ਼ ਨੂੰ ਇਸ ਸੰਸਾਰ ਤਿਆਗਿਆਂ ਨੂੰ 20 ਵਰ੍ਹੇ ਹੋ ਗਏ ਹਨ ਪਰ ਕਿਸੇ ਨੇ ਵੀ ਮਹਿਰੂਮ ਨਾਟਕਕਾਰ ਦੀ ਬਾਤ ਨਹੀਂ ਪੁੱਛੀ। ਮੋਹਨ ਰਾਕੇਸ਼ ਸਾਡੀ ਸਦੀ ਦੇ ਸਭ ਤੋਂ ਵੱਡੇ ਨਾਟਕਕਾਰਾਂ ਵਿਚੋਂ ਇਕ ਹੈ। 'ਮੰਚਣ' ਇਕ ਛੋਟੀ ਜਿਹੀ ਸੰਸਥਾ ਹੈ। ਪਰ ਅਨੀਤਾ ਰਾਕੇਸ਼ ਦੀ ਸੰਵੇਦਨਾ ਤੋਂ ਪ੍ਰੇਰਨਾ ਲੈਂਦਿਆਂ ਅਸੀਂ ਆਪਣੇ ਇਕ ਫਰਜ਼ ਨੂੰ ਪੂਰਾ ਕਰਨ ਲਈ ਅਤੇ ਪੰਜਾਬੀ ਪਾਠਕਾਂ ਨਾਲ ਮੋਹਨ ਰਾਕੇਸ਼ ਦਾ ਸਿੱਧਾ ਸੰਬੰਧ ਜੋੜਨ ਲਈ ਮੰਚਣ ਦਾ ਅੰਕ ਨੰ: 24 'ਮੋਹਨ ਰਾਕੇਸ਼ ਵਿਸ਼ੇਸ਼ ਅੰਕ' ਵਜੋਂ ਜ਼ਰੂਰ ਪ੍ਰਕਾਸ਼ਿਤ ਕਰ ਰਹੇ ਹਾਂ।

0

---

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਥੀਏਟਰ ਵਿਭਾਗ ਨਾਲ ਸੰਬੰਧਿਤ ਇਕ ਰੈਪਰਟਰੀ ਯੂਨੀਵਰਸਿਟੀ ਵੱਲੋਂ ਖੋਹਲ ਦਿੱਤੀ ਗਈ ਹੈ ਜਿਸ ਵਿਚ ਕਾਂਟਰੈਕਟ ਦੇ ਆਧਾਰ ਤੇ ਕਲਾਕਾਰਾਂ ਦੀ ਭਰਤੀ ਵੀ ਕਰ ਦਿੱਤੀ ਗਈ ਹੈ। ਇਹ ਇਕ ਸ਼ੁਭ-ਕਰਮ ਹੈ ਅਤੇ ਅਸੀਂ ਇਸ ਦਾ ਭਰਵਾਂ ਸੁਆਗਤ ਵੀ ਕਰਦੇ ਹਾਂ। ਯੂਨੀਵਰਸਿਟੀ ਦੇ ਅਧਿਕਾਰੀਆਂ ਤੇ ਕੰਮ ਕਰ ਰਹੇ ਕਲਾਕਾਰਾਂ ਨੂੰ ਇਕ ਸਾਂਝੀ ਅਪੀਲ ਜ਼ਰੂਰ ਕਰਨਾ ਚਾਹੁੰਦੇ ਹਾਂ ਕਿ ਉਹ ਇਸ ਰੈਪਰਟਰੀ ਨੂੰ ਚਲਾਉਣ ਸਮੇਂ ਅਜਿਹਾ ਕੋਈ ਫੈਸਲਾ ਨਾ ਲੈਣ ਜਿਸ ਨਾਲ ਇਸ ਦਾ ਹਸ਼ਰ ਪੰਜਾਬ ਸਰਕਾਰ ਦੀ ਥੀਏਟਰ ਰੈਪਰਟਰੀ ਵਾਲਾ ਹੋਵੇ। ਪ੍ਰਾਧਿਆਪਕਾਂ ਅਤੇ ਕਲਾਕਾਰਾਂ ਨੂੰ ਆਪਣੇ ਸੌੜੇ ਹਿਤਾਂ ਤੋਂ ਉਚਾਂਹ ਉਠਕੇ ਕੁਝ ਸਮਾਂ ਤਾਂ ਜ਼ਰੂਰ ਹੀ ਧਿਆਨ ਨਾਲ ਚੱਲਣਾ ਚਾਹੀਦਾ ਹੈ। ਨਹੀਂ ਤਾਂ ਇਸ ਨੂੰ ਖੋਹਲਣ ਲਈ ਜਿੰਨੇ ਯਤਨ ਕੀਤੇ ਗਏ ਹਨ ਉਹਨਾਂ ਤੋਂ ਕਿਤੇ ਜ਼ਿਆਦਾ ਗਿਣਤੀ ਵਿਚ ਇਸ ਨੂੰ ਬੰਦ ਕਰਨ ਦੇ ਬਹਾਨੇ ਕੱਠੇ ਹੋ ਜਾਣਗੇ। ਉਮੀਦ ਕਰਦੇ ਹਾਂ ਕਿ ਇਹ ਰੈਪਰਟਰੀ ਪੰਜਾਬ ਯੂਨੀਵਰਸਿਟੀ ਦੇ ਥੀਏਟਰ ਵਿਭਾਗ ਵਾਂਗ 'ਪੰਜਾਬੀ ਨਾਟਕ ਤੇ ਰੰਗਮੰਚ' ਨੂੰ ਪਿੱਠ ਦੇ ਕੇ ਵੀ ਖੜੀ ਨਹੀਂ ਹੋਵੇਗੀ।

0

ਪੰਜਾਬ ਯੂਨੀਵਰਸਿਟੀ ਦੇ ਥੀਏਟਰ ਵਿਭਾਗ ਵਿਚ ਮੰਚ ਵਿਉਂਤਕਾਰੀ ਦੇ ਪ੍ਰਾਧਿਆਪਕ ਮਹੇਂਦਰ ਕੁਮਾਰ ਨੇ ਤਿੰਨ ਸਾਲ ਲਈ ਵਿਭਾਗ ਦੇ ਮੁਖੀ ਵਜੋਂ ਅਹੁਦਾ ਸੰਭਾਲ ਲਿਆ ਹੈ। 'ਮੰਚਣ' ਵੱਲੋਂ ਵਧਾਈ ਅਤੇ ਸ਼ੁਭ-ਇੱਛਾਵਾਂ।

0

ਪਿਛਲੇ ਲਗਭਗ ਇਕ ਸਾਲ ਤੋਂ ਅਲਾਹਾਬਾਦ ਤੋਂ ਰੰਗਮੰਚ ਨਾਲ ਸੰਬੰਧਿਤ ਇਕ ਪੰਦਰਾਂ ਰੋਜ਼ਾ ਅਖ਼ਬਾਰ 'ਥੀਏਟਰ ਟਾਈਮਜ਼' (ਹਿੰਦੀ) ਦਾ ਪ੍ਰਕਾਸ਼ਨ ਹੋ ਰਿਹਾ ਹੈ। ਇਸ ਅਖ਼ਬਾਰ ਦੀ ਛਪਾਈ, ਮਿਆਰੀ ਸਮੱਗਰੀ, ਪ੍ਰਭਾਵਸ਼ਾਲੀ ਦਿੱਖ ਅਤੇ ਮੰਤਵ ਵਿਚ ਈਮਾਨਦਾਰੀ ਸਾਫ਼ ਝਲਕਦੀ ਹੈ। ਇਸ ਦਾ ਮੁੱਲ 2 ਰੁਪਏ ਪ੍ਰਤੀ ਕਾਪੀ ਅਤੇ ਪਤਾ ਇਸ ਪ੍ਰਕਾਰ ਹੈ: ਥੀਏਟਰ ਟਾਈਮਜ਼, ਲਾਊਦਰ ਰੋਡ, ਸਾਊਥ ਮਲਾਕਾ, ਇਲਾਹਾਬਾਦ

0

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਥੀਏਟਰ ਵਿਭਾਗ ਵਿਚ ਕਾਰਜ ਕਰ ਰਹੇ ਰੰਗ ਕਰਮੀ ਮਿੱਤਰ ਡੀ ਐਸ ਨਾਗਰਾ ਦਾ ਦੇਹਾਂਤ ਹੋ ਗਿਆ ਹੈ। ਇਸ ਵਿਭਾਗ ਦੇ ਪ੍ਰਾਣ ਨਾਥ ਸ਼ਾਹੀ ਦੇ ਨੌਜਵਾਨ ਬੇਟੇ ਦੇ ਵਿਛੋੜੇ ਦਾ ਜ਼ਖ਼ਮ ਅਜੇ ਅੱਲਾ ਹੀ ਸੀ ਕਿ ਇਹ ਭਾਣਾ ਵੀ ਵਾਪਰ ਗਿਆ ਹੈ। ਅਦਾਰਾ ਮੰਚਣ ਦੁਖੀ ਪਰਿਵਾਰਾਂ ਦੇ ਅਤੇ ਵਿਭਾਗ ਦੇ ਸਹਿਕਰਮੀਆਂ ਦੇ ਸ਼ੋਕ ਵਿਚ ਸ਼ਾਮਿਲ ਹੈ।

---

## ਇਸ ਅੰਕ ਦੇ ਲੇਖਕ

ਸਵਦੇਸ਼ ਦੀਪਕ — ਅੰਬਾਲਾ

ਕੇਵਲ ਧਾਲੀਵਾਲ — 32, ਸੇਵਾ ਨਗਰ, ਪੁਤਲੀ ਘਰ, ਅੰਮ੍ਰਿਤਸਰ

ਆਤਮ ਹਮਰਾਹੀ — ਅੰਤਹਕਰਨ, 1044/7, ਧੂਰੀ ਰੇਲਵੇ ਲਾਈਨ, ਲੁਧਿਆਣਾ

ਟੀ ਆਰ ਵਿਨੋਦ — ਯੂਨੀਵਰਸਿਟੀ ਰੀਜਨਲ ਸੈਂਟਰ, ਬਠਿੰਡਾ

ਸੁਖਦੇਵ ਸਿੰਘ — ਗੌਰਮਿੰਟ ਨੈਸ਼ਨਲ ਕਾਲਿਜ, ਸਰਸਾ

ਸਬਿੰਦਰਜੀਤ ਸਿੰਘ ਸਾਗਰ — ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀ. ਅੰਮ੍ਰਿਤਸਰ

ਆਤਮਜੀਤ — 225, ਫੇਜ਼ 6, ਮੋਹਾਲੀ।

# ਕੋਰਟ ਮਾਰਸ਼ਲ

## ਸਵਦੇਸ਼ ਦੀਪਕ

ਅਨੁਵਾਦ : ਕੇਵਲ ਧਾਲੀਵਾਲ

ਹਿੰਦੀ ਦੇ ਜਾਣੇ ਪਛਾਣੇ ਗਲਪਕਾਰ ਅਤੇ ਨਾਟਕਕਾਰ ਸਵਦੇਸ਼ ਦੀਪਕ ਦੇ ਇਸ ਨਾਟਕ ਨੂੰ 1989-90 ਦੇ ਸਾਹਿਤ ਕਲਾ ਪਰਿਸ਼ਦ ਨਾਟ-ਮੁਕਾਬਲੇ (ਹਿੰਦੀ) ਵਿਚ ਪਹਿਲਾ ਇਨਾਮ ਮਿਲ ਚੁੱਕਾ ਹੈ ਅਤੇ ਮੂਲ ਭਾਸ਼ਾ ਵਿਚ ਇਹ ਨਾਟਕ ਪਰਿਸ਼ਦ ਦੇ ਸਮਾਰੋਹ ਵਿਚ ਕੌਮੀ ਪ੍ਰਸਿਧੀ ਦੇ ਨਿਰਦੇਸ਼ਕ ਰਣਜੀਤ ਕਪੂਰ ਦੀ ਨਿਰਦੇਸ਼ਨਾ ਅਧੀਨ ਖੇਡਿਆ ਗਿਆ। ਇਸ ਨੂੰ ਪੰਜਾਬੀ ਵਿਚ ਅਨੁਵਾਦ ਕਰਕੇ ਖੇਡਣ ਦਾ ਕਾਰਜ ਕੇਵਲ ਧਾਲੀਵਾਲ ਨੇ ਕੀਤਾ ਹੈ। ਇਸ ਲੇਖਕ ਦੇ ਪਹਿਲੇ ਹਿੰਦੀ ਨਾਟਕ 'ਬਾਲ ਭਗਵਾਨ' ਦੀ ਵੀ ਪੰਜਾਬੀ ਵਿਚ ਮੰਚ ਪੇਸ਼ਕਾਰੀ ਹੋ ਚੁੱਕੀ ਹੈ।

ਪਾਤਰ :

ਕਰਨਲ ਸੂਰਤ ਸਿੰਘ, ਸੈਨਿਕ ਇਕ, ਸੈਨਿਕ ਦੋ, ਗਾਰਡ, ਸਵਾਰ ਰਾਮਚੰਦਰ, ਸਲਾਹਕਾਰ ਜੱਜ 1, ਸਲਾਹਕਾਰ ਜੱਜ 2, ਸਲਾਹਕਾਰ ਜੱਜ 3, ਸਲਾਹਕਾਰ ਜੱਜ 4, ਕੈਪਟਨ ਵਿਕਾਸ ਰਾਏ, ਮੇਜਰ ਪੁਰੀ, ਬਲਵਾਨ ਸਿੰਘ, ਡਾਕਟਰ ਗੁਪਤਾ ਲੈਫ਼ਟੀਨੈਂਟ ਕਰਨਲ, ਬਰਜਿੰਦਰ ਸਿੰਘ ਰਾਵਤ ਕੈਪਟਨ ਬੀ. ਡੀ. ਕਪੂਰ।

[ਸੈਨਿਕ ਅਦਾਲਤ ਦਾ ਕਮਰਾ। ਹਨੇਰੇ ਵਿਚ ਲਾਈਟਰ ਦੀ ਰੋਸ਼ਨੀ ਹੁੰਦੀ ਹੈ। ਕਰਨਲ ਸੂਰਤ ਸਿੰਘ ਆਪਣਾ ਪਾਈਪ ਸੁਲਘਾਉਂਦਾ ਹੈ। ਲੰਮਾ ਕਸ਼ ਖਿਚਕੇ ਛੱਡਦਾ ਹੈ ਤੇ ਰੋਸ਼ਨੀ ਵਧਦੀ ਹੈ। ਸੂਰਤ ਸਿੰਘ ਦਰਸ਼ਕਾਂ ਨੂੰ ਸੰਬੋਧਿਤ ਹੁੰਦਾ ਹੈ]

ਸੂਰਤ ਸਿੰਘ : (ਦਰਸ਼ਕਾਂ ਨੂੰ) ਮੇਰਾ ਨਾਂਅ ਕਰਨਲ ਸੂਰਤ ਸਿੰਘ ਹੈ। ਪ੍ਰੀਜ਼ਾਈਡਿੰਗ ਆਫਿਸਰ ਆਫ ਦਿਸ ਜਨਰਲ ਕੋਰਟ ਮਾਰਸ਼ਲ। ਕੀ ਤੁਸੀਂ ਕਦੀ ਮੌਤ ਨੂੰ ਕਨਫਰੰਟ ਕੀਤਾ ਹੈ? ਸ਼ਾਇਦ ਨਹੀਂ। ਮੇਰਾ ਸਾਹਮਣਾ ਕਈ ਵਾਰੀ ਹੋਇਆ ਹੈ ਮੌਤ ਨਾਲ। ਜੰਗ ਦੇ ਮੈਦਾਨ ਵਿਚ ਵੀ ਤੇ ਕੋਰਟ ਮਾਰਸ਼ਲ ਦੇ ਕਮਰਿਆਂ ਵਿਚ ਵੀ। ਸਾਹਮਣੇ ਖੜੀ ਮੌਤ ਦੇ ਉਹ ਭਿਆਨਕ ਪਲ ਜੋ ਕਦੀ ਖ਼ੂਨ ਤੱਕ ਸੁਕਾ ਦੇਂਦੇ ਨੇ ਤੇ ਕਦੀ ਖ਼ੂਨ ਵਿਚ ਅੱਗ ਲਗਾ ਦਿੰਦੇ ਨੇ। ਮੈਂ ਬਿਸਤਰ ਤੇ ਪਏ ਕਿਸੇ ਮਰੀਜ਼ ਦੀ ਗੱਲ ਨਹੀਂ ਕਰ ਰਿਹਾ ਬਲਕਿ ਇਕ ਘਾਤਕ ਛਲਾਂਗ ਲਗਾਉਣ ਨੂੰ ਤਿਆਰ

ਉਸ ਮੌਤ ਦੀ ਗੱਲ ਕਰ ਰਿਹਾ ਹਾਂ ਜੋ ਸਾਫ ਦਿਖਾਈ ਦਿੰਦੀ ਏ ਚਾਹੇ ਇਕ ਮੋਮੈਂਟ ਲਈ ਮਾਰਨ ਅਤੇ ਮਰਨ ਵਾਲੇ ਦੀਆਂ ਅੱਖਾਂ ਵਿਚ ਦੋਨਾਂ ਦੀਆਂ ਅੱਖਾਂ ਵਿਚ।

ਮੈਂ ਬਹੁਤ ਸਾਰੇ ਲੋਕਾਂ ਦੀ ਜਾਨ ਲਈ ਹੈ, ਮੌਤ ਦੇ ਘਾਟ ਉਤਾਰਿਆ ਹੈ, ਯੁੱਧ ਵਿਚ ਵੀ ਤੇ ਕੋਰਟ ਮਾਰਸ਼ਲ ਵਿਚ ਵੀ ਪਰ ਨਾ ਕਦੀ ਮੇਰਾ ਖੂਨ ਜੰਮਿਐ ਤੇ ਨਾ ਹੀ ਕਦੀ ਉਹਦੇ ਵਿਚ ਅੱਗ ਲੱਗੀ ਹੈ। ਸ਼ਾਇਦ ਉਹਨਾਂ ਪਲਾਂ ਵਿਚ ਮੇਰੀ ਆਤਮਾ ਵਿਚ ਮੇਰੇ ਪੂਰਵਜ ਆ ਬੈਠਦੇ ਨੇ, ਜੋ ਸਦੀਆਂ ਤੋਂ ਮੌਤ ਨਾਲ ਲੜਦੇ ਰਹੇ। ਦਾ ਡੀਲਰਜ਼ ਇਨ ਡੈਥ। ਆਪਣੀ ਦਾਦੀ ਤੋਂ ਸੁਣੀਆਂ ਕਹਾਣੀਆਂ ਦੇ ਪਾਤਰ ਮੇਰੇ ਜਿਸਮ ਦਾ, ਮੇਰੀ ਰੂਹ ਦਾ ਹਿੱਸਾ ਬਣ ਗਏ ਨੇ। ਹੱਥਾਂ 'ਚ ਚਮਕਦੀਆਂ ਤਲਵਾਰਾਂ ਲਈ ਮੈਦਾਨਾਂ, ਰੇਗਿਸਤਾਨਾਂ ਅਤੇ ਪਹਾੜਾਂ ਤੇ ਦਿਨ-ਰਾਤ ਦੌੜਦੇ ਘੋੜ ਸਵਾਰ ਖ਼ਚ ਦੀ ਆਵਾਜ਼ ਨਾਲ ਜਿਸਮਾਂ ਨੂੰ ਚੀਰਦੀਆਂ ਤਲਵਾਰਾਂ ਤੇ ਬਲਦੀ ਰੇਤ ਵਿਚ ਜਜ਼ਬ ਹੁੰਦਾ ਲਾਲ-ਲਾਲ ਖੂਨ। ਆਜ਼ਾਦੀ ਤੋਂ ਪਹਿਲਾਂ ਅਸੀਂ ਲੋਕ ਰਾਜਸਥਾਨ ਦੀ ਇਕ ਛੋਟੀ ਜਿਹੀ ਰਿਆਸਤ ਦੇ ਰਾਜੇ ਸੀ ਦਾਦੀ ਸੁਣਾਉਂਦੀ ਸੀ ਦਾਦੇ ਦੀਆਂ ਕਹਾਣੀਆਂ, ਇਕ ਡਾਕੂ ਰਾਜੇ ਦੀਆਂ ਕਹਾਣੀਆਂ। ਆਪਣੇ ਪਿਤਾ ਦੀ ਗੱਲ ਨਹੀਂ ਕਰ ਰਿਹਾ ਕਿਉਂਕਿ ਉਹ ਘੋੜੇ ਤੇ ਸਵਾਰ ਹੋ ਕੇ ਆਦਮੀ ਨਹੀਂ ਮਾਰਦੇ ਸਨ, ਪੋਲੋ ਗਰਾਊਂਡ ਵਿਚ ਗੇਂਦ ਨੂੰ ਮਾਰਦੇ ਸੀ। ਆਪਣੀ ਮਾਂ ਦੀ ਵੀ ਗੱਲ ਨਹੀਂ ਕਰ ਰਿਹਾ, ਕਿਉਂਕਿ ਉਹ ਇਸ ਯੁੱਗ ਦੀ ਹੈ ਕੋਕਾ ਕੋਲਾ ਪ੍ਰੋਡਕਟ

ਦਾਦੀ ਦੱਸਿਆ ਕਰਦੀ ਸੀ ਕਿ ਸਾਡੇ ਪੁਰਖਿਆਂ ਦੇ ਹੱਥਾਂ ਵਿਚ ਤਲਵਾਰਾਂ ਹੁੰਦੀਆਂ ਸਨ ਨੰਗੀਆਂ ਤਲਵਾਰਾਂ ਤੇ ਅੱਖਾਂ ਵਿਚ ਖੂਨ ਦੀ ਪਿਆਸ ਸ਼ਾਇਦ ਦਇਆ ਤੇ ਰਹਿਮ ਵਰਗੇ ਸ਼ਬਦਾਂ ਨੂੰ ਪੂੰਝ ਕੇ ਮਿਟਾ ਦਿੱਤਾ ਸੀ ਉਹਨਾਂ ਨੇ। ਇਸੇ ਲਈ ਮੈਂ ਵੀ ਨਾ ਤਾਂ ਕਿਸੇ ਨੂੰ ਮੁਆਫ ਕਰਦਾ ਤੇ ਨਾ ਹੀ ਦਇਆ।

[ਬੁਝੇ ਹੋਏ ਪਾਈਪ ਨੂੰ ਫੇਰ ਜਗਾਉਂਦਾ ਹੈ, ਕਸ਼ ਲੈਂਦਾ ਹੈ ]

ਪਿਛਲੇ ਯੁੱਧ ਦੀ ਯਾਦ ਹੁਣ ਵੀ ਆਉਂਦੀ ਹੈ, ਜਿਸਮ ਨੂੰ ਸੁੰਨ ਕਰ ਦੇਣ ਵਾਲੀ ਯਾਦ। ਬਚੇ ਹੋਏ ਸਿਰਫ਼ ਤਿੰਨ ਸੈਨਿਕਾਂ ਦੇ ਨਾਲ ਦੁਸ਼ਮਣ ਦੀ ਚੌਂਕੀ ਤੇ ਹਮਲਾ ਬੋਲ ਦਿੱਤਾ ਸੀ। ਮੇਰੇ ਯੂਨਿਟ ਦੇ ਗੋਰਖਾ ਸੈਨਿਕਾਂ ਦੀਆਂ, ਦੁਸ਼ਮਣ ਦਾ ਸਿਰ ਖਚ-ਖਚ ਕਰਦੀਆਂ ਖੁਖਰੀਆਂ, ਗਲੇ 'ਚ ਝੂਲਦੀ ਗਰਨੇਡਜ਼ ਦੀ ਮਾਲਾ ਵਿਚੋਂ ਇਕ-ਇਕ ਗਰਨੇਡ ਉਤਾਰ ਕੇ ਸੁੱਟਦਾ ਮੈਂ ਕੈਪਟਨ ਸੂਰਤ ਸਿੰਘ। ਉਹਨਾਂ ਦਿਨਾਂ ਵਿਚ ਮੈਂ ਕੈਪਟਨ ਸੀ। ਕਿਸੇ ਵਿਦੇਸ਼ੀ ਪੱਤਰਕਾਰ ਨੇ ਮੇਰੀ ਫ਼ੋਟੋ ਦੇ ਨਾਲ ਕੈਪਸ਼ਨ ਦਿਤਾ ਸੀ "ਦਾ ਲਾਈਨ ਇਨ ਗਰਨੇਡਜ਼"। ਮੇਰੀ ਪਿਠ ਪਿਛੇ ਸੈਨਾ ਵਿਚ ਮੈਨੂੰ ਗ੍ਰਨੇਡ ਸਿੰਘ ਬੁਲਾਇਆ ਜਾਂਦਾ ਸੀ। ਦੁਸ਼ਮਣ ਸੈਨਿਕਾਂ ਦੀਆਂ ਅੱਖਾਂ ਵਿਚ ਮੌਤ ਵੇਖਣ ਦੇ ਪਲ, ਜਾਨਲੇਵਾ ਖੁਸ਼ੀ ਦੇ ਪਲ। ਇਹਨਾਂ ਮੌਤ ਦੇ ਪਲਾਂ ਦਾ ਅਨੰਦ ਮਾਣਿਆ ਹੈ ਤੁਸੀ ? ਸ਼ਾਇਦ ਕਦੀ ਨਹੀਂ।

ਸਾਡੇ ਲੋਕਾਂ ਦੀ ਜ਼ਿੰਦਗੀ 'ਚ ਅਜਿਹੇ ਪਲ ਜੰਗ ਦੇ ਮੈਦਾਨ ਵਿਚ ਆਉਂਦੇ ਨੇ ਤੇ ਕੋਰਟ-ਮਾਰਸ਼ਲ ਦੇ ਕਮਰੇ ਵਿਚ ਵੀ। ਤੇ ਸੂਰਤ ਸਿੰਘ ਦੇ ਖਿਲਾਫ ਅੱਜ ਤੱਕ ਕੋਈ ਵੀ ਚਕਰਵਿਊ ਨਹੀਂ ਬਣਾ ਸਕਿਆ। ਨਾ ਹੀ ਯੁੱਧ ਵਿਚ ਤੇ ਨਾ ਹੀ ਕੋਰਟ ਮਾਰਸ਼ਲ ਵਿਚ ਕਿਉਂ ਕਿ ਮੈਨੂੰ ਚਕਰਵਿਊ ਦੇ ਅੰਦਰ ਜਾਣ ਤੇ ਬਾਹਰ ਨਿਕਲਣ ਦੀ ਰਣਨੀਤੀ ਆਉਂਦੀ ਹੈ, ਮੈਂ ਚੀਤੇ ਵਾਂਗੂ ਬੇ-ਅਵਾਜ਼ ਚਲਦਾ ਹਾਂ ਤੇ ਸ਼ੇਰ ਵਾਂਗ ਗਰਜ ਕੇ ਛਲਾਂਗ ਲਗਾਉਂਦਾ ਹਾਂ, ਜਾਨਲੇਵਾ ਛਲਾਂਗ। ਪਰ ਇਕ ਵਾਰ, ਸਿਰਫ ਇਕ ਵਾਰ ਨਹੀਂ ਲਗਾ ਸਕਿਆ ਮੈਂ ਇਹ ਜਾਨਲੇਵਾ ਛਲਾਂਗ। ਸਿਰਫ ਇਕ ਵਾਰ। ਮੈਂ ਨਿਹੱਥਾ ਹੋ ਗਿਆ ਸੀ। ਜਦੋਂ ਕਿ ਸਾਹਮਣੇ ਨਾ ਕੋਈ ਦੁਸ਼ਮਣ ਸੀ ਨਾ ਕੋਈ ਜੰਗ। ਪਹਿਲੀ ਵਾਰੀ ਦਾਦੀ ਦੇ ਸੁਣਾਏ ਕਿੱਸੇ ਝੂਠੇ ਪੈ ਗਏ ਸਨ। ਨੰਗੀਆਂ ਤਲਵਾਰਾਂ ਡਿੱਗ ਪਈਆਂ ਸਨ, ਦੋਵਾਂ ਹੱਥਾਂ ਚੋਂ। ਤੇ ਪਹਿਲੀ ਵਾਰ ਇਕ ਦਿਲ ਕੰਬਾ ਦੇਣ ਵਾਲੇ ਸੱਚ ਦਾ ਪਤਾ ਲਗਾ ਸੀ ਕਿ ਜਦੋਂ ਅਸੀਂ ਕਿਸੇ ਦੀ ਜਾਨ ਲੈਂਦੇ ਹਾਂ ਤਾਂ ਸਾਡੇ ਪ੍ਰਾਣਾਂ ਦਾ ਇਕ ਹਿਸਾ ਮਰ ਜਾਂਦਾ ਹੈ ਮਰਨ ਵਾਲੇ ਦੇ ਨਾਲ ਸੱਚ ਕੀ ਕੇਵਲ ਏਨਾਂ ਈ ਹੁੰਦਾ ਹੈ, ਜਿੰਨਾ ਦਿਖਾਈ ਦੇਂਦਾ ਏ, ਸਮਝ ਆ ਜਾਵੇ ? ਨਹੀਂ। ਸੱਚ ਹੱਥਾਂ ਤੇ ਉਗਿਆ ਅੰਗਿਆਰਾ ਹੁੰਦਾ ਏ ਬਲਦਾ ਅੰਗਿਆਰਾ। ਤੁਸੀਂ ਕਦੇ ਇਸ ਬਲਦੇ ਅੰਗਿਆਰੇ ਨੂੰ ਪਕੜਿਆ ਏ ? ਨਹੀਂ ! ਸ਼ਾਇਦ ਨਹੀਂ ! ਪਰ ਮੈਂ ਕਰਨਲ ਸੂਰਤ ਸਿੰਘ ਨੇ ਇਕ ਵਾਰੀ ਪਕੜਿਆ ਸੀ ਇਸ ਅੰਗਿਆਰੇ ਨੂੰ, ਇਕ ਵਾਰ ! ਸਿਰਫ ਇਕ ਵਾਰ

[ਜਾਂਦਾ ਹੈ। ਘੱਟ ਰੋਸ਼ਨੀ ਵਿਚ ਦੋ ਸੈਨਿਕ ਪ੍ਰਵੇਸ਼ ਕਰਦੇ ਹਨ]

ਸੈਨਿਕ ਇਕ : (ਮੇਜ਼ ਤੇ ਫਾਈਲਾਂ ਰੱਖਦੇ ਹੋਏ) ਹੁਣ ਰਾਮ-ਚੰਦਰ ਨੂੰ ਦੁਨੀਆਂ ਦੀ ਕੋਈ ਵੀ ਤਾਕਤ ਨਹੀਂ ਬਚਾ ਸਕਦੀ ! ਕਰਨਲ ਸੂਰਤ ਸਿੰਘ ਕੋਰਟ ਮਾਰਸ਼ਲ ਦੇ ਪ੍ਰੀਜ਼ਾਈਡਿੰਗ ਅਫਸਰ ਹੋਣ ਤੇ ਕੋਈ ਬਚ ਜਾਵੇ ? ਨਾਮੁਮਕਿਨ।

ਸੈਨਿਕ ਦੋ : (ਪਲੇਟ-ਫਾਰਮ ਦੇ ਸਾਹਮਣੇ ਕੁਰਸੀ ਰੱਖਦੇ ਹੋਏ) ਕੀ ਕਰਨਲ ਸਾਹਬ ਬਹੁਤ ਸਖਤ ਅਫਸਰ ਨੇ ?

ਸੈਨਿਕ ਇਕ : ਤੂੰ ਹਾਲੇ ਨਵਾਂ-ਨਵਾਂ ਭਰਤੀ ਹੋਇਆ ਏਂ, ਇਸ ਲਈ ਇਹ ਸਵਾਲ ਪੁੱਛ ਰਿਹਾ ਏਂ। ਪੂਰੇ ਦਸ ਕੋਰਟ ਮਾਰਸ਼ਲ ਕਰ ਚੁਕੇ ਨੇ, ਦਸ। ਤੇ ਅੱਜ ਤਾਈਂ ਕੋਈ ਵੀ ਮੁਜਰਿਮ ਉਹਨਾਂ ਦੇ ਹੱਥੋਂ ਬਚ ਨਹੀਂ ਸਕਿਆ। ਸਮਝ ਲਉ ਵਿਚਾਰੇ ਰਾਮਚੰਦਰ ਦਾ ਰਾਮ ਨਾਮ ਸੱਤ।

[ਵਰਦੀ ਵਿਚ ਕੁਝ ਸੈਨਿਕ ਤੇ ਅਫਸਰਾਂ ਦਾ ਪ੍ਰਵੇਸ਼। ਚਾਰ ਜੱਜ ਵਿਚਕਾਰਲੀ ਕੁਰਸੀ ਨੂੰ ਛੱਡ ਕੇ ਬੈਠਦੇ ਨੇ। ਇਕ ਗਾਰਡ ਇਕ ਸੈਨਿਕ ਨੂੰ ਲੈ-ਕੇ ਆਉਂਦਾ ਹੈ। ਫਿਰ ਜਾ ਕੇ ਦਰਵਾਜ਼ੇ ਕੋਲ ਖੜਾ ਹੁੰਦਾ ਹੈ। ਪਲੇਟਫਾਰਮ ਦੇ ਕੋਲ, ਦੋ ਕੋਨਿਆਂ ਤੇ ਰਖੀਆਂ ਕੁਰਸੀਆਂ ਤੇ ਦੋ ਅਫਸਰ ਬੈਠਦੇ ਨੇ। ਇਕ ਸਰਕਾਰੀ ਵਕੀਲ ਹੈ ਤੇ ਦੂਸਰਾ ਬਚਾਅ ਵਾਲੇ ਪਾਸੇ ਦਾ। ਗਾਰਡ ਜ਼ੋਰ ਦੀ ਪੈਰ ਠੋਕ ਕੇ, ਉਚੀ ਆਵਾਜ਼ ਵਿਚ ਬੋਲਦਾ ਹੈ।]

ਗਾਰਡ 1 : (ਬੰਦੂਕ ਮੋਢੇ ਤੇ ਰੱਖਕੇ, ਕੜਕਦਾਰ ਅਵਾਜ਼ ਵਿਚ) ਸਾਵਧਾਨ।

[ਕਰਨਲ ਸੂਰਤ ਸਿੰਘ ਦਾ ਪ੍ਰਵੇਸ਼। ਗਾਰਡ ਉਸਨੂੰ ਸਲੂਟ ਮਾਰਦਾ ਹੈ, ਸਾਰੇ ਲੋਕੀਂ ਖੜੇ ਹੋ ਜਾਂਦੇ ਨੇ, ਇਕਠੇ ਪੈਰ ਠੋਕਕੇ ਸਲੂਟ ਕਰਦੇ ਨੇ। ਸੂਰਤ ਸਿੰਘ ਜਵਾਬੀ ਸਲੂਟ ਦੇਂਦਾ ਹੈ, ਫਿਰ ਭਾਵਹੀਨ ਚੇਹਰੇ ਨਾਲ ਸਭ ਨੂੰ ਵੇਖਦਾ ਹੈ ਤੇ ਆਪਣੀ ਕੁਰਸੀ ਵਲ ਵਧਦਾ ਹੈ। ਇਕ ਅਫਸਰ ਜਜ ਖਾਲੀ ਕੁਰਸੀ ਨੂੰ ਪਿੱਛੇ ਖਿਸਕਾਂਦਾ ਹੈ। ਸੂਰਤ ਸਿੰਘ ਬੈਠਦਾ ਹੈ, ਕਠੋਰ ਨਿਗਾਹ ਨਾਲ ਸਭ ਨੂੰ ਵੇਖਦਾ ਹੈ, ਸਾਹਮਣੇ ਰੱਖੀਆਂ ਫਾਈਲਾਂ ਚੁਕਦਾ ਹੈ, ਤੇ ਬਾਕੀ ਚਾਰੇ ਜੱਜਾਂ ਨੂੰ ਇਕ-ਇਕ ਫਾਈਲ ਪਕੜਾਉਂਦੇ ਹੋਏ ਕਹਿੰਦਾ ਹੈ]

ਸੂਰਤ ਸਿੰਘ : ਸਿਟ ਡਾਉਨ (ਸਭ ਬੈਠਦੇ ਨੇ। ਪਲੇਟਫਾਰਮ ਤੇ ਰਖੀ ਕੁਰਸੀ ਤੇ ਬੈਠੇ ਇਕ ਆਫੀਸਰ ਨੂੰ) ਮੇਜਰ ਅਜੈ ਪੁਰੀ! ਕੋਰਟ ਮਾਰਸ਼ਲ ਦੀ ਕਾਰਵਾਈ ਸ਼ੁਰੂ ਕੀਤੀ ਜਾਵੇ।

ਮੇਜਰ ਪੁਰੀ : (ਕੁਰਸੀ ਤੋਂ ਉਠਕੇ, ਦੂਸਰੀ ਕੁਰਸੀ ਤੇ ਬੈਠੇ ਸੈਨਿਕ ਵੱਲ ਇਸ਼ਾਰਾ ਕਰਦੇ ਹੋਏ) ਦਸ ਜੂਨ ਦੀ ਰਾਤ ਨੂੰ ਜਵਾਨ ਰਾਮਚੰਦਰ ਗਾਰਡ ਡਿਊਟੀ ਉਤੇ ਸੀ। ਰਾਤ ਨੂੰ ਨੌਂ ਵਜੇ ਰੈਜੀਮੈਂਟ ਦੇ ਦੋ ਅਫਸਰ ਕੈਪਟਨ ਮੋਹਨ ਵਰਮਾ ਤੇ ਕੈਪਟਨ ਕਪੂਰ ਮੋਟਰਸਾਈਕਲ ਤੇ ਗਾਰਦ ਚੌਕੀ ਦੇ ਕੋਲੋਂ ਲੰਘੇ। ਜਵਾਨ ਰਾਮਚੰਦਰ ਨੇ ਸਰਕਾਰੀ ਰਾਈਫਲ ਨਾਲ ਉਸ ਉਪਰ ਗੋਲੀ ਚਲਾਈ। ਕੈਪਟਨ ਮੋਹਨ ਵਰਮਾ ਦੀ ਮੌਕਾ-ਏ-ਵਾਰਦਾਤ ਤੇ ਹੀ ਮੌਤ ਹੋ ਗਈ। ਕੈਪਟਨ ਕਪੂਰ ਗੰਭੀਰ ਰੂਪ ਵਿਚ ਜ਼ਖਮੀ ਹੋ ਗਿਆ। ਕੈਪਟਨ ਕਪੂਰ ਬਚ ਗਿਆ, ਕਿਉਂਕਿ ਗੋਲੀ ਉਸਦੇ ਖੱਬੇ ਮੋਢੇ ਕੋਲ ਲੱਗੀ ਸੀ, ਜੇ ਉਸਨੂੰ ਇਕਦਮ ਮਿਲਟਰੀ ਹਸਪਤਾਲ ਨਾ ਪਹੁੰਚਾਇਆ



ਜਾਂਦਾ ਤੇ ਅਪਰੇਸ਼ਨ ਨਾ ਹੁੰਦਾ, ਤਾਂ ਉਸਦੀ ਮੌਤ ਵੀ ਹੋ ਜਾਂਦੀ, ਯਕੀਨਨ ਮੌਤ। ਡਾਕਟਰਾਂ ਦੀ ਰਿਪੋਰਟ ਦੇ ਮੁਤਾਬਿਕ ਗੋਲੀ ਅਗਰ ਦੋ ਇੰਚ ਹੇਠਾਂ, ਹਾਰਟ ਉਪਰ ਲਗਦੀ ਤਾਂ ਕੈਪਟਨ ਕਪੂਰ ਦੇ ਬਚਣ ਦਾ ਸਵਾਲ ਹੀ ਨਹੀਂ ਸੀ ਉਠਦਾ। ਇਹਦਾ ਮਤਲਬ ਇਹ ਹੈ ਕਿ ਜਵਾਨ ਰਾਮਚੰਦਰ ਇਹਨਾਂ ਦੋਹਾਂ ਅਫਸਰਾਂ ਨੂੰ ਕਤਲ ਕਰਨ ਦਾ ਪੱਕਾ ਇਰਾਦਾ ਕਰ ਚੁਕਾ ਸੀ। ਇੰਡੀਅਨ ਆਰਮੀ ਐਕਟ 69 ਅਤੇ ਇੰਡੀਅਨ ਪੀਨਲ ਕੋਡ ਦੀ ਦਫਾ 302 ਦੇ ਤਹਿਤ ਜਵਾਨ ਰਾਮਚੰਦਰ ਦਾ ਜਨਰਲ ਕੋਰਟ ਮਾਰਸ਼ਲ ਕੀਤਾ ਜਾ ਰਿਹਾ ਹੈ। ਜਾਣ ਬੁਝ ਕੇ ਹੋਸ਼ੋਹਵਾਸ ਵਿਚ, ਕਤਲ ਕਰਨ ਤੇ ਕੋਰਟ ਮਾਰਸ਼ਲ।

[ਕਰਨਲ ਸੂਰਤ ਸਿੰਘ ਕੋਲ ਬੈਠੇ ਇਕ ਜੱਜ ਨਾਲ ਕੁਝ ਸਲਾਹ ਕਰਦਾ ਹੈ। ਜਜ ਹਾਂ ਵਿਚ ਸਿਰ ਹਿਲਾਉਂਦਾ ਹੈ। ਕਰਨਲ ਅਜੈ ਪੁਰੀ ਨੂੰ ਕਹਿੰਦਾ ਹੈ]

ਸੂਰਤ ਸਿੰਘ : ਮੇਜਰ ਪੁਰੀ! ਪਹਿਲਾ ਗਵਾਹ ਪੇਸ਼ ਕੀਤਾ ਜਾਵੇ।

[ਉਸੇ ਵੇਲੇ, ਪਲੇਟਫਾਰਮ ਦੇ ਦੂਜੇ ਸਿਰੇ ਦੀ ਕੁਰਸੀ ਤੇ ਬੈਠਾ ਅਫਸਰ ਉਠਕੇ ਕਰਨਲ ਦੇ ਸਾਹਮਣੇ ਖੜਾ ਹੁੰਦਾ ਹੈ। ਕਰਨਲ ਉਸਨੂੰ ਕਠੋਰ ਨਿਗਾਹਾਂ ਨਾਲ ਵੇਖਦਾ ਹੈ]

ਕੈਪਟਨ ਰਾਏ : ਸਰ! ਇਸਤੋਂ ਪਹਿਲਾਂ ਕਿ ਮੇਜਰ ਪੁਰੀ ਗਵਾਹੀ ਪੇਸ਼ ਕਰੇ ਮੈਂ ਕੁਝ ਕਹਿਣਾ ਚਾਹੁੰਦਾ ਹਾਂ

ਸੂਰਤ ਸਿੰਘ : (ਵਿਅੰਗ ਨਾਲ) ਹਾਲੇ ਕੋਰਟ ਮਾਰਸ਼ਲ ਸ਼ੁਰੂ ਵੀ ਨਹੀਂ ਹੋਇਆ ਤੇ ਕੈਪਟਨ ਰਾਏ ਦੇ ਇਤਰਾਜ਼ ਸ਼ੁਰੂ! ਬੋਲੋ।

ਕੈਪਟਨ ਰਾਏ : ਮੇਜਰ ਪੁਰੀ ਨੇ ਦੋ ਵਾਰ ਜਵਾਨ ਰਾਮਚੰਦਰ ਬੋਲਿਆ।

ਸੂਰਤ ਸਿੰਘ : ਤਾਂ? ਕੀ ਬੋਲੇ ਫਿਰ?

ਕੈਪਟਨ ਰਾਏ : ਮੇਜਰ ਪੁਰੀ ਨੂੰ ਜਵਾਨ ਰਾਮਚੰਦਰ ਨਹੀਂ ਸਵਾਰ ਰਾਮਚੰਦਰ ਬੋਲਣਾ ਚਾਹੀਦਾ ਹੈ।

ਸੂਰਤ ਸਿੰਘ : ਕੀ ਮਤਲਬ? ਵੱਟ ਦਾ ਹੈਲ ਡੂ ਯੂ ਮੀਨ? ਰਾਮਚੰਦਰ ਸੈਨਾ ਵਿਚ ਜਵਾਨ ਹੈ ਕਿ ਨਹੀਂ? ਕੀ ਫਰਕ ਪੈਂਦਾ ਹੈ ਜਵਾਨ ਬੋਲਣ ਨਾਲ ਜਾਂ ਸਵਾਰ ਬੋਲਣ ਨਾਲ?

ਕੈਪਟਨ ਰਾਏ : ਸਰ! ਫਰਕ ਪੈਂਦਾ ਹੈ ਤੇ ਨਹੀਂ ਵੀ ਪੈਂਦਾ। ਤੁਸੀਂ ਇਨਫੈਂਟਰੀ ਦੇ ਕਰਨਲ ਹੋ! ਹੁਣ ਮੈਂ ਤੁਹਾਨੂੰ ਮੈਡੀਕਲ ਦਾ ਕਰਨਲ ਤਾਂ ਨਹੀਂ ਬੁਲਾ ਸਕਦਾ ਨਾ? ਰਾਮਚੰਦਰ ਬਖਤਰਬੰਦ ਰੈਜੀਮੈਂਟ ਦਾ ਹੈ। ਤੇ ਬਖਤਰਬੰਦ ਦਸਤੇ ਵਾਲਿਆਂ ਨੂੰ ਸਵਾਰ ਕਿਹਾ ਜਾਂਦਾ ਹੈ, ਜਵਾਨ ਨਹੀਂ।

ਸ, ਜਜ : (ਸੂਰਤ ਸਿੰਘ ਨੂੰ) yes, he is right! ਸਰਕਾਰੀ ਵਕੀਲ ਮੇਜਰ

ਪੁਰੀ ਨੂੰ ਸਵਾਰ ਰਾਮਚੰਦਰ ਹੀ ਕਹਿਣਾ ਚਾਹੀਦਾ (ਕੈਪਟਨ ਰਾਏ ਨੂੰ) ਸ਼ਾਇਦ ਡਿਫੈਂਸ ਕੌਂਸਿਲ ਕਿਸੇ ਟੈਕਨੀਕਲ ਗਲਤੀ ਦੀ ਮਦਦ ਨਾਲ ਕੋਰਟਮਾਰਸ਼ਲ ਦਾ ਫੈਸਲਾ ਰੱਦ ਕਰਵਾਉਣ ਦੀ ਕੋਸ਼ਿਸ਼ ਵਿਚ ਹੈ !

ਕੈਪਟਨ ਰਾਏ : ਸੈਨਾ ਦੇ ਕਨੂੰਨ ਵਿਭਾਗ ਨੇ ਤੁਹਾਡੇ ਵਰਗੇ ਸੀਨੀਅਰ ਅਫਸਰ ਨੂੰ ਜੱਜ, ਐਡਵੋਕੇਟ, ਸਲਾਹਕਾਰ ਜੱਜ ਬਣਾਕੇ ਭੇਜਿਆ ਏ । ਤੁਹਾਡੇ ਹੁੰਦੇ ਹੋਏ ਕੋਈ ਟੈਕਨੀਕਲ ਗਲਤੀ ਕਿਵੇਂ ਹੋ ਸਕਦੀ ਹੈ ! ਜ਼ਿੰਦਗੀ ਦੇ ਫੈਸਲੇ ਟੈਕਨੀਕਲ ਆਧਾਰ ਉਪਰ ਨਹੀਂ, ਜੋ ਸੱਚ ਹੈ ਉਸ ਉਪਰ ਕੀਤੇ ਜਾਂਦੇ ਨੇ । ਤੇ ਸੱਚ ਹਮੇਸ਼ਾਂ ਆਪਣੇ ਆਪ ਬੋਲਦਾ ਹੈ, ਝੂਠ ਦੀਆਂ ਗਲੀਆਂ ਵਿਚ ਕਦੀ ਨਹੀਂ ਭਟਕਦਾ ।

ਸੂਰਤ ਸਿੰਘ : ਕੈਪਟਨ ਰਾਏ, ਉਨੀਂ ਹੀ ਗਲ ਕਰੋ ਜਿਸਦਾ ਇਸ ਕੋਰਟ ਮਾਰਸ਼ਲ ਨਾਲ ਮਤਲਬ ਹੈ, ਜੋ ਜਵਾਨ ਰਾਮਚੰਦਰ ਮੇਰਾ ਮਤਲਬ ਸਵਾਰ ਰਾਮਚੰਦਰ ਤੇ ਚਲ ਰਿਹਾ ਏ (ਕੋਰਟ 'ਚ ਬੈਠੇ ਸਭ ਲੋਕਾਂ ਨੂੰ ਸਖਤ ਆਵਾਜ਼ ਵਿਚ) ਕੈਪਟਨ ਰਾਏ ਤੇ ਬਾਕੀ ਲੋਕ ਵੀ ਕੰਨ ਖੋਲਕੇ ਸੁਣ ਲਓ, ਇਹ ਕੋਰਟਮਾਰਸ਼ਲ ਹੈ ਕੋਈ ਫਿਲਮ ਨਹੀਂ, ਫਜ਼ੂਲ ਦੇ ਇਤਰਾਜ਼ ਤੇ ਦਾਅਪੇਚਾਂ ਨਾਲ ਕੋਰਟ ਦਾ ਵਕਤ ਜ਼ਾਇਆ ਕਰਨ ਦੀ ਕਿਸੇ ਨੂੰ ਇਜਾਜ਼ਤ ਨਹੀਂ । ਇਜ਼ ਦੈਟ ਕਲੀਅਰ ਐਵਰੀਬਾਡੀ ? ਇਸ ਕੋਰਟ ਮਾਰਸ਼ਲ ਦਾ ਪ੍ਰੀਜ਼ਾਈਡਿੰਗ ਅਫਸਰ ਸੂਰਤ ਸਿੰਘ ਹੈ ਕਰਨਲ ਸੂਰਤ ਸਿੰਘ । ਡੋਂਟ ਯੂ ਐਵਰ ਫਾਰਗੈਟ ਦਿਸ ਫੈਕਟ ।

ਕੈਪਟਨ ਰਾਏ : ਸਰ ! ਜੱਜ ਐਡਵੋਕੇਟ ਵੀ ਮੇਰਾ ਇਤਰਾਜ਼ ਸਹੀ ਮੰਨ ਚੁਕੇ ਨੇ ਕਿ ਰਾਮਚੰਦਰ ਨੂੰ ਸਵਾਰ ਰਾਮਚੰਦਰ ਕਹਿਣਾ ਚਾਹੀਦਾ ਏ ਮੈਨੂੰ ਅਫਸੋਸ ਹੈ ਕਿ ਸਹੀ ਇਤਰਾਜ਼ ਨੂੰ ਵੀ ਤੁਸੀਂ ਵਕਤ ਜ਼ਾਇਆ ਕਰਨਾ ਸਮਝਦੇ ਹੋ । ਜੇ ਅਜਿਹਾ ਹੈ ਤਾਂ ਬੇਹਤਰ ਹੋਵੇਗਾ ਕਿ ਤੁਸੀਂ ਕਿਸੇ ਦੂਸਰੇ ਅਫਸਰ ਨੂੰ ਡਿਫੈਂਸ ਦੀ ਜ਼ਿੰਮੇਵਾਰੀ ਦੇ ਦਿਉ । ਮੈਂ ਵਾਪਸ ਦਿਲੀ ਚਲਾ ਜਾਵਾਂਗਾ ।

[ਇਕ ਚੁਪੀ ! ਸੂਰਤ ਸਿੰਘ ਕੁਝ ਪਲ ਕੈਪਟਨ ਰਾਏ ਨੂੰ ਘੂਰਦਾ ਹੈ । ਫਿਰ ਕਹਿੰਦਾ ਹੈ ।]

ਸੂਰਤ ਸਿੰਘ : **Dont threaten me** (ਡੋਂਟ ਥਰੈਟਨ ਮੀ) ਸਭ ਜਾਣਦੇ ਨੇ ਕਿ ਕਤਲ ਰਾਮਚੰਦਰ ਨੇ ਕੀਤਾ ਹੈ, ਉਸਨੇ ਇਸ ਜੁਰਮ ਦਾ ਇਕਬਾਲ ਵੀ ਕਰ ਲਿਆ ਹੈ । ਸਾਰੇ ਅਖਬਾਰਾਂ ਵਿਚ ਇਹ ਖਬਰ ਛਪ ਚੁਕੀ ਹੈ । ਸਭ ਜਾਣਦੇ ਨੇ, ਮੈਂ ਜਾਣਦਾ ਵਾਂ, ਤੂੰ ਵੀ ਜਾਣਦਾ ਏਂ, ਸਾਰੀ ਦੁਨੀਆਂ



ਜਾਣਦੀ ਏ ਕਿ ਮਰਡਰ ਕਿਸਨੇ ਕੀਤਾ ਹੈ । ਤੇ ਇਹ ਟਰਾਇਲ ਮੁਜਰਿਮ ਰਾਮਚੰਦਰ ਦਾ ਹੈ ਭਾਵੇਂ ਉਸਨੂੰ ਜਵਾਨ ਕਿਹਾ ਜਾਵੇ ਭਾਵੇਂ ਸਵਾਰ !... ..

ਕੈਪਟਨ ਰਾਏ : ਸਰ ! ਤੁਸੀਂ ਮੁਕਦਮੇ ਦੀ ਸੁਣਵਾਈ ਤੋਂ ਪਹਿਲਾਂ ਹੀ ਫੈਸਲਾ ਲੈ ਲਿਆ ਹੈ ਕਿ ਖੂਨੀ ਕੌਣ ਹੈ । ਫਿਰ ਇਹ ਕੋਰਟ ਮਾਰਸ਼ਲ ਕਿਉਂ ? ਇਸ ਦਿਖਾਵੇ . ਇਸ ਫਾਰਸ ਦੀ ਕੀ ਜ਼ਰੂਰਤ ? ਜੇ ਤੁਸੀਂ ਚਾਹੋ ਤਾਂ ਮੈਂ ਹੁਣੇ ਲਿਖਕੇ ਦੇ ਸਕਦਾ ਹਾਂ ਤੇ ਆਪਣੇ-ਆਪ ਨੂੰ ਵਿਡਰਾ ਕਰ ਸਕਦਾ ਹਾਂ ਕਿਉਂਕਿ ਕੋਰਟ ਤਾਂ ਪਹਿਲਾਂ ਹੀ ਫੈਸਲਾ ਕਰ ਚੁਕੀ ਹੈ । ਵੈਸੇ ਇਹ ਜ਼ਰੂਰੀ ਨਹੀਂ ਕਿ ਸੱਚ ਸਿਰਫ ਉਨਾਂ ਹੀ ਹੋਵੇ ਜਿਨਾਂ ਉਹ ਦਿਖਾਈ ਦੇਂਦਾ ਹੈ । ਯਾਂ ਅਖਬਾਰਾਂ ਵਿਚ ਛਪਦਾ ਹੋਵੇ .....

ਸੂਰਤ ਸਿੰਘ : (ਵਿਚੋਂ ਟੋਕਕੇ) ਉਹ ਆਪਣੇ ਜੁਰਮ ਦਾ ਇਕਬਾਲ ਕਰ ਚੁਕਾ ਹੈ, ਕੈਪਟਨ ਰਾਏ ! ਐਂਡ ਦੈਟਸ ਇਨਅਫ ਫਾਰ ਮੀ (**And thats enough for me Now Sit Down and let the trial begin**) (ਮੇਜਰ ਪੁਰੀ ਨੂੰ) ਤੁਸੀਂ ਪਹਿਲਾ ਗਵਾਹ ਪੇਸ਼ ਕਰੋ ।

ਮੇਜਰ ਪੁਰੀ : (ਕਾਗਜ਼ ਤੋਂ ਕੁਝ ਪੜ੍ਹਕੇ) ਇਸ ਮੁਕਦਮੇ ਦੇ ਪਹਿਲੇ ਗਵਾਹ, ਰੈਜੀਮੈਂਟ ਦੇ ਸੂਬੇਦਾਰ ਬਲਵਾਨ ਸਿੰਘ ਨੇ ।

[ਇਕ ਅਧੇੜ ਉਮਰ ਅਤੇ ਮਜ਼ਬੂਤ ਸਰੀਰ ਦਾ ਆਦਮੀ ਉੱਠਕੇ ਗਵਾਹ ਵਾਲੀ ਥਾਂ ਤੇ ਆਉਂਦਾ ਹੈ । ਛਾਤੀ ਤੇ ਬਹੁਤ ਸਾਰੇ ਪਦਕ ਹਨ ।]

ਮੇਜਰ ਪੁਰੀ : ਸੂਬੇਦਾਰ ਬਲਵਾਨ ਸਿੰਘ ! ਤੁਸੀਂ ਦਸ ਜੂਨ ਦੀ ਰਾਤ ਨੌਂ ਵਜੇ ਕਿਥੇ ਸੀ ?

ਬਲਵਾਨ ਸਿੰਘ : ਸਰ, ਉਸ ਵੇਲੇ ਮੈਂ ਰੈਜੀਮੈਂਟ ਦੇ ਗਾਰਡ ਹਾਊਸ ਕੋਲ ਸੀ ।

ਮੇਜਰ ਪੁਰੀ : ਤੁਸੀਂ ਉਥੇ ਰਾਤ ਨੂੰ ਕੀ ਕਰ ਰਹੇ ਸੀ ? ਕੀ ਤੁਸੀਂ ਨਾਈਟ ਡਿਊਟੀ ਉਤੇ ਸੀ ?

ਬਲਵਾਨ ਸਿੰਘ : ਜੀ ਨਹੀਂ, ਸਰ ! ਮੈਂ ਡਿਊਟੀ ਉਤੇ ਨਹੀਂ ਸੀ, ਉਸ ਰਾਤ ਲਾਈਟ ਚਲੀ ਗਈ ਸੀ, ਮੇਰਾ ਕਵਾਟਰ ਗਾਰਡ ਹਾਊਸ ਦੇ ਬਹੁਤ ਨਜ਼ਦੀਕ ਹੈ, ਗਰਮੀ ਬਹੁਤ ਸੀ ! ਇਸ ਲਈ ਮੈਂ ਤੇ ਹਵਾਲਦਾਰ ਰਾਜ ਸਿੰਘ ਬਾਹਰ ਮੈਦਾਨ ਵਿਚ ਟਹਿਲ ਰਹੇ ਸੀ ।

ਮੇਜਰ ਪੁਰੀ : ਉਸ ਰਾਤ ਗਾਰਡ ਡਿਊਟੀ ਤੇ ਕੌਣ ਸੀ ?

ਬਲਵਾਨ ਸਿੰਘ : ਸਵਾਰ ਰਾਮਚੰਦਰ ।

ਮੇਜਰ ਪੁਰੀ : ਦਸ ਜੂਨ ਦੀ ਰਾਤ ਨੌਂ ਵਜੇ ਤੁਸੀਂ ਕੀ ਵੇਖਿਆ ?

ਬਲਵਾਨ ਸਿੰਘ : ਗਾਰਡ ਹਾਊਸ ਦੇ ਕੋਲੋਂ ਇਕ ਮੋਟਰ ਸਾਈਕਲ ਲੰਘ ਰਿਹਾ ਸੀ ।

ਮੇਜਰ ਪੁਰੀ : ਉਸਤੇ ਕਿੰਨੇ ਆਦਮੀ ਬੈਠੇ ਸੀ ?

ਬਲਵਾਨ ਸਿੰਘ : ਦੋ

ਮੇਜਰ ਪੁਰੀ : ਕੀ ਉਹਨਾਂ ਨੇ ਹੈਲਮੇਟ ਪਾਏ ਹੋਏ ਸੀ ?

ਬਲਵਾਨ ਸਿੰਘ : ਜੀ ਨਹੀਂ ।

ਮੇਜਰ ਪੁਰੀ : ਫਿਰ ਤਾਂ ਤੁਸੀਂ ਦੋਹਾਂ ਨੂੰ ਪਛਾਣ ਲਿਆ ਹੋਵੇਗਾ ?

ਬਲਵਾਨ ਸਿੰਘ : ਜੀ ਹਾਂ ਕੈਪਟਨ ਵਰਮਾ, ਮੋਟਰ ਸਾਈਕਲ ਚਲਾ ਰਹੇ ਸੀ, ਤੇ ਕੈਪਟਨ ਕਪੂਰ ਉਹਨਾਂ ਦੇ ਪਿੱਛੇ ਬੈਠੇ ਸੀ ।

ਮੇਜਰ ਪੁਰੀ : ਜੇ ਤੁਸੀਂ, ਏਨੀਂ ਦੂਰ ਲਗਭਗ ਸੌ ਗਜ਼ ਦੀ ਦੂਰੀ ਤੇ ਚਲਦੀ ਮੋਟਰ ਸਾਈਕਲ ਤੇ ਬੈਠੇ ਆਪਣੀ ਰੈਜਿਮੈਂਟ ਦੇ ਦੋ ਅਫਸਰਾਂ ਨੂੰ ਪਛਾਣ ਲਿਆ ਤਾਂ ਗਾਰਡ ਡਿਊਟੀ ਤੇ ਤੈਨਾਤ ਰਾਮਚੰਦਰ ਨੇ ਵੀ ਪਛਾਣ ਲਿਆ ਹੋਵੇਗਾ ?

ਬਲਵਾਨ ਸਿੰਘ : ਜੀ ਸਰ !

ਮੇਜਰ ਪੁਰੀ : ਠੀਕ ! ਫੇਰ ਤੁਸੀਂ ਕੀ ਵੇਖਿਆ ?

ਬਲਵਾਨ ਸਿੰਘ : ਜਦੋਂ ਮੋਟਰ ਸਾਈਕਲ ਗਾਰਡ ਹਾਊਸ ਕੋਲ ਪਹੁੰਚੀ ਤਾਂ ਰਾਮਚੰਦਰ ਨੇ ਗੋਲੀ ਚਲਾ ਦਿਤੀ । ਪਹਿਲੀ ਗੋਲੀ ਕੈਪਟਨ ਵਰਮਾ ਨੂੰ ਲੱਗੀ । ਮੋਟਰ ਸਾਈਕਲ ਸੜਕ ਤੋਂ ਹੇਠਾਂ ਉਤਰ ਗਿਆ । ਗਾਰਡ ਹਾਊਸ ਤੋਂ ਥੋੜੇ ਜਿਹੇ ਫਾਸਲੇ ਤੇ ਇਕ ਵੱਡਾ ਦਰਖਤ ਹੈ । ਗੱਡੀ ਦਾ ਅਗਲਾ ਪਹੀਆ ਉਸੇ ਦਰਖਤ ਨਾਲ ਟਕਰਾਇਆ, ਤੇ ਜਦੋਂ ਗੱਡੀ ਜ਼ਮੀਨ ਤੇ ਡਿਗ ਪਈ, ਤਾਂ ਰਾਮਚੰਦਰ ਨੇ ਦੂਜਰੀ ਗੋਲੀ ਚਲਾ ਦਿਤੀ...

ਮੇਜਰ ਪੁਰੀ : ਫੇਰ ? ਫੇਰ ਕੀ ਹੋਇਆ ?

ਬਲਵਾਨ ਸਿੰਘ : ਦੂਜੀ ਗੋਲੀ ਕੈਪਟਨ ਕਪੂਰ ਦੇ ਮੱਥੇ ਦੇ ਹੇਠਲੇ ਹਿਸੇ ਤੇ ਲੱਗੀ, ਮੋਟਰ ਸਾਈਕਲ ਡਿਗ ਪਈ । ਰਾਮਚੰਦਰ ਉਸ ਪਾਸੇ ਵੱਲ ਦੌੜ ਪਿਆ ਉਥੇ ਪਹੁੰਚ ਕੇ ਉਸ ਫੇਰ ਰਾਈਫਲ ਤਾਣ ਲਈ, ਗੋਲੀ ਚਲਾਉਣ ਲਈ । ਉਦੋਂ ਤੱਕ ਮੈਂ ਤੇ ਹਵਾਲਦਾਰ ਰਾਜ ਸਿੰਘ ਦੌੜਕੇ ਉਥੇ ਪਹੁੰਚ ਚੁਕੇ ਸੀ ਅਸੀ ਝਪਟਕੇ ਰਾਮਚੰਦਰ ਨੂੰ ਪਿਛੋਂ ਪਕੜ ਲਿਆ ।

ਮੇਜਰ ਪੁਰੀ : ਜਦੋਂ ਤੁਸੀਂ ਰਾਮਚੰਦਰ ਨੂੰ ਪਕੜਿਆ ਤਾਂ ਰਾਮਚੰਦਰ ਨੇ ਰਾਈਫਲ ਕਿਸ ਵੱਲ ਤਾਣੀ ਸੀ ?

ਬਲਵਾਨ ਸਿੰਘ : ਜ਼ਖਮੀ ਹੋ ਚੁਕੇ, ਕੈਪਟਨ ਕਪੂਰ ਦੇ ਵੱਲ ।

ਮੇਜਰ ਪੁਰੀ : ਇਸਦਾ ਮਤਲਬ ਹੈ ਕਿ ਜੇਕਰ ਤੁਸੀਂ ਲੋਕਾਂ ਨੇ ਝਪਟ ਕੇ ਸਵਾਰ ਰਾਮਚੰਦਰ ਨੂੰ ਫੜਿਆ ਨਾ ਹੁੰਦਾ ਉਹ ਜ਼ਖਮੀ ਹੋ ਚੁਕੇ ਕੈਪਟਨ ਕਪੂਰ ਦਾ ਵੀ ਮਰਡਰ ਕਰ ਦੇਂਦਾ ?

ਬਲਵਾਨ ਸਿੰਘ : ਜੀ ਸਰ !



ਮੇਜਰ ਪੁਰੀ : ਉਸਤੋਂ ਬਾਅਦ ਕੀ ਹੋਇਆ ?

ਬਲਵਾਨ ਸਿੰਘ : ਗੋਲੀ ਦੀ ਆਵਾਜ਼ ਸੁਣਕੇ ਬਹੁਤ ਸਾਰੇ ਜਵਾਨ ਬੈਰਕਾਂ ਚੋਂ ਬਾਹਰ ਆ ਗਏ, ਤੇ ਮੌਕਾ-ਏ-ਵਾਰਦਾਤ ਤੇ ਪਹੁੰਚ ਗਏ । ਸਭ ਦੇ ਸਾਹਮਣੇ ਰਾਮਚੰਦਰ ਚੀਖ-ਚੀਖ ਕੇ ਕਹਿ ਰਿਹਾ ਸੀ—"ਮੈਂ ਚਲਾਈ ਹੈ ਗੋਲੀ, ਛੱਡ ਦਿਉ ਮੈਨੂੰ ! ਛੱਡ ਦਿਉ ! ਮੈਂ ਇਸ ਕੈਪਟਨ ਨੂੰ ਵੀ ਮਾਰ ਦਿਆਂਗਾ, ਜਿਊਂਦਾ ਨਹੀਂ ਛੱਡਾਂਗਾ । ਪਰ ਉਦੋਂ ਤਕ ਅਸੀਂ ਉਸਦੇ ਹੱਥ ਵਿਚੋਂ ਰਾਈਫਲ ਖੋਹ ਚੁਕੇ ਸੀ । ਬੜੀ ਮੁਸ਼ਕਿਲ ਨਾਲ ਚਾਰ-ਪੰਜ ਜਵਾਨ ਰਾਮਚੰਦਰ ਨੂੰ ਕਾਬੂ ਵਿਚ ਕਰ ਸਕੇ । ਰੱਬ ਜਾਣੇ ਏਨੀ ਤਾਕਤ ਕਿਵੇਂ ਆ ਗਈ ਸੀ, ਉਸ ਰਾਤ ਰਾਮਚੰਦਰ ਵਿਚ ।

ਮੇਜਰ ਪੁਰੀ : (ਕਰਨਲ ਦੇ ਸਾਹਮਣੇ ਖੜੇ ਹੋ-ਕੇ) ਮੈਂ ਹੁਣ ਹੋਰ ਕੁਝ ਨਹੀਂ ਪੁਛਣਾ ਸਰ !

[ਜਾਕੇ ਆਪਣੀ ਜਗਹ ਤੇ ਬੈਠ ਜਾਂਦਾ ਹੈ]

ਸ. ਜੱਜ : ਕੈਪਟਨ ਰਾਏ ! ਤੁਸੀਂ ਗਵਾਹ ਤੋਂ ਸਵਾਲ ਪੁਛ ਸਕਦੇ ਹੋ ।

[ਵਿਕਾਸ ਰਾਏ, ਹੌਲੀ-ਹੌਲੀ ਉਠਕੇ ਕੈਪਟਨ ਕਪੂਰ ਦੇ ਨਜ਼ਦੀਕ ਖੜਾ ਹੁੰਦਾ ਹੈ, ਉਸਨੂੰ ਦੋ-ਚਾਰ ਪਲ ਅਜੀਬ ਨਜ਼ਰਾਂ ਨਾਲ ਵੇਖਦਾ ਹੈ, ਫਿਰ ਵਧਕੇ ਬਲਵਾਨ ਸਿੰਘ ਕੋਲ ਪਹੁੰਚਦਾ ਹੈ]

ਕੈਪਟਨ ਰਾਏ : ਸੂਬੇਦਾਰ ਸਾਹਿਬ, ਤੁਸੀਂ ਰਾਮਚੰਦਰ ਨੂੰ ਕਦੋਂ ਤੋਂ ਜਾਣਦੇ ਹੋ ?

ਬਲਵਾਨ ਸਿੰਘ : ਸਰ, ਪਿਛਲੇ ਤਿੰਨ ਸਾਲਾਂ ਤੋਂ ! ਟਰੇਨਿੰਗ ਸੈਂਟਰ ਤੋਂ ਹੀ ਰਾਮਚੰਦਰ ਦੀ ਪੋਸਟਿੰਗ ਸਾਡੀ ਰੈਜੀਮੈਂਟ ਵਿਚ ਹੋਈ ਸੀ ।

ਕੈਪਟਨ ਰਾਏ : ਇਹਨਾਂ ਤਿੰਨ ਸਾਲਾਂ ਵਿਚ ਰਾਮਚੰਦਰ ਦਾ ਕਿਸੇ ਨਾਲ ਕੋਈ ਝਗੜਾ ਹੋਇਆ ? ਲੜਾਈ ਹੋਈ ? ਕਿਸੇ ਨੇ ਉਸਦੇ ਖਿਲਾਫ, ਕੋਈ ਸ਼ਿਕਾਇਤ ਜਾਂ ਰਿਪੋਰਟ ਕੀਤੀ ਹੈ ?

ਬਲਵਾਨ ਸਿੰਘ : ਜੀ ਨਹੀਂ, ਸਰ ! ਝਗੜਾ ਜਾਂ ਲੜਾਈ ਤੇ ਦੂਰ, ਰਾਮਚੰਦਰ ਦੀ ਤਾਂ ਕਿਸੇ ਨਾਲ ਬਹਿਸ ਜਾਂ ਅਣ-ਬਣ ਵੀ ਨਹੀਂ ਹੋਈ । ਇਕਦਮ ਗਊ ਆਦਮੀ ਹੈ ਉਹ !

ਕੈਪਟਨ ਰਾਏ : ਕੋਈ ਵੀ ਡਿਊਟੀ, ਤੁਸੀਂ ਜਾਂ ਕਿਸੇ ਹੋਰ ਅਫਸਰ ਨੇ ਦਿਤੀ ਹੋਵੇ, ਉਸਨੂੰ ਕਰਨ ਵਿਚ ਰਾਮਚੰਦਰ ਨੇ ਕੋਈ ਆਨਾਕਾਨੀ ਜਾਂ ਲਾਪਰਵਾਹੀ ਕੀਤੀ ਹੋਵੇ ?

ਬਲਵਾਨ ਸਿੰਘ : ਨਹੀਂ ਸਰ—ਬਿਲਕੁਲ ਨਹੀਂ । ਕਦੀ ਨਹੀਂ । ਰਾਮਚੰਦਰ ਨੇ ਹਮੇਸ਼ਾਂ ਮੁਸਤੈਦੀ ਜਾਂ ਇਮਾਨਦਾਰੀ ਨਾਲ ਆਪਣੀ ਹਰ ਡਿਊਟੀ ਪੂਰੀ ਕੀਤੀ ਹੈ । ਉਸਦੇ ਖਿਲਾਫ ਕਦੀ ਵੀ ਕੋਈ ਸ਼ਿਕਾਇਤ ਨਹੀਂ ਆਈ ।

ਕੈਪਟਨ ਰਾਏ : ਕੈਪਟਨ ਮੋਹਨ ਵਰਮਾ, ਜੋ ਮਰ ਚੁਕੇ ਨੇ, ਜਾਂ ਕੈਪਟਨ ਕਪੂਰ ਨੇ

ਉਸਦੀ ਕਦੀ ਕੋਈ ਸ਼ਿਕਾਇਤ ਕੀਤੀ ਸੀ, ਜਾਂ ਐਕਸ਼ਨ ਲਿਆ ਸੀ ਉਸਦੇ ਖਿਲਾਫ ? ਕਦੀ ਕੋਈ ਸਜ਼ਾ ਦਿਤੀ ਹੋਵੇ ?

ਬਲਵਾਨ ਸਿੰਘ : ਨਹੀਂ ਸਰ !

[ਵਿਕਾਸ ਰਾਏ ਜਾਣ ਬੁਝ ਕੇ ਸੂਰਤ ਸਿੰਘ ਤੇ ਬਾਕੀ ਜੱਜਾਂ ਵਲ ਵੇਖਦਾ ਹੈ। ਫਿਰ ਕੋਰਟ ਵਿਚ ਬੈਠੇ ਬਾਕੀ ਲੋਕਾਂ ਵਲ ਵੇਖਦਾ ਹੈ ]

ਕੈਪਟਨ ਰਾਏ : (ਹਰੇਕ ਸ਼ਬਦ ਤੇ ਜ਼ੋਰ ਦੇ ਕੇ) ਫਿਰ ਰਾਮ ਚੰਦਰ ਤੇ ਕੈਪਟਨ ਮੋਹਨ ਵਰਮਾ ਦੀ ਹਤਿਆ ਕਿਉਂ ਕੀਤੀ। ਕੈਪਟਨ ਕਪੂਰ ਤੇ ਜਾਨਲੇਵਾ ਹਮਲਾ ਕਿਉਂ ਕੀਤਾ ?

ਬਲਵਾਨ ਸਿੰਘ : (ਹੈਰਾਨ ਹੋ ਕੇ) ਮੈਨੂੰ ਕੀ ਪਤਾ ਸਰ ? ਮੈਂ ਜੋ ਵੇਖਿਆ ਉਹ ਦੱਸ ਦਿਤਾ।

ਵਿਕਾਸ ਰਾਏ : ਸੂਬੇਦਾਰ ਸਾਹਿਬ ! ਸੱਚ ਕੀ ਸਿਰਫ ਉਨਾ ਈ ਹੁੰਦਾ ਏ, ਜੋ ਦਿਖਾਈ ਦੇਵੇ ? ਸੱਚ ਦਾ ਸਿਰਫ ਇਕ ਹਿਸਾ ਅਸੀਂ ਆਪਣੀਆਂ ਅੱਖਾਂ ਨਾਲ ਵੇਖਦੇ ਹਾਂ, ਤੇ ਉਸਨੂੰ ਪੂਰੇ ਦਾ ਪੂਰਾ ਸੱਚ ਮੰਨਣ ਦੀ ਗਲਤੀ ਕਰ ਬੈਠਦੇ ਹਾਂ। ਤੇ ਫਿਰ ਵੀ ਜਰੂਰੀ ਨਹੀਂ ਕਿ ਜੋ ਕੁਝ ਅਸੀਂ ਵੇਖੀਏ ਉਹ ਸੱਚ ਈ ਹੋਵੇ।

ਬਲਵਾਨ ਸਿੰਘ : ਨਹੀਂ ਸਰ ! ਅੱਖੀਂ ਦੇਖੀ ਗਲ ਹਮੇਸ਼ਾਂ ਸੱਚ ਹੁੰਦੀ ਏ।

ਕੈਪਟਨ ਰਾਏ : (ਮੁਸਕਰਾਕੇ) ਅੱਛਾ। ਜਿਸ ਜਗਾਹ ਤੁਸੀਂ ਖੜੇ ਓ, ਕੀ ਉਹ ਹਿਲ ਰਹੀ ਏ ?

ਬਲਵਾਨ ਸਿੰਘ : ਨਹੀਂ

ਕੈਪਟਨ ਰਾਏ : ਫਿਰ ਕੀ ਇਹ ਕੋਰਟ ਰੂਮ ਹਿਲ ਰਿਹਾ ਏ ? ਘੁੰਮ ਰਿਹਾ ਏ ?

ਬਲਵਾਨ ਸਿੰਘ : ਨਹੀਂ।

ਕੈਪਟਨ ਰਾਏ : ਤੁਸੀਂ ਆਪਣੀ ਅੱਖੀਂ ਦੇਖੀ ਗੱਲ ਕਰ ਰਹੇ ਓ ਨਾਂ ? ਪਰ ਤੁਹਾਡੀ ਅੱਖੀਂ ਵੇਖੀ ਗੱਲ ਗਲਤ ਹੈ। ਬਿਲਕੁਲ ਗਲਤ। ਏਨਾਂ ਤੇ ਤੁਸੀਂ ਵੀ ਮੰਨਦੇ ਓ ਕਿ ਧਰਤੀ ਘੁੰਮਦੀ ਹੈ ਲਗਾਤਾਰ। ਆਪਣੀ ਧੁਰੀ ਦੁਆਲੇ ਵੀ ਤੇ ਸੂਰਜ ਦੇ ਚਾਰੇ ਪਾਸੇ ਵੀ। ਤੁਹਾਡੇ ਨਾ ਵੇਖਣ ਨਾਲ ਇਹ ਸੱਚ ਝੂਠ ਤਾਂ ਨਹੀਂ ਬਣ ਸਕਦਾ ਨਾ।

[ਸੂਬੇਦਾਰ ਬਲਵਾਨ ਸਿੰਘ ਚੁਪ ਰਹਿੰਦਾ ਹੈ। ਕੋਰਟ 'ਚ ਬੈਠੇ ਸਭ ਲੋਕ ਵਿਕਾਸ ਰਾਏ ਨੂੰ ਵੇਖਦੇ ਨੇ। ਗਾਰਡ ਵੀ ਉਸ ਵੱਲ ਵੇਖਦਾ ਹੈ]

ਮੇਜਰ ਪੁਰੀ : ਜ਼ਮੀਨ ਘੁੰਮਣ ਨਾਲ ਇਸ ਮੁਕੱਦਮੇ ਦਾ ਕੀ ਮਤਲਬ ? ਕੈਪਟਨ ਰਾਏ ਜਾਣ ਬੁਝਕੇ ਗਵਾਹ ਨੂੰ ਕਨਫਿਊਜ਼ ਕਰ ਰਹੇ ਨੇ। ਉਸਨੂੰ ਸਿਰਫ ਉਹੀ ਸਵਾਲ ਪੁੱਛਣ ਦਾ ਹੱਕ ਏ, ਜੋ ਇਸ ਮੁਕਦਮੇ ਨਾਲ ਜੁੜੇ ਨੇ।

ਸੂਰਤ ਸਿੰਘ : ਮੇਜਰ ਪੁਰੀ ਇਜ਼ ਰਾਈਟ, ਕੈਪਟਨ ਰਾਏ ! ਇਹਨਾਂ ਸਵਾਲਾਂ ਦਾ ਇਸ ਮੁਕਦਮੇ ਨਾਲ ਕੋਈ ਸੰਬੰਧ ਨਹੀਂ। ਮੈਂ ਪਹਿਲਾਂ ਹੀ ਵਾਰਨ ਕਰ ਚੁਕਿਆ ਹਾਂ। ਕੋਰਟ ਦਾ ਸਮਾਂ ਬਰਬਾਦ ਨਾ ਕੀਤਾ ਜਾਏ।



ਕੈਪਟਨ ਰਾਏ : ਰਾਈਟ ਸਰ ! ਸਮਾਂ ਸਚਮੁਚ ਬਹੁਤ ਕੀਮਤੀ ਹੁੰਦਾ ਏ ਜਿਸਨੂੰ ਬਰਬਾਦ ਨਹੀਂ ਕਰਨਾ ਚਾਹੀਦਾ। ਖਾਸ ਤੌਰ ਤੇ ਉਦੋਂ ਜਦੋਂ ਕਿਸੇ ਨੂੰ ਫਾਂਸੀ ਦੇ ਤਖਤੇ ਤੇ ਚੜ੍ਹਾਇਆ ਜਾ ਰਿਹਾ ਹੋਵੇ (ਗੰਭੀਰ ਪਰ ਹੌਲੀ ਅਵਾਜ਼ ਵਿਚ) ਪਰ ਸਮਾਂ ਤੇ ਸੱਚ ਹਮੇਸ਼ਾਂ ਅੱਲਗ ਦਿਸ਼ਾਵਾਂ ਵਿਚ ਚਲਦੇ ਨੇ। ਸੱਚ ਕੀ ਹੈ, ਇਸ ਦਾ ਫੈਸਲਾ ਸਮਾਂ ਭਵਿਖ ਵਿਚ ਕਰਦਾ ਹੈ। **Truth is always the child of future** (ਜੱਜ ਐਡਵੋਕੇਟ ਨੂੰ) ਮੈਂ ਤਾਂ ਸਿਰਫ ਇਹ ਦਸਣ ਤੇ ਸਮਝਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਸੱਚ ਨਾ ਤਾਂ ਏਨਾਂ ਛੋਟਾ ਹੁੰਦਾ ਹੈ ਤੇ ਨਾ ਹੀ ਏਨਾਂ ਅਸਾਨ ਕਿ ਉਸਨੂੰ ਅੱਖਾਂ ਨਾਲ ਦੇਖਕੇ ਹੀ ਸਮਝ ਲਿਆ ਜਾਵੇ।

[ਸੂਰਤ ਸਿੰਘ ਪਾਈਪ ਮੂੰਹ ਤੱਕ ਲੈ ਜਾਂਦਾ ਹੈ ਫੇਰ ਉਂਗਲਾਂ 'ਚ ਘੁਮਾਉਂਦਾ ਹੈ। ਉਸਦੀਆਂ ਨਜ਼ਰਾਂ ਕੈਪਟਨ ਰਾਏ ਤੇ ਹਨ]

ਸ. ਜੱਜ : ਕੈਪਟਨ ਰਾਏ ! ਜੇ ਗਵਾਹ ਤੋਂ ਕੁਝ ਹੋਰ ਪੁਛਣਾ ਹੋਵੇ ਤਾਂ ਪੁਛੋ।

ਕੈਪਟਨ ਰਾਏ : (ਸੂਬੇਦਾਰ ਦੇ ਇਕਦਮ ਕੋਲ ਜਾਕੇ) ਸੂਬੇਦਾਰ ਸਾਹਿਬ ਜਿਸ ਰਾਤ ਇਹ ਘਟਨਾ ਹੋਈ, ਉਸ ਰਾਤ ਗੁਪਤ ਸੰਕੇਤਿਕ ਸ਼ਬਦ ਕੀ ਸੀ ?

ਬਲਵਾਨ ਸਿੰਘ : (ਹੈਰਾਨ ਹੋ ਕੇ) ਜੀ ? ਕੀ ਕੀ ਸੀ ?

ਕੈਪਟਨ ਰਾਏ : (ਮੁਸਕਰਾ-ਕੇ) ਮੇਰਾ ਮਤਲਬ ਹੈ 'ਪਾਸ ਵਰਡ'। ਉਸ ਰਾਤ Pass Word ਕੀ ਸੀ ?

ਜੱਜ ਐਡਵੋਕੇਟ : ਮੈਂ ਕੈਪਟਨ ਰਾਏ ਨੂੰ ਸਲਾਹ ਦੇਵਾਂਗਾ ਕਿ ਉਹ ਏਨੇ ਮੁਸ਼ਕਿਲ ਸ਼ਬਦ ਨਾ ਬੋਲਣ, ਜੋ ਕਿਸੇ ਨੂੰ ਸਮਝ ਈ ਨਾ ਆਉਣ।

[ਕੋਰਟ ਵਿਚ ਹਲਕਾ ਜਿਹਾ ਹਾਸਾ। ਸੂਰਤ ਸਿੰਘ ਘੂਰਕੇ ਸਭ ਨੂੰ ਵੇਖਦਾ ਹੈ। ਹਾਸਾ ਰੁਕ ਜਾਂਦਾ ਹੈ]

ਕੈਪਟਨ ਰਾਏ : (ਮੁਸਕਰਾ ਕੇ) ਠੀਕ ਹੈ, ਸਰ ! ਕੋਸ਼ਿਸ਼ ਕਰਾਂਗਾ। (ਬਲਵਾਨ ਸਿੰਘ ਨੂੰ) ਸੂਬੇਦਾਰ ਸਾਹਿਬ, ਕੀ ਤੁਸੀਂ ਆਪਣੇ ਜਵਾਨਾਂ ਨੂੰ ਹਦਾਇਤ ਦੇ ਰੱਖੀ ਹੈ ਕਿ ਅਫਸਰ ਨੂੰ ਪਛਾਣ ਲੈਣ ਤੇ ਵੀ "ਪਾਸ ਵਰਡ" ਨਾ ਪੁਛਿਆ ਜਾਵੇ ?

ਬਲਵਾਨ ਸਿੰਘ : ਬਿਲਕੁਲ ਨਹੀ ਸਰ। ਮੈਂ ਕੌਣ ਹੁੰਦਾ ਵਾਂ ਅਜਿਹੀ ਹਦਾਇਤ ਕਰਨ ਵਾਲਾ ? **A rule is a rule** ! ਗਾਰਡ ਹਰ ਹਾਲਤ ਵਿਚ ਰੋਕੇਗਾ ਤੇ ਪਾਸ ਵਰਡ ਪੁਛੇਗਾ ! ਮੇਰੀ ਵੀਹ ਸਾਲ ਦੀ ਸਰਵਿਸ ਹੈ, ਸਰ ! ਬੇਦਾਗ ਸਰਵਿਸ ! ਕੀ ਮੈਨੂੰ ਏਨੀ ਵੀ ਗੱਲ ਪਤਾ ਨਹੀਂ ?

ਕੈਪਟਨ ਰਾਏ : ਹੋਵੇਗੀ। ਜ਼ਰੂਰ ਪਤਾ ਹੋਵੇਗੀ ! ਮੈਂ ਜਾਣਦਾ ਵਾਂ ਕਿ ਤੁਸੀਂ ਅਜਿਹੀ

ਗਲਤ ਹਦਾਇਤ ਦ ਹੀ ਨਹੀਂ ਸਕਦੇ । ਬਹਰਹਾਲ ਉਸ ਰਾਤ ਜਦੋਂ ਦੋਨੋਂ ਅਫਸਰ ਮੋਟਰ ਸਾਈਕਲ ਤੇ, ਗਾਰਡ ਹਾਊਸ ਕੋਲ ਪਹੁੰਚੇ ਤਾਂ ਕੀ ਰਾਮਚੰਦਰ ਨੇ ਚੈਲੇਂਜ ਕੀਤਾ ਸੀ ? ਥਮ ! ਕੌਣ ਹੈ ? ਕਹਿਕੇ ਲਲਕਾਰਿਆ ਸੀ ?

ਬਲਵਾਨ ਸਿੰਘ : ਨਹੀਂ ਸਰ । ਮੈਂ ਸਭ ਕੁਝ ਆਪਣੀਆਂ ਅੱਖਾਂ ਨਾਲ ਵੇਖਿਆ ਸੀ । ਜੇ ਰਾਮਚੰਦਰ ਨੇ ਉਹਨਾਂ ਨੂੰ ਲਲਕਾਰਿਆ ਹੁੰਦਾ ਤਾਂ

ਕੈਪਟਨ ਰਾਏ : (ਟੋਕਦੇ ਹੋਏ) ਮੈਂ ਦੇਖਣ ਦੀ ਨਹੀਂ, ਸੁਣਨ ਦੀ ਗੱਲ ਕਰ ਰਿਹਾ ਹੈ ਹਾਂ । ਸੂਬੇਦਾਰ ਸਾਹਿਬ । ਕੀ ਰਾਮਚੰਦਰ ਨੇ ! ਥਮ ! ਕੌਣ ? ਕਹਿਕੇ ਲਲਕਾਰਿਆ ਸੀ ?

ਬਲਵਾਨ ਸਿੰਘ : ਜੇ ਮੈਂ ਸੁਣਿਆ ਈ ਨਹੀਂ ! ਤਾਂ ਕਿਵੇਂ ਕਹਿ ਦਿਆਂ ਕਿ ਲਲਕਾਰਿਆ ਜੀ ?

ਕੈਪਟਨ ਰਾਏ : ਤੁਸੀਂ ਨਹੀਂ ਸੁਣਿਆ, ਇਸਦਾ ਮਤਲਬ ਰਾਮਚੰਦਰ ਨੇ ਨਹੀਂ ਕਿਹਾ ?

ਬਲਵਾਨ ਸਿੰਘ : ਜੇ ਉਸਨੇ ਕਿਹਾ ਹੁੰਦਾ, ਤਾਂ ਮੈਂ ਜ਼ਰੂਰ ਸੁਣਿਆ ਹੁੰਦਾ ।

ਕੈਪਟਨ ਰਾਏ : ਤੁਸੀਂ ਪੰਜ ਸੌ ਮੀਟਰ ਦੀ ਦੂਰੀ ਤੇ ਟਹਿਲ ਰਹੇ ਸੀ ।

ਬਲਵਾਨ ਸਿੰਘ : ਸੌ ਮੀਟਰ ਦੀ ਦੂਰੀ ਤੇ ਮੇਜਰ ਪੁਰੀ ਨੇ ਹੁਣੇ ਦਸਿਆ ਸੀ ।

ਕੈਪਟਨ ਰਾਏ : ਮੇਜਰਪੁਰੀ ਨੇ ਕਿਹਾ, ਤੇ ਤੁਸੀਂ ਮੰਨ ਗਏ ਕਿ ਦੂਰੀ ਸੌ ਮੀਟਰ ਦੀ ਸੀ ? ਕੀ ਤੁਸੀਂ ਫੀਤੇ ਨਾਲ ਦੂਰੀ ਮਾਪੀ ਸੀ ? ਨਹੀਂ ਪਰ ਮੈਂ ਮਾਪੀ ਸੀ । ਤੁਸੀਂ ਘਟਨਾ ਵਾਲੀ ਥਾਂ ਤੋਂ ਪੰਜ ਸੌ ਮੀਟਰ ਦੀ ਦੂਰੀ ਤੇ ਸੀ । ਮੋਟਰ ਸਾਈਕਲ ਚਲ ਰਿਹਾ ਸੀ, ਤੁਸੀਂ ਉਸਦੀ ਆਵਾਜ਼ ਵਿਚ ਰਾਮਚੰਦਰ ਦੀ ਲਲਕਾਰ ਸੁਣ ਹੀ ਨਹੀਂ ਸੀ ਸਕਦੇ । ਬਿਲਕੁਲ ਨਹੀਂ ਸੁਣ ਸਕਦੇ ਸੀ ।

[ਇਕ ਤਨਾਅਪੂਰਨ ਵਕਫ਼ਾ]

ਮੇਜਰ ਪੁਰੀ : (ਖੜੇ ਹੋਕੇ) ਕੈਪਟਨ ਰਾਏ ਜਾਣ-ਬੁਝਕੇ ਗਵਾਹ ਨੂੰ ਕਨਫਿਊਜ਼ ਕਰ ਰਹੇ ਨੇ । ਇਹਨਾਂ ਗੱਲਾਂ ਦੀ ਕਤਲ ਦੀ ਵਾਰਦਾਤ ਨਾਲ ਕੋਈ ਤਾਲੁਕ ਨਹੀਂ ।

ਕੈਪਟਨ ਰਾਏ : ਹੈ ! ਤੁਅਲਕ ਹੈ ! (ਸੂਰਤ ਸਿੰਘ ਨੂੰ) ਕੀ ਮੈਂ ਹੁਣ ਵੀ ਵਕਤ ਜ਼ਾਇਆ ਕਰ ਰਿਹਾਂ, ਸਰ ?

ਸੂਰਤ ਸਿੰਘ : **No ! you may continue with your cross examination**

ਕੈਪਟਨ ਰਾਏ : **Thank you sir** (ਬਲਵਾਨ ਸਿੰਘ ਨੂੰ) ਅੱਛਾ ਸੂਬੇਦਾਰ ਸਾਹਿਬ ਇਕ ਗੱਲ ਸਮਝਾਉ । ਜੇਕਰ "ਥਮ ! ਕੌਣ ਹੈ," ਦੀ ਲਲਕਾਰ ਸੁਣਕੇ ਵੀ ਕੋਈ ਨਾ ਰੁਕੇ ਤਾਂ ..

ਮੇਜਰ ਪੁਰੀ : ਕੈਪਟਨ ਰਾਏ, ਸਵਾਲਾਂ ਨੂੰ ਗਲਤ ਮੋੜ ਦੇ ਰਹੇ ਨੇ । ਜੋ ਗੱਲ ਹੋਣੀ



ਨਹੀਂ ਉਸਨੂੰ ਪੁਛਣ ਦਾ ਕੀ ਮਤਲਬ ? ਫੇਰ ਹਾਲੇ ਇਹ ਕਿਥੇ ਸਾਬਿਤ ਹੋਇਆ ਏ ਕਿ ਉਸ ਰਾਤ ਸਵਾਰ ਰਾਮਚੰਦਰ ਨੇ ਉਹਨਾਂ ਦੋਹਾਂ ਅਫ-ਸਰਾਂ ਨੂੰ ਥਮ ਦੇ ਲਈ ਚੈਲੈਂਜ ਕੀਤਾ ਸੀ ?

ਕੈਪਟਨ ਰਾਏ : ਇਹੀ ਤਾਂ ਮੈਂ ਕਹਿ ਰਿਹਾਂ ਕਿ ਗਵਾਹ ਨੇ ਜੋ ਸੁਣਿਆ ਈ ਨਹੀਂ, ਉਹ ਕਿਵੇਂ ਦਸ ਸਕਦਾ ਹੈ ? ਮੇਰੀ ਕੋਰਟ ਨੂੰ ਬੇਨਤੀ ਕਿ ਅੱਜ ਰਾਤ ਨੌਂ ਵਜੇ ਘਟਨਾ ਵਾਲੀ ਥਾਂ ਤੇ ਚਲਿਆ ਜਾਵੇ । ਜੱਜ ਉਥੇ ਖੜੇ ਹੋ ਜਾਣ ਜਿਥੇ ਸੂਬੇਦਾਰ ਸਾਹਿਬ ਖੜੇ ਸੀ । ਇਕ ਮੋਟਰ ਸਾਈਕਲ ਚਲਾਈ ਜਾਵੇ । ਹੋਰ ਕੋਈ ਸੈਨਿਕ ਪਹਿਰਾ ਚੌਕੀ ਤੇ ਖੜਾ ਹੋ ਕੇ ਚੈਲੇਂਜ ਕਰੇ "ਥਮ ! ਕੌਣ ਹੈ ?" ਤੇ ਪਤਾ ਲਗ ਜਾਏਗਾ ਕਿ ਏਨੀ ਦੂਰੀ ਤੋਂ ਆਵਾਜ਼ ਸੁਣਾਈ ਦੇਂਦੀ ਹੈ ਜਾਂ ਨਹੀਂ ?

ਸੂਰਤ ਸਿੰਘ : ਪਰ ਇਸਤੋਂ ਸਾਬਿਤ ਕੀ ਹੋ ਜਾਏਗਾ ? ਕਿ ਸਵਾਰ ਰਾਮਚੰਦਰ ਨੇ ਗੋਲੀ ਨਹੀਂ ਚਲਾਈ ? ਇਕ ਅਫਸਰ ਦਾ ਖੂਨ ਤੇ ਦੂਸਰੇ ਤੇ ਕਾਤਿ-ਲਾਨਾ ਹਮਲਾ ਨਹੀਂ ਕੀਤਾ ?

ਕੈਪਟਨ ਰਾਏ : ਜੀ ਨਹੀਂ ਸਰ । ਇਹ ਗੱਲ ਤਾਂ ਰਾਮਚੰਦਰ ਖੁਦ ਕਨਫੈਸ ਕਰ ਚੁਕਾ ਹੈ । ਪਰ ਮੈਂ ਕੋਰਟ ਨੂੰ ਸੈਨਾ ਦੇ ਇਸ ਕਾਨੂੰਨ ਦਾ ਯਾਦ ਦਵਾਉਣਾ ਆਪਣਾ ਫਰਜ਼ ਸਮਝਦਾ ਹਾਂ ਕਿ ਅਗਰ ਗਾਰਡ ਦੇ ਚੈਲੇਂਜ ਕਰਨ ਤੇ ਲਲਕਾਰਨ ਤੇ 'ਥਮ' ਕਹਿਣ ਤੇ ਕੋਈ ਨਾ ਰੁਕੇ ਤਾਂ ਗਾਰਡ ਗੋਲੀ ਚਲਾ ਸਕਦਾ ਹੈ ।

ਸੂਰਤ ਸਿੰਘ : (ਗੁਸੇ 'ਚ ਭੜਕਕੇ) **Dont try to teach this court the Army law.** ਤੂੰ ਮੈਨੂੰ ਕਨੂੰਨ ਸਿਖਾਵੇਂਗਾ ?

[ਇਕ ਖਾਮੋਸ਼ੀ । ਕੈਪਟਨ ਰਾਏ ਘੂਰਦਾ ਰਹਿੰਦਾ ਹੈ । ਫਿਰ ਸਲਾਹਕਾਰ ਇਕ ਕਾਗਜ਼ ਸੂਰਤ ਸਿੰਘ ਵੱਲ ਵਧਾਉਂਦਾ ਹੈ । ਸੂਰਤ ਸਿੰਘ ਉਸਨੂੰ ਪੜ੍ਹਦਾ ਹੈ, ਫਿਰ ਫਾੜਦਾ ਹੈ ਗੁਸਾ ਕੁਝ ਘੱਟ ਹੁੰਦਾ ਹੈ । ਜਿਵੇਂ ਕੋਈ ਫੈਸਲਾ ਕੀਤਾ ਹੋਵੇ ।]

ਸੂਰਤ ਸਿੰਘ : (ਸਲਾਹਕਾਰ ਜੱਜ ਨੂੰ) ਇਸ ਕੋਰਟ ਵਿਚ ਕੋਈ ਵੀ ਕੰਮ ਲੁਕਾ-ਛਿਪਾਕੇ ਨਹੀਂ ਕੀਤਾ ਜਾਵੇਗਾ । ਤੁਸੀਂ ਉਚੀ ਅਵਾਜ਼ ਵਿਚ ਦੱਸੋ ਕਿ ਤੁਸੀਂ ਮੈਨੂੰ ਕਾਗਜ਼ ਤੇ ਕੀ ਲਿਖਕੇ ਦਿਤਾ ਸੀ ।

ਸ. ਜੱਜ : ਜੇ ਇਹ ਸਾਬਿਤ ਹੋ ਗਿਆ ਕਿ ਰਾਮਚੰਦਰ ਦੇ ਚੈਲੇਂਜ ਕਰਨ ਤੇ ਅਫਸਰ ਨਹੀਂ ਰੁਕੇ ਸੀ, ਤਾਂ ਆਰਮੀ ਦੇ ਰੂਲਜ਼ ਦੇ ਮੁਤਾਬਿਕ ਉਸਨੂੰ ਗੋਲੀ ਮਾਰਨ ਦਾ ਅਧਿਕਾਰ ਹੈ । **It is his duty to open fire and kill.**

ਮੇਜਰ ਪੁਰੀ : ਯੈਸ ਸਰ ! ਬੇਸ਼ਕ ਅਜਿਹਾ ਕਨੂੰਨ ਹੈ । ਪਰ ਇਸਦਾ ਸਖਤੀ ਨਾਲ

ਪਾਲਣ ਯੁਧ ਦੇ ਦਿਨਾਂ ਵਿਚ ਹੀ ਜ਼ਿਆਦਾ ...

ਸੂਰਤ ਸਿੰਘ : (ਕਠੋਰ ਆਵਾਜ਼ ਵਿਚ) Dont talk rubbish ਯੁੱਧ ਤੇ ਸ਼ਾਂਤੀ ਦੇ ਕਾਨੂੰਨ ਅਲੱਗ-ਅਲੱਗ ਨਹੀਂ ਹੁੰਦੇ । law is law ! war or no war ।

ਸ. ਜੱਜ : ਸਾਨੂੰ ਹਾਦਸੇ ਦੀ ਜਗਹ ਨਹੀਂ ਜਾਣਾ ਚਾਹੀਦਾ । ਡਿਫੈਂਸ ਕੌਂਸਿਲ, ਜਾਣ ਬੁਝ ਕੇ, ਮੁਕਦਮੇ ਨੂੰ ਗਲਤ ਦਿਸ਼ਾ ਵਿਚ ਲਿਜਾ ਰਿਹਾ ਹੈ । ਜਦੋਂ ਖੁਦ ਰਾਮਚੰਦਰ ਮੰਨ ਚੁਕਾ ਹੈ ਕਿ ਉਸਨੇ ਇਹ ਮਰਡਰ ਕੀਤਾ ਹੈ, ਤੇ ਪੂਰੇ ਹੋਸ਼ ਹਵਾਸ ਵਿਚ ਕੀਤਾ ਹੈ । ਤਾਂ ਚੈਲੇਂਜ ਕਰਨ ਜਾਂ ਨਾ ਕਰਨ ਦੀ ਗੱਲ ਨੂੰ importance ਦੇਣਾ ਫਿਜ਼ੂਲ ਹੈ ।

ਸੂਰਤ ਸਿੰਘ : ਪਰ ਕਿਉਂ ਨਾ ਜਾਈਏ ਅਸੀਂ ਹਾਦਸੇ ਵਾਲੀ ਜਗਹ ਤੇ ? ਇਹ ਕੋਰਟ ਮਾਰਸ਼ਲ ਸੱਚ ਜਾਨਣ ਲਈ ਹੋ ਰਿਹਾ ਹੈ ਸੱਚ ਛੁਪਾਣ ਲਈ ਨਹੀਂ । ਇਹ ਕੋਰਟ ਜਾਵੇਗਾ ਹਾਦਸੇ ਦੀ ਜਗਹ ਤੇ । ਹਰ ਹਾਲਤ 'ਚ ਜਾਵੇਗਾ ।

ਸ. ਜਜ : ਤਾਂ ਫਿਰ ਰਾਮਚੰਦਰ ਵੀ ਬਰੀ ਹੋ ਜਾਏਗਾ ।

ਸੂਰਤ ਸਿੰਘ : (ਕਠੋਰ ਆਵਾਜ਼ ਵਿਚ) ਮਿਸਟਰ ਜਜ ਐਡਵੋਕੇਟ ! ਕਦੋਂ ਲੈ ਲਿਆ ਇਹ ਫੈਸਲਾ ਇਸ ਕੋਰਟ ਨੇ ਕਿ ਹਰ ਹਾਲਤ ਵਿਚ ਰਾਮਚੰਦਰ ਨੂੰ ਫਾਂਸੀ ਦੇਣੀ ਹੀ ਦੇਣੀ ਏਂ ?

ਸ. ਜਜ : ਪਰ ਸਰ ।

ਸੂਰਤ ਸਿੰਘ : ਪਰ ਕੀ ? ਕੌਣ ਹੈ ਇਸ ਕੋਰਟ ਮਾਰਸ਼ਲ ਦਾ ਪ੍ਰੀਜ਼ਾਈਡਿੰਗ ਅਫਸਰ ? ਮੈਂ ਜਾਂ ਤੁਸੀਂ ?

[ਸਲਾਹਕਾਰ ਜਜ ਚੁੱਪ ਹੋ ਜਾਂਦਾ ਹੈ]

ਸੂਰਤ ਸਿੰਘ : ਕੈਪਟਨ ਰਾਏ । ਅੱਜ ਰਾਤ ਨੌਂ ਵਜੇ ਇਹ ਕੋਰਟ ਹਾਦਸੇ ਦੀ ਜਗਹ ਤੇ ਜਾਏਗਾ ਤੇ ਪਤਾ ਲਗ ਜਾਏਗਾ ਕਿ ਏਨੀਂ ਦੂਰ ਤੋਂ ਆਵਾਜ਼ ਸੁਣਾਈ ਦੇਂਦੀ ਹੈ ਜਾਂ ਨਹੀਂ ?

ਕੈਪਟਨ ਰਾਏ : (ਇਕ ਵਾਰ, ਰਾਮਚੰਦਰ ਨੂੰ ਦੇਖਕੇ ਧੌਣ ਹਿਲਾਉਂਦਾ ਹੈ, ਫਿਰ ਸੂਰਤ ਸਿੰਘ ਨੂੰ) ਮੈਂ ਨਹੀਂ ਚਾਹੁੰਦਾ, ਸਰ ਕਿ ਕੋਰਟ ਦੇ ਮੈਂਬਰ ਹਾਦਸੇ ਦੀ ਜਗਹ ਜਾਕੇ ਆਪਣਾ ਵਕਤ ਜ਼ਾਇਆ ਕਰਨ । ਕਿਉਂਕਿ ਇਥੇ ਹੀ ਸਵਾਰ ਰਾਮਚੰਦਰ ਕੁਝ ਕਹਿਣਾ ਚਾਹੁੰਦਾ ਹੈ ।

ਮੇਜਰ ਪੁਰੀ : (ਤੇਜ਼ੀ ਨਾਲ) No । ਰਾਮਚੰਦਰ ਇਸ ਵਕਤ ਕੁਝ ਨਹੀਂ ਬੋਲ ਸਕਦਾ ! ਗਵਾਹੀ ਸੂਬੇਦਾਰ ਬਲਵਾਨ ਸਿੰਘ ਦੀ ਚਲ ਰਹੀ ਹੈ

ਰਾਮਚੰਦਰ : (ਉਚੀ ਅਵਾਜ਼ 'ਚ) ਮੈਂ ਉਸ ਰਾਤ 'ਥਮ ! ਕੌਣ ਹੈ !' ਦੀ ਲਲਕਾਰ ਨਹੀਂ ਲਗਾਈ ਸੀ । ਬਿਨਾਂ ਚੈਲੇਂਜ ਕੀਤੇ ਗੋਲੀ ਚਲਾ ਦਿਤੀ ਸੀ ।



[ਜਿਵੇਂ ਬਿਜਲੀ ਦਾ ਝਟਕਾ ਲਗਦਾ ਹੈ । ਸੂਰਤ ਸਿੰਘ ਤੇ ਬਾਕੀ ਸਭ ਹੈਰਾਨੀ ਨਾਲ ਵੇਖਦੇ ਨੇ]

ਸਭ : (ਹੈਰਾਨੀ ਨਾਲ) What ?

[ਇਕ ਵਕਫੇ ਬਾਦ]

ਸੂਰਤ ਸਿੰਘ : ਲਲਕਾਰ ਨਹੀਂ ਲਗਾਈ ਸੀ ?

ਰਾਮਚੰਦਰ : ਜੀ ਨਹੀਂ । ਨਹੀਂ ਲਗਾਈ ਸੀ ।

ਕੈਪਟਨ ਕਪੂਰ : The court may note this confession of Ramchander He opened fire without challenging !

ਸੂਰਤ ਸਿੰਘ : (ਝਟ ਕੇ) Sit down captain ! Who the hell made yon the Prosecuter ?

[ਕੈਪਟਨ ਕਪੂਰ ਬੈਠ ਜਾਂਦਾ ਹੈ । ਵਿਕਾਸ ਰਾਏ ਉਸਦੇ ਕੁਰਸੀ ਕੋਲ ਕੋਲ ਜਾਕੇ ਮੁਸਕਰਾ ਕੇ ਕਹਿੰਦਾ ਹੈ ।]

ਕੈਪਟਨ ਰਾਏ : ਕੈਪਟਨ ਬੀ.ਡੀ. ਕਪੂਰ ਗਵਾਹੀ ਤਾਂ ਤੁਹਾਡੀ ਵੀ ਹੋਏਗੀ, ਉਦੋਂ ਆਪਣੀ ਗੱਲ ਕਹਿ ਲੈਣਾ । ਏਨੀ ਜਲਦੀ ਵੀ ਕੀ ਏ ਰਾਮਚੰਦਰ ਨੂੰ ਫਾਂਸੀ ਤੇ ਚੜ੍ਹਵਾਉਣ ਦੀ ? Please Please ! (ਵਾਪਸ ਬਲਵਾਨ ਸਿੰਘ ਕੋਲ ਪਹੁੰਚਕੇ) ਸੂਬੇਦਾਰ ਸਾਹਿਬ, ਤੁਹਾਡੇ ਕੋਲੋਂ ਹੋਰ ਕੁਝ ਨਹੀਂ ਪੁੱਛਣਾਂ । ਮੈਂ ਫਿਜ਼ੂਲ ਹੀ ਬਹਿਸ ਕੀਤੀ । ਹੁਣ ਰਾਮਚੰਦਰ ਨੇ ਖੁਦ ਹੀ ਮੰਨ ਲਿਆ ਹੈ ਕਿ ਉਸਨੇ ਬਿਨਾਂ ਚੈਲੇਂਜ ਕੀਤੇ ਗੋਲੀ ਚਲਾਈ । ਇਸਦਾ ਮਤਲਬ ਤੁਹਾਡੀਆਂ ਅੱਖਾਂ ਤੇ ਕੰਨ ਬਿਲਕੁਲ ਠੀਕ ਨੇ । ਮੁਆਫੀ ਚਾਹੁੰਦਾ ਹਾਂ ਕਿ ਮੈਂ ਖਾਮਖਾਹ ਇਹਨਾਂ ਤੇ ਸ਼ਕ ਕੀਤਾ । ਇਕ ਛੋਟੀ ਜਿਹੀ ਬੇਨਤੀ ਕਰਾਂਗਾ, ਕਿ ਸੋਚਿਉ ਜ਼ਰੂਰ ਕਿ ਰਾਮ-ਚੰਦਰ ਨੇ ਗੋਲੀ ਕਿਉਂ ਚਲਾਈ ? ਕਿਉਂ ਕੀਤਾ ਉਸਨੇ ਇਹ ਖੂਨ ? ਸ਼ਾਇਦ ਤੁਹਾਨੂੰ ਸਚਾਈ ਪਤਾ ਲਗ ਜਾਏ ! Thank yon !

[ਕੁਝ ਪਲ ਹੌਲੀ ਆਵਾਜ਼ ਵਿਚ ਲੋਕਾਂ ਦੀ ਗਲਬਾਤ, ਫੇਰ ਸੂਰਤ ਸਿੰਘ ਸਭ ਨੂੰ ਵੇਖਦਾ ਹੈ, ਗਲਬਾਤ ਬੰਦ ਹੋ ਜਾਂਦੀ ਹੈ । ਫੇਰ ਸੂਰਤ ਸਿੰਘ ਸਭ ਨੂੰ ਕਹਿੰਦਾ ਹੈ ।]

ਸੂਰਤ ਸਿੰਘ : ਪੰਜ ਮਿਨਟ ਦੀ ਬਰੇਕ ! ਤੁਸੀਂ ਲੋਕ ਬਾਹਰ ਜਾ ਸਕਦੇ ਹੋ (ਕੈਪਟਨ ਰਾਏ ਨੂੰ) ਕੈਪਟਨ ਰਾਏ ਤੁਸੀਂ ਏਥੇ ਈ ਰੁਕੋ ।

[ਸਭ ਇਕ ਇਕ ਕਰਕੇ ਬਾਹਰ ਜਾਂਦੇ ਨੇ, ਉਹਨਾਂ ਦੇ ਬੂਟਾਂ ਦੀ ਆਵਾਜ਼ । ਗਾਰਡ ਸਾਵਧਾਨ ਹੋ ਕੇ ਅੱਡੀਆਂ ਠੋਕਦਾ ਹੈ । ਵਿਕਾਸ ਰਾਏ ਸੂਰਤ ਸਿੰਘ ਦੇ ਸਾਹਮਣੇ ਖੜ੍ਹਾ ਹੋ ਜਾਂਦਾ ਹੈ ।]

ਸੂਰਤ ਸਿੰਘ : ਕੈਪਟਨ ਰਾਏ What are you upto ? ਰਾਮ ਚੰਦਰ ਨੂੰ ਇਹ

ਗੱਲ ਇਕਬਾਲ ਕਰਾਉਣ ਦਾ ਇਸ਼ਾਰਾ ਕਿਉਂ ਕੀਤਾ ਤੂੰ ? ਤੂੰ ਉਸਨੂੰ ਫਾਂਸੀ ਦੇ ਰੱਸੇ ਵਲ ਆਪ ਧੱਕ ਦਿਤਾ ਹੈ ਕਿਉਂ ? ਆਖਿਰ ਕਿਉਂ ?

ਕੈਪਟਨ ਰਾਏ : ਸਰ ਮੈਂ ਕਿਸੇ ਟੈਕਨੀਕਲ ਗੱਲ ਉਤੇ ਰਾਮਚੰਦਰ ਨੂੰ ਬਚਾਉਣਾ ਨਹੀਂ ਚਾਹੁੰਦਾ । ਇਹ ਸੱਚ ਹੈ ਕਿ ਉਸਨੇ ਗੋਲੀ ਚਲਾਈ, ਹੱਤਿਆ ਕੀਤੀ । ਪਰ ਸਵਾਲ ਇਹ ਹੈ ਕਿ ਉਸਨੇ ਗੋਲੀ ਕਿਉਂ ਚਲਾਈ ? ਕਿਉਂ ਕੀਤੀ ਇਹ ਹੱਤਿਆ ? ਮੈਂ ਰਾਮਚੰਦਰ ਨੂੰ ਬਚਾਉਣ ਨਹੀਂ ਆਇਆ ਕਿਉਂਕਿ ਉਸ ਨੂੰ ਕੋਈ ਨਹੀਂ ਬਚਾਅ ਸਕਦਾ ।

ਸੂਰਤ ਸਿੰਘ : ਪਰ ਕੋਸ਼ਿਸ਼ ਤਾਂ ਕਰ ਸਕਦੇ ਹੋ ?

ਕੈਪਟਨ ਰਾਏ : ਮੇਰੀ ਕੋਸ਼ਿਸ਼ ਉਸ ਤੋਂ ਵੱਡੀ ਚੀਜ਼ ਨੂੰ ਬਚਾਉਣ ਵਿਚ ਹੈ, ਸਰ ।

ਸੂਰਤ ਸਿੰਘ : ਕੀ ?

ਕੈਪਟਨ ਰਾਏ : ਸੱਚ । ਉਹ ਸੱਚ ਜੋ ਰਾਮ ਚੰਦਰ ਦੀ ਜਾਨ ਤੋਂ ਜ਼ਿਆਦਾ ਵੱਡਾ ਹੈ । ਬਹੁਤ ਜ਼ਿਆਦਾ ਵੱਡਾ ਹੈ । ਉਸਦੀ ਆਤਮਾ ਵਾਂਗ ਕੀਮਤੀ ਹੈ ! ਮੈਨੂੰ ਉਸੇ ਦੀ ਤਲਾਸ਼ ਹੈ ।

ਸੂਰਤ ਸਿੰਘ : ਤੂੰ ਕੀ ਏਂ ਵਿਕਾਸ ਰਾਏ ? ਵਕੀਲ ਜਾਂ

ਕੈਪਟਨ ਰਾਏ : (ਹੌਲੀ ਆਵਾਜ਼ 'ਚ ) ਮੈਂ ਸ਼ਿਕਾਰੀ ਹਾਂ, ਸਰ । ਆਤਮਾ ਦਾ ਸ਼ਿਕਾਰੀ ! **Hunter of the soul**

ਸੂਰਤ ਸਿੰਘ : (ਇਕ ਦੋ ਪਲ ਖਾਮੋਸ਼ੀ ਨਾਲ ਦੇਖਦਾ ਹੈ) **you may go out capatin**

[ਵਿਕਾਸ ਰਾਏ ਜਾਂਦਾ ਹੈ । ਸੂਰਤ ਸਿੰਘ ਪਾਈਪ ਮੂੰਹ ਚ ਲੈ ਕੇ ਲੰਮਾ ਕਸ਼ ਖਿਚਦਾ ਹੈ । ਫਿਰ ਸਲਾਹਕਾਰ ਜੱਜ ਵੱਲ ਵੇਖਕੇ ਪੁਛਦਾ ਹੈ ।]

ਸੂਰਤ ਸਿੰਘ : ਕਿਸੇ ਕੋਰਟ ਮਾਰਸ਼ਲ ਵਿਚ ਤੁਹਾਡਾ ਸਾਹਮਣਾ ਇਸ ਆਦਮੀ ਨਾਲ ਹੋਇਆ ਹੈ ? **He doesn't speak our language !** ਆਤਮਾ ਦਾ ਸ਼ਿਕਾਰੀ । **Hunter of the soul ! what the hell does it mean ?**

ਸ. ਜੱਜ : ਇਸ ਆਦਮੀ ਤੋਂ ਹੁਸ਼ਿਆਰ ਰਹਿਣਾ ਸਰ, ਇਹ ਸ਼ਬਦਾਂ ਦਾ ਇਸਤੇਮਾਲ ਹਥਿਆਰ ਵਾਂਗੂੰ ਕਰਦਾ ਹੈ । ਮੇਰਾ ਦੋ-ਤਿੰਨ ਵਾਰੀ ਇਸ ਨਾਲ ਸਾਹਮਣਾ ਹੋ ਚੁਕਾ ਹੈ । ਆਰਮੀ ਹੈਡਕਵਾਟਰ ਦੇ ਲਾਅ ਡਿਪਾਰਟਮੈਂਟ ਨੇ ਬਹੁਤ ਸੋਚ ਸਮਝ ਕੇ ਹੀ ਇਸਨੂੰ ਇਥੇ ਭੇਜਿਆ ਹੋਵੇਗਾ । ਆਜ਼ਾਦੀ ਤੋਂ ਬਾਅਦ ਪਹਿਲੀ ਘਟਨਾ ਹੈ ਕਿ ਕੋਈ ਜਵਾਨ ਕਿਸੇ ਅਫਸਰ ਦਾ ਕਤਲ ਕਰ ਦੇਵੇ । ਤੁਹਾਨੂੰ ਜਨਰਲ ਲਾਰਕਿਨ ਦੇ ਕੇਸ ਦੀ ਯਾਦ ਹੈ ਨਾ ? ਉਸਨੂੰ ਉਮਰ ਕੈਦ ਦੀ ਸਜ਼ਾ ਹੋਈ ਸੀ । ਵਿਕਾਸ ਰਾਏ ਉਸ ਕੋਰਟ ਮਾਰਸ਼ਲ ਵਿਚ ਸਰਕਾਰੀ ਵਕੀਲ ਸੀ ।



ਉਸਨੂੰ ਸਪ ਇੰਗ ਦੇ ਕੇਸ ਵਿਚ ਏਨੀ ਵੱਡੀ ਸਜ਼ਾ ਏਸੇ ਨੇ ਦਵਾਈ ਸੀ

ਸੂਰਤ ਸਿੰਘ : ਪਰ ਇਥੇ ਤਾਂ ਡਿਫੈਂਸ ਕੋਲ ਮਿਲ ਹੈ । ਕਿਵੇਂ ਬਚਾਏਗਾ ਰਾਮਚੰਦਰ ਨੂੰ? ਖਦ ਹੀ ਕਨਫੈਸ ਕਰਵਾ ਦਿਤਾ ਕਿ ਬਿਨਾਂ ਚੈਲੇਂਜ ਤੋਂ ਗੋਲੀ ਚਲਾਈ ਸੀ ।

ਸ. ਜੱਜ : ਸਵਾਲ ਇਹ ਨਹੀਂ ਕਿ ਉਹ ਰਾਮਚੰਦਰ ਨੂੰ ਕਿਵੇਂ ਬਚਾਏਗਾ ? ਸਵਾਲ ਇਹ ਹੈ ਕਿ ਉਹ ਹੋਰ ਕਿਸ-ਕਿਸ ਨੂੰ ਮਰਵਾਏਗਾ ।

ਦੂਸਰਾ ਜੱਜ : (ਸੂਰਤ ਸਿੰਘ ਨੂੰ) ਸਰ ! **May we go out for two minutes ?**

[ਸੂਰਤ ਸਿੰਘ ਹਾਂ ਵਿਚ ਸਿਰ ਹਿਲਾਉਂਦਾ ਹੈ, ਸਭ ਬਾਹਰ ਚਲੇ ਜਾਂਦੇ ਨੇ । ਸੂਰਤ ਸਿੰਘ ਪਾਈਪ ਦਾ ਕਸ਼ ਲੈਂਦਾ ਹੈ, ਉਠਕੇ ਟਹਿਲਦਾ ਹੈ, ਤੇ ਜਿਵੇਂ ਆਪਣੇ ਆਪ ਨੂੰ ਕਹਿ ਰਿਹਾ ਹੋਵੇ । ਰੋਸ਼ਨੀ ਬਦਲਦੀ ਹੈ ।]

ਸੂਰਤ ਸਿੰਘ : (ਲੰਮਾ ਸਾਹ ਲੈ ਕੇ) ਦੁਸ਼ਮਣੀ ਦੀ ਬਦਬੂ । ਜੰਗ ਦੇ ਦਿਨਾਂ ਵਾਲੀ ਦੁਸ਼ਮਣੀ ਦੀ ਬਦਬੂ ! ਪਿਛਲੇ ਯੁੱਧ ਵਿਚ, ਬਾਕੀ ਬਚੇ ਸਾਡੇ ਤਿੰਨਾਂ ਜਵਾਨਾਂ ਦੇ ਨਾਲ ਦੁਸ਼ਮਣ ਦੀ ਚੌਕੀ ਤੇ ਚਾਰਜ ਕੀਤਾ ਸੀ ਤੇ ਮਤਲਬ ਬਿਲਕੁਲ ਸਾਫ ਸੀ । ਮਾਰੋ । ਨਹੀਂ ਤਾਂ ਮਾਰ ਦਿੱਤੇ ਜਾਵੋਗੇ । ਉਦੋਂ ਆਈ ਸੀ ਇਹ ਦੁਸ਼ਮਣੀ ਦੀ ਬਦਬੂ । ਪਰ ਇਥੇ ? ਕੋਰਟ-ਮਾਰਸ਼ਲ ਦੇ ਇਸ ਕਮਰੇ ਵਿਚ ਤਾਂ ਕੋਈ ਜੰਗ ਨਹੀਂ ਛਿੜੀ । ਫਿਰ ਕਿਉਂ ਆ ਰਹੀ ਹੈ ਖਤਰੇ ਦੀ ਬਦਬੂ ? (ਵਿਕਾਸ ਰਾਏ ਦੀ ਕੁਰਸੀ ਦੇ ਕੋਲ ਜਾਕੇ ਕੀ ਕੈਪਟਨ ਰਾਏ ਦੁਸ਼ਮਣ ਹੈ ? (ਸਿਰ ਹਿਲਾਕੇ) ਨਹੀਂ ! (ਗਹਿਰੀ ਸੋਚ ਵਿਚ ਦੂਸਰੇ ਪਾਸੇ ਵਧਦਾ ਹੈ) ਪਰ ਦੁਸ਼ਮਣ ਕੋਈ ਹੈ ਜ਼ਰੂਰ ! ਖਤਰੇ ਦੀ ਬਦਬੂ ਹੈ,ਤਾਂ ਦੁਸ਼ਮਣ ਵੀ ਜ਼ਰੂਰ ਹੋਵੇਗਾ । ਜੇ ਹੈ ਤਾਂ ਮੇਰੇ ਹੱਥੋਂ ਬਚੇਗਾ ਨਹੀਂ ! ਹਰਗਿਜ਼ ਨਹੀਂ ਬਚੇਗਾ ।

[ਰੋਸ਼ਨੀ ਬਦਲਦੀ ਹੈ, ਇਕ-ਇਕ ਕਰਕੇ ਸਭ ਦਾ ਪ੍ਰਵੇਸ਼ । ਸੂਰਤ ਸਿੰਘ ਆਪਣੀ ਕੁਰਸੀ ਤੇ ਬੈਠਦਾ ਹੈ ਬਾਕੀ ਲੋਕ ਵੀ ਬੈਠ ਜੇ ਨੇ । ਮੇਜਰ ਪੁਰੀ ਕਹਿੰਦਾ ਹੈ ।]

ਮੇਜਰ ਪੁਰੀ : ਮੇਰੇ ਅਗਲੇ ਗਵਾਹ ਨੇ – ਰੈਜੀਮੈਂਟ ਦੇ ਡਾਕਟਰ ਗੁਪਤਾ ।

[ਡਾ. ਗੁਪਤਾ ਉਠਕੇ ਗਵਾਹੀ ਲਈ ਆਉਂਦਾ ਹੈ ]

ਮੇਜਰ ਪੁਰੀ : ਡਾ. ਗੁਪਤਾ, ਜਿਸ ਰਾਤ ਇਹ ਖੂਨ ਹੋਇਆ ਤੁਸੀਂ ਕਿਥੇ ਸੀ ?

ਡਾ. ਗੁਪਤਾ : ਮੈਂ ਕੈਪਟਨ ਵਰਮਾ ਤੇ ਕਪੂਰ ਦੇ ਪਿੱਛੇ-ਪਿੱਛੇ ਆਪਣੇ ਸਕੂਟਰ ਤੇ ਮੈਸ ਤੋਂ ਵਾਪਸ ਆ ਰਿਹਾ ਸੀ । ਇਸ ਤੋਂ ਪਹਿਲਾਂ ਕਿ ਮੈਂ ਆਪਣੇ ਕਵਾਟਰ ਵੱਲ ਮੁੜਦਾ, ਗੋਲੀਆਂ ਚਲਣ ਦੀ ਆਵਾਜ਼ ਸੁਣਾਈ

ਦਿਤੀ, ਮੈਂ ਇਕਦਮ ਸਕੂਟਰ ਹਾਦਸੇ ਵਾਲੀ ਜਗਹ ਨੂੰ ਮੋੜਿਆ ।

ਮੇਜਰ ਪੁਰੀ : ਫੇਰ ਉਥੇ ਕੀ ਵੇਖਿਆ ?

ਡਾ. ਗੁਪਤਾ : ਮੈਂ ਵੇਖਿਆ, ਕੈਪਟਨ ਮੋਹਨ ਵਰਮਾ ਜ਼ਮੀਨ ਤੇ ਡਿੱਗੇ ਪਏ ਨੇ । ਉਨਦੀ **Pulse** ਦੇਖੀ ਜੋ ਬੰਦ ਸੀ – **He was dead** ! ਗੋਲੀ ਉਹਨਾਂ ਦੀ ਗਰਦਨ ਵਿਚ ਲਗੀ ਸੀ, ਕੈਪਟਨ ਕਪੂਰ ਬੇਹੋਸ਼ ਹੋ ਚੁਕਾ ਸੀ, ਉਸਦੇ ਖੱਬੇ ਮੋਢੇ ਤੋਂ ਲਗਾਤਾਰ ਖੂਨ ਵਗ ਰਿਹਾ ਸੀ ਤੇ **Pulse** ਡੁਬਦੀ ਜਾ ਰਹੀ ਸੀ । ਮੈਂ ਆਪਣੀ ਕਮੀਜ਼ ਉਤਾਰਕੇ ਫਾੜੀ ਤੇ ਕੈਟਪਨ ਕਪੂਰ ਦੇ ਮੋਢੇ ਤੇ ਪੱਟੀ ਬੰਨ੍ਹ ਕੇ ਵਗਦੇ ਖੂਨ ਨੂੰ ਰੋਕਿਆ ..

ਮੇਜਰ ਪੁਰੀ : ਉਸ ਵਕਤ ਰਾਮਚੰਦਰ ਕਿਥੇ ਸੀ ?

ਡਾ. ਗੁਪਤਾ : ਰਾਮਚੰਦਰ ਨੂੰ ਪੰਜ ਜਵਾਨਾਂ ਨੇ ਪਕੜ ਰਖਿਆ ਸੀ, ਉਹ ਉਹਨਾਂ ਤੋਂ ਛੁਟਣ ਦੀ ਕੋਸ਼ਿਸ਼ ਕਰ ਰਿਹਾ ਸੀ 'ਤੇ ਚੀਖ ਰਿਹਾ ਸੀ—"ਛੱਡ ਦਿਉ ਮੈਨੂੰ" । "ਮੈਂ ਕਪੂਰ ਨੂੰ ਮਾਰ ਦਿਆਂਗਾ । ਛੱਡ ਦਿਓ" । ਗੁਸੇ 'ਚ ਪਾਗਲ ਹੋ ਗਿਆ ਸੀ ਉਹ । ...

ਮੇਜਰ ਪੁਰੀ : ਇਸ ਤੋਂ ਬਾਅਦ ਕੀ ਹੋਇਆ ?

ਡਾ. ਗੁਪਤਾ : ਗਾਰਡ ਹਾਊਸ ਤੋਂ ਸੂਬੇਦਾਰ ਸਾਹਿਬ ਮਿਲਟਰੀ ਹਾਸਪੀਟਲ ਫੋਨ ਕਰ ਚੁਕੇ ਸੀ । ਪੰਜ ਮਿਨਿਟ ਦੇ ਅੰਦਰ ਐਂਬੂਲੈਂਸ ਆ ਪਹੁੰਚੀ । ਅਸੀਂ ਕੈਪਟਨ ਕਪੂਰ ਨੂੰ ਉਸ ਵਿਚ ਲਿਟਾਇਆ । ਮੈਂ ਨਾਲ ਹੀ ਬੈਠ ਗਿਆ । ਵਿਚੋਂ ਹੀ ਉਸਦੇ ਮੋਢੇ ਦੀ ਪੱਟੀ ਖਿਸਕ ਗਈ ਸੀ ਤੇ ਖੂਨ ਫਿਰ ਵਗਣਾ ਸ਼ੁਰੂ ਹੋ ਗਿਆ ਸੀ । ਮੈਂ ਦੁਬਾਰਾ ਪੱਟੀ ਬੰਨ੍ਹ ਕੇ ਵਗਦਾ ਖੂਨ ਰੋਕਿਆ । ਹਸਪਤਾਲ ਪਹੁੰਚ ਕੇ ਕੈਪਟਨ ਕਪੂਰ ਨੂੰ ਸਿਧੇ ਹੀ ਅਪਰੇਸ਼ਨ ਥਿਏਟਰ ਵਿਚ ਲੈ ਗਏ ਸਰਜਨ ਕਰਨਲ ਜੋਸ਼ੀ ਉਥੇ ਪਹੁੰਚ ਚੁਕੇ ਸੀ, ਉਹਨਾਂ ਨੇ ਜ਼ਖਮ ਦੇਖਕੇ ਕਿਹਾ ਕਿ ਅਗਰ ਮੈਂ ਖੂਨ ਨੂੰ ਨਾ ਰੋਕਦਾ ਤਾਂ ਕੈਪਟਨ ਕਪੂਰ ਮਰ ਚੁੱਕਾ ਹੁੰਦਾ । **He would have died surely**

ਮੇਜਰ ਪੁਰੀ : ਇਸ ਤੋਂ ਬਾਦ ? ਕੈਪਟਨ ਕਪੂਰ ਦਾ ਉਪਰੇਸ਼ਨ ਕੀਤਾ ਗਿਆ ?

ਡਾ. ਗੁਪਤਾ : ਜੀ ਨਹੀਂ ! ਪਹਿਲਾਂ ਉਹਨਾਂ ਨੂੰ ਖੂਨ ਦਿਤਾ ਗਿਆ । ਲੱਕੀਲੀ ਮੇਰਾ ਬਲੱਡ ਗਰੁੱਪ ਕੈਪਟਨ ਕਪੂਰ ਦੇ ਬਲਡ ਗਰੁੱਪ ਨਾਲ ਮਿਲਦਾ ਸੀ । **So I gave my blood to save the life of captain Kapoor** ! ਇਸ ਤੋਂ ਬਾਅਦ ਉਪਰੇਸ਼ਨ ਕੀਤਾ ਗਿਆ । ਗੋਲੀ ਅਗਰ ਇਕ ਇੰਚ ਵੀ ਹੇਠਾਂ ਹੁੰਦੀ ਤਾਂ ਸਿਧੀ ਦਿਲ ਵਿਚ ਲਗਦੀ । ਕੈਪਟਨ ਕਪੂਰ ਲੱਕੀ ਸੀ ਕਿ ਰਾਮਚੰਦਰ ਦਾ ਨਿਸ਼ਾਨਾ ਠੀਕ ਨਹੀਂ ਲੱਗਾ ।

ਮੇਜਰ ਪੁਰੀ : ਤੇ ਠੀਕ ਵਕਤ ਤੇ ਤੁਸੀਂ ਕੈਪਟਨ ਕਪੂਰ ਦੀ ਜਾਨ ਬਚਾਉਣ ਦੀ



ਕੋਸ਼ਿਸ਼ ਕੀਤੀ ।

ਡਾ. ਗੁਪਤਾ : ਇਹ ਤਾਂ ਮੇਰਾ ਫਰਜ਼ ਸੀ ਸਰ ! ਵੈਸੇ ਬਾਈ ਦਾ ਵੇ, ਕਰਨਲ ਜੋਸ਼ੀ ਨੇ ਮੇਰਾ ਨਾਮ ਆਰਮੀ ਹੈਡਕੁਆਟਰ ਵਿਚ ਰਿਕਮੈਂਡ ਕਰ ਦਿਤਾ ਹੈ ਸਾਈਟੇਸ਼ਨ ਲਈ ! ਫਾਰ ਰਾਈਜ਼ਿੰਗ ਟੂ ਦਾ ਆਕੇਜ਼ਨ ਐਟ ਵਨਸ, ਐਂਡ ਸੇਵਿੰਗ ਦਾ ਲਾਈਫ ਆਫ ਏ ਬਰਦਰ ਆਫੀਸਰ

ਮੇਜਰ ਪੁਰੀ : **Congrats and thank you Captain Gupta** ।

[ਮੇਜਰ ਪੁਰੀ ਆਪਣੀ ਜਗਹ ਤੇ ਵਾਪਸ ਬੈਠਦਾ ਹੈ । ਸਲਾਹਕਾਰ ਜੱਜ ਵਿਕਾਸ ਰਾਏ ਵੱਲ ਵੇਖਕੇ ਸਿਰ ਹਿਲਾਉਂਦਾ ਹੈ, ਵਿਕਾਸ ਰਾਏ ਤੁਰਦਾ ਹੈ, ਤੇ ਹੌਲੀ ਹੌਲੀ ਤੁਰ ਕੇ ਡਾ ਗੁਪਤਾ ਦੇ ਨਜ਼ਦੀਕ ਖੜ੍ਹਾ ਹੋ ਜਾਂਦਾ ਹੈ]

ਕੈਪਟਨ ਰਾਏ : ਤੁਸੀਂ ਡਾਕਟਰੀ ਦਾ ਇਮਤਿਹਾਨ ਕਿਥੋਂ ਪਾਸ ਕੀਤਾ ਸੀ ਡਾ. ਗੁਪਤਾ ?

ਡਾ. ਗੁਪਤਾ : **Armed medical college** ਪੂਨਾ ਤੋਂ । **I am gold medalist**.

ਕੈਪਟਨ ਰਾਏ : **Oh great congrats again** ! ਅੱਛਾ ਤਾਂ ਹਤਿਆ ਵਾਲੀ ਰਾਤ ਨੂੰ ਤੁਸੀਂ ਖੁਦ ਸੁਣਿਆ ਸੀ ਕਿ ਰਾਮਚੰਦਰ ਚੀਖ-ਚੀਖ ਕੇ ਕਹਿ ਰਿਹਾ ਸੀ "ਮੈਨੂੰ ਛੱਡ, ਦਿਓ, ਮੈਂ ਕਪੂਰ ਨੂੰ ਮਾਰ ਦਿਆਂਗਾ" ?

ਡਾ. ਗੁਪਤਾ : ਜੀ ਹਾਂ, ਮੈਂ ਖੁਦ ਆਪਣੇ ਕੰਨਾ ਨਾਲ ਸੁਣਿਆ ਸੀ ।

ਕੈਪਟਨ ਰਾਏ : ਅੱਛਾ ? ..ਪਰ ਉਹ ਇੰਝ ਕਿਉਂ ਕਹਿ ਰਿਹਾ ਸੀ ਜਿਵੇਂ ਕਿ ਤੁਸੀਂ ਕਿਹਾ, ਕੀ ਉਹ ਪਾਗਲ ਹੋ ਗਿਆ ਸੀ ਉਸ ਰਾਤ ?

ਡਾ. ਗੁਪਤਾ : (ਵਿਅੰਗ ਨਾਲ) ਕੈਪਟਨ ਰਾਏ ! **It is a figure of speech** ਸਚਮੁਚ ਪਾਗਲ ਹੋਣ ਤੇ ਗੁਸੇ 'ਚ ਪਾਗਲ ਹੋਣ ਚ ਬਹੁਤ ਫਰਕ ਏ । ਰਾਮਚੰਦਰ ਦੇ ਸਿਰ ਤੇ ਖੂਨ ਸਵਾਰ ਸੀ ਤੇ ਉਹ ਗੁਸੇ 'ਚ ਪਾਗਲ ਹੋ ਰਿਹਾ ਸੀ । **Dont be mistaken that you can trap me I am not sudedar Balwan Singh**

ਕੈਪਟਨ ਰਾਏ : (ਮੁਸਕਰਾਕੇ) **No you are not** ! ਤੁਸੀਂ ਤਾਂ ਮੈਨੂੰ ਵਕੀਲ ਲਗਦੇ ਹੋ ! ਖੈਰ ਛਡੋ ਹੁਣ ਇਹ ਦੱਸੋ ਕਿ ਅੱਜ ਤੋਂ ਪੰਜ ਮਹੀਨੇ ਪਹਿਲਾਂ ਸਵਾਰ ਰਾਮਚੰਦਰ ਨੂੰ ਹਸਪਤਾਲ ਵਿਚ ਕਿਉਂ ਭਰਤੀ ਕਰਾਇਆ ਗਿਆ ਸੀ ? ਉਹਨੂੰ ਕੀ ਬੀਮਾਰੀ ਸੀ ?

ਡਾ. ਗੁਪਤਾ : ਟਾਈਫਾਇਡ ! ਮੈਂ ਖੁਦ ਉਸਨੂੰ ਮਿਲਟਰੀ ਹੋਸਪੀਟਲ ਭੇਜਿਆ ਸੀ ।

ਕੈਪਟਨ ਰਾਏ : ਤੁਹਾਨੂੰ ਕਿੰਝ ਪਤਾ ਕਿ ਉਹ ਬੀਮਾਰ ਸੀ ? ਕੀ ਉਸਨੇ ਸਿਕ ਰਿਪੋਰਟ ਦਿਤੀ ਸੀ ?

ਡਾ. ਗੁਪਤਾ : ਨਹੀਂ, ਉਸਨੇ ਸਿਕ ਰਿਪੋਰਟ ਨਹੀਂ ਦਿਤੀ ਸੀ । ਉਸ ਦਿਨ ਸਾਡਾ

ਰੈਜੀਮੈਂਟ ਦਾ ਏਅਰਫੋਰਸ ਵਾਲਿਆਂ ਨਾਲ ਹਾਕੀ ਮੈਚ ਸੀ, ਰਾਮਚੰਦਰ ਮੈਚ ਸ਼ੁਰੂ ਹੋਣ ਤੋਂ ਦਸ ਮਿਨਟ ਬਾਦ ਹੀ, ਹਾਕੀ ਮੈਦਾਨ ਵਿਚ ਡਿੱਗ ਪਿਆ ਤੇ ਬਹੋਸ਼ ਹੋ ਗਿਆ । ਜਦੋਂ ਉਸਨੂੰ ਉਠਾਇਆ ਤਾਂ ਪਤਾ ਲਗਾ ਕਿ ਉਸਨੂੰ ਬੁਖਾਰ ਹੈ ।

ਕੈਪਟਨ ਰਾਏ : ਕਿੰਨਾ ਬੁਖਾਰ ਸੀ ਉਸਨੂੰ ?

ਡਾ. ਗੁਪਤਾ : ਇਕ ਸੌ ਚਾਰ ਤੋਂ ਉਪਰ ! ਮੈਂ ਹੌਸਪੀਟਲ ਫੋਨ ਕਰਕੇ ਐਂਬੂਲੈਂਸ ਮੰਗਵਾਈ ਸੀ, ਮੈਂ ਟਾਈਫਾਈਡ ਲਿਖਿਆ ਸੀ ਹੌਸਪੀਟਲ ਵਿਚ ਟੈਸਟ ਕਰਨ ਤੋਂ ਬਾਅਦ ਮੇਰਾ ਡਾਇਗਨੋਸਿਸ ਕਨਫਰਮ ਹੋ ਗਿਆ ।

ਕੈਪਟਨ ਰਾਏ : ਗਰੇਟ । ਕਾਂਗ੍ਰੇਟਸ ! ਤੁਹਾਡੀ ਦਸੀ ਹੋਈ ਬੀਮਾਰੀ ਗਲਤ ਕਿਵੇਂ ਹੋ ਹੋ ਸਕਦੀ ਹੈ **Afterall you are gold medalist !** ਅੱਛਾ – ਤਾਂ ਹਾਕੀ ਮੈਚ ਚਾਰ ਵਜੇ ਸ਼ੁਰੂ ਹੋਇਆ ਸੀ, ਤੇ ਰਾਮਚੰਦਰ ਦਸ ਮਿਨਟ ਬਾਦ ਹੀ ਬੇਹੋਸ਼ ਹੋ ਕੇ ਡਿੱਗ ਪਿਆ, ਤਾਂ ਕੀ ਦਸ ਮਿਨਟ ਵਿਚ ਹੀ ਇਕ ਸੌ ਚਾਰ ਬੁਖਾਰ ਚੜ੍ਹ ਸਕਦਾ ਹੈ ?

ਡਾ. ਗੁਪਤਾ : ਨਹੀਂ ! ਟਾਈਫਾਈਡ ਇਕਦਮ ਨਹੀਂ ਚੜ੍ਹਦਾ – ਮਲੇਰੀਏ ਦੇ ਵਾਂਗ ਉਸਨੂੰ ਮੈਚ ਸ਼ੁਰੂ ਹੋਣ ਤੋਂ ਪਹਿਲਾਂ ਹੀ ਬੁਖਾਰ ਹੋਣਾ ਸ਼ੁਰੂ ਗਿਆ ਸੀ ।

ਕੈਪਟਨ ਰਾਏ : ਕੀ ਤੁਹਾਨੂੰ ਮੈਚ ਤੋਂ ਪਹਿਲਾਂ ਪਤਾ ਨਹੀਂ ਸੀ ਕਿ ਉਸਨੂੰ ਤੇਜ਼ ਬੁਖਾਰ ਹੈ ?

ਡਾ. ਗੁਪਤਾ : ਕਿਵੇਂ ਪਤਾ ਹੁੰਦਾ ? ਮੈਚ ਸ਼ੁਰੂ ਹੋਣ ਤੋਂ ਪਹਿਲਾਂ ਖਿਡਾਰੀਆਂ ਨੂੰ ਥਰਮਾਮੀਟਰ ਨਹੀਂ ਲਗਾਇਆ ਜਾਂਦਾ ।

[ਕੋਰਟ ਵਿਚ ਹਲਕਾ ਜਿਹਾ ਹਾਸਾ । ਸੂਰਤ ਸਿੰਘ ਵੀ ਮੁਸਕਰਾਕੇ ਵਿਕਾਸ ਰਾਏ ਵੱਲ ਵੇਖਦਾ ਹੈ ]

ਕੈਪਟਨ ਰਾਏ । (ਮੁੜ ਕੇ) **Oh, I see ! I didn't know that !** ਮੇਰੀ ਜਾਣਕਾਰੀ ਬਹੁਤ ਥੋੜੀ ਹੈ, ਇਸ ਲਈ ਇਕ ਹੋਰ ਗੱਲ ਦੱਸੋਗੇ ? ਕੀ ਥਰਮਾਮੀਟਰ ਲਗਾਏ ਬਿਨਾਂ ਪਤਾ ਨਹੀਂ ਲੱਗ ਸਕਦਾ ਕਿ ਬੁਖਾਰ ਕਿੰਨਾ ਹੈ ?

ਡਾ. ਗੁਪਤਾ : ਪਲਸ ਵੇਖਕੇ ਅੰਦਾਜ਼ਾ ਤਾਂ ਲਗਾਇਆ ਜਾ ਸਕਦਾ ਹੈ । ਪਰ ਠੀਕ-ਠੀਕ ਕਿੰਨਾ ਹੈ, ਇਹ ਜਾਨਣ ਲਈ ਥਰਮਾਮੀਟਰ ਤਾਂ ਲਗਾਣਾ ਹੀ ਪਵੇਗਾ ।

ਕੈਪਟਨ ਰਾਏ : **Thahk you Dr Gupta, Thanks a lot for guiding me**

[ਮੁੜਕੇ ਕਪੂਰ ਦੀ ਕੁਰਸੀ ਵੱਲ ਵਧਦਾ ਹੈ । ਡਾ. ਗੁਪਤਾ ਸਮਝਦਾ ਹੈ ਕਿ ਉਸਦੀ ਗਵਾਹੀ ਖਤਮ ਹੋ ਗਈ ਉਹ ਆਪਣੀ ਜਗਹ ਵੱਲ ਜਾਣ ਲਗਦਾ ਹੈ ।]

ਡਾ. ਗੁਪਤਾ : **My pleasure ! You are always welcome** ... (ਜਾਣ



ਲਗਦਾ ਹੈ )

[ਵਿਕਾਸ ਰਾਏ ਜੋ ਕਪੂਰ ਵਲ ਵੇਖ ਰਿਹਾ ਸੀ, ਬਿਨਾ ਮੁੜੇ ਡਾ. ਗੁਪਤਾ ਨੂੰ ਕਹਿੰਦਾ ਹੈ]

ਕੈਪਟਨ ਰਾਏ : ਹਾਲੇ ਖੜ ਰਹੋ ਡਾ. ਗੁਪਤਾ...ਮੇਰੀ ਬਹਿਸ ਖਤਮ ਨਹੀਂ ਹੋਈ ।

[ਡਾ. ਗੁਪਤਾ ਘਬਰਾ ਕੇ ਵਾਪਸ ਆਉਂਦਾ ਹੈ]

ਡਾ. ਗੁਪਤਾ : (ਮਾਫੀ ਮੰਗਣ ਦੇ ਲਹਿਜੇ ਨਾਲ) **Oh, I am sorry ! I thought you have finished !**

ਕੈਪਟਨ ਰਾਏ : **No ! Not yet** (ਤੇਜ਼ੀ ਨਾਲ ਆ ਕੇ ਹਮਲਾ ਕਰਦੇ ਹੋਏ) ਮੈਚ ਵਾਲੇ ਦਿਨ ਸਿਕ ਰਿਪੋਰਟ ਲਈ ਰਾਮਚੰਦਰ ਨੂੰ ਤੁਹਾਡੇ ਕੋਲ ਕਿੰਨੇ ਵਜੇ ਲਿਆਂਦਾ ਗਿਆ ਸੀ ?

ਡਾ. ਗੁਪਤਾ : (ਡਰ ਨਾਲ) ਸਿਕ ਰਿਪੋਰਟ ? ਸਿਕ ਰਿਪੋਰਟ ਦਾ ਟਾਈਮ ਤਾਂ ਨੌਂ ਵਜੇ ਦਾ ਹੁੰਦਾ ਹੈ ।

ਕੈਪਟਨ ਰਾਏ : (ਉਸੇ ਤਰ੍ਹਾਂ) ਮੈਂ ਇਹ ਨਹੀਂ ਪੁਛਿਆ ਕਿ ਰਿਪੋਰਟ ਦਾ ਕੀ ਟਾਈਮ ਹੁੰਦਾ ਹੈ ? ਮੈਂ ਪੁਛਿਆ ਹੈ ਕਿ ਰਾਮ ਚੰਦਰ ਨੂੰ ਕਿੰਨੇ ਵਜੇ ਲਿਆਂਦਾ ਗਿਆ ਸੀ ਤੁਹਾਡੇ ਕੋਲ ? ਹਵਾਲਦਾਰ ਰਾਜ ਸਿੰਘ ਤੇ ਦੋ ਜਵਾਨ ਸੰਭਾਲ ਕੇ ਲਿਆਏ ਸੀ ਉਸਨੂੰ । ਯਾਦ ਕਰਕੇ ਦੱਸੋ ਕਿ ਉਸਨੂੰ ਕਿੰਨੇ ਵਜੇ ਲਿਆਂਦਾ ਗਿਆ ਸੀ ਤੁਹਾਡੇ ਕੋਲ ?

ਡਾ. ਗੁਪਤਾ : ਮੈਨੂੰ . ਟਾਈਮ ਯਾਦ ਨਹੀਂ ਹੁਣ

ਕੈਪਟਨ ਰਾਏ : ਹਵਾਲਦਾਰ ਰਾਜ ਸਿੰਘ ਤੇ ਬਾਕੀ ਦੋਵੇਂ ਜਵਾਨਾਂ ਦੇ ਹੱਥਾਂ ਉਤੇ ਘੜੀਆਂ ਸਨ । ਕਹੋ ਤੇ ਉਹਨਾਂ ਨੂੰ ਸੱਦਾਂ ? ਉਹ ਤੁਹਾਨੂੰ ਯਾਦ ਕਰਵਾ ਦੇਣਗੇ ਕਿ ਕਿੰਨੇ ਵਜੇ ਲਿਆਂਦਾ ਗਿਆ ਸੀ ਤੁਹਾਡੇ ਕੋਲ ਰਾਮਚੰਦਰ ਨੂੰ । ਮੈਚ ਤੋਂ ਪਹਿਲਾਂ ਜਾਂ ਮੈਚ ਤੋਂ ਬਾਦ ।

[ਡਾ. ਗੁਪਤਾ ਸਹਿਮਿਆਂ ਹੋਇਆ ਹੈ । ਉਹ ਕੋਈ ਜਵਾਬ ਨਹੀਂ ਦੇਂਦਾ । ਸੂਰਤ ਸਿੰਘ ਗੁਸੇ 'ਚ]

ਸੂਰਤ ਸਿੰਘ : (ਹੌਲੀ ਆਵਾਜ਼ 'ਚ) ਜਵਾਬ ਦਉ. ਕੈਪਟਨ, **Dont be dumb !**

ਕੈਪਟਨ ਰਾਏ : ਅੱਛਾ, ਚਲੋ ..ਛੱਡੋ ਇਸ ਸਵਾਲ ਨੂੰ ਕਿ ਉਸਨੂੰ ਕਿੰਨੇ ਵਜੇ ਤੁਹਾਡੇ ਕੋਲ ਲਿਆਂਦਾ ਗਿਆ, ਹੁਣ ਇਹ ਜ਼ਰੂਰੀ ਵੀ ਤੇ ਨਹੀਂ ਹੈ ਕਿ ਜਦੋਂ ਵੀ ਕੋਈ ਸਿਕ ਰਿਪੋਰਟ ਕਰਨ ਆਵੇ ਤੁਸੀਂ ਘੜੀ ਵੇਖਦੇ ਰਹੋ । ਫਿਲਹਾਲ ਇਕ ਦੂਸਰਾ ਸਵਾਲ ਪੁਛਦਾ ਹਾਂ ਤੁਹਾਡੇ ਕੋਲੋਂ, ਬਹੁਤ ਆਸਾਨ ਜਿਹਾ । ਜਦੋਂ ਹਵਾਲਦਾਰ ਰਾਜ ਸਿੰਘ ਤੇ ਹੋਰ ਦੋ ਜਵਾਨ, ਰਾਮਚੰਦਰ ਦੀ ਸਿਕ ਰਿਪੋਰਟ ਲਈ ਲੈ ਕੇ ਆਏ ਤਾਂ ਉਸ ਸਮੇ ਤੁਹਾਡੇ ਕੋਲ ਇਕ ਹੋਰ ਆਦਮੀ ਬੈਠਾ ਹੋਇਆ ਸੀ । ਕੀ ਤੁਸੀਂ ਦਸੋਗੇ,

ਉਹ ਆਦਮੀ ਕੌਣ ਸੀ ?

[ਡਾ. ਗੁਪਤਾ ਚੁਪ ਰਹਿੰਦਾ ਹੈ]

ਸੂਰਤ ਸਿੰਘ : (ਗਰਜਦੀ ਆਵਾਜ਼ ਵਿਚ) ਜਵਾਬ ਦਉ ਕੈਪਟਨ।

ਡਾ. ਗੁਪਤਾ : (ਜਲਦੀ ਨਾਲ) ਕੈਪਟਨ ਕਪੂਰ। ਕੈਪਟਨ ਕਪੂਰ ਬੈਠਾ ਹੋਇਆ ਸੀ ਮੇਰੇ ਪਾਸ।

ਕੈਪਟਨ ਰਾਏ : ਅੱਛਾ। ਕੀ ਰਾਮਚੰਦਰ ਨੂੰ ਥਰਮਾਮੀਟਰ ਲਗਾਇਆ ਸੀ ਤੁਸੀਂ ?

[ਡਾ. ਗੁਪਤਾ ਫਿਰ ਚੁਪ ਹੋ ਜਾਂਦਾ ਹੈ]

ਸ. ਜੱਜ : ਕੈਪਟਨ ਗੁਪਤਾ ! ਚੁਪ ਰਹਿਣ ਨਾਲ ਤੁਸੀਂ ਬਚ ਨਹੀਂ ਸਕਦੇ। ਮੈਨੂੰ ਡਰ ਹੈ ਕਿ ਕਿਧਰੇ ਤੁਹਾਡੇ ਤੇ ਆਰਮੀ ਐਕਟ 39 ਦੇ ਮੁਤਾਬਿਕ ਕੇਸ ਨਾ ਚਲਾਉਣਾ ਪਵੇ : ਬੀਹੇਵੀਅਰ ਅਨਬੀਕਮਿੰਗ ਆਫ ਐਡ ਆਫੀਸਰ। ਇਜ਼ ਇਟ ਕਲੀਅਰ ਟੂ ਯੂ ?

ਡਾ. ਗੁਪਤਾ : ਸਰ ! ਜਾਨੀਜ਼ ਤਾਂ ਅਕਸਰ ਬੀਮਾਰੀ ਦਾ ਬਹਾਨਾ ਕਰਦੇ ਰਹਿੰਦੇ ਨੇ। ਇਸ ਲਈ ਥਰਮਾਮੀਟਰ ਨਹੀਂ ..

ਕੈਪਟਨ ਰਾਏ : (ਟੋਕਕੇ) ਇਹ "ਜਾਨੀਜ਼" ਕੀ ਹੁੰਦਾ ਹੈ, ਡਾ. ਗੁਪਤਾ ?

ਡਾ. ਗੁਪਤਾ : 'ਜਾਨੀਜ਼' ਮਤਲਬ ਜਵਾਨ ! ਜਵਾਨਾਂ ਨੂੰ 'ਜਾਨੀਜ਼' ਕਿਹਾ ਜਾਂਦਾ ਹੈ ਸਰ।

ਕੈਪਟਨ ਰਾਏ : ਤੁਸੀਂ ਮੈਨੂੰ 'ਸਰ' ਕਿਉਂ ਕਹਿ ਰਹੇ ਓ, ਡਾ. ਗੁਪਤਾ ? ਤੁਹਾਡਾ ਤੇ ਮੇਰਾ ਇਕੋ ਰੈਂਕ ਹੈ ਕੈਪਟਨ ਦਾ। ਤੁਹਾਨੂੰ ਸ਼ਾਇਦ ਯਾਦ ਹੋਵੇਗਾ ਕਿ ਗੁਲਾਮੀ ਦੇ ਦਿਨਾਂ ਵਿਚ ਅੰਗ੍ਰੇਜ਼ ਅਫਸਰ ਹਿੰਦੁਸਤਾਨੀ ਸਿਪਾਹੀਆਂ ਨੂੰ ਜਾਨੀਜ਼ ਕਹਿੰਦੇ ਸੀ। ਇਹ 'ਜਾਨੀਜ਼' ਸ਼ਬਦ ਗਾਲ੍ਹ ਸੀ, ਗਾਲ੍ਹ। ਖੈਰ, ਜਾਣ ਦਿਉ। ਜੇ ਤੁਹਾਨੂੰ ਜਵਾਨ ਦੀ ਜਗਹ, ਏਹੀ ਸ਼ਬਦ ਵਰਤਣਾ ਚੰਗਾ ਲਗਦਾ ਏ ਤਾਂ ਮੈਂ ਕੌਣ ਹੁੰਦਾ ਵਾਂ ਤੁਹਾਨੂੰ ਰੋਕਣ ਵਾਲਾ ? ਪਰ ਤੁਹਾਨੂੰ 'ਬਿਨਾਂ ਨਬਜ਼ ਦੇਖੇ ਥਰਮਾਮੀਟਰ ਲਗਾਏ ਪਤਾ ਲਗ ਜਾਂਦਾ ਹੈ ਕਿ 'ਜਾਨੀਜ਼' ਰਾਮਚੰਦਰ ਝੂਠ ਬੋਲ ਰਿਹਾ ਹੈ, ਇਹ ਤਾਂ ਕਮਾਲ ਹੋ ਗਿਆ। **You are really a gold medalist**

ਡਾ. ਗੁਪਤਾ : (ਚੀਖਕੇ) ਨਹੀਂ ਲਗਾਇਆ ਸੀ ਮੈਂ ਥਰਮਾਮੀਟਰ। ਨਹੀਂ ਵੇਖੀ ਸੀ ਪਲਸ। ਕਿਉਂਕਿ ਉਸਦੀ ਜ਼ਰੂਰਤ ਹੀ ਨਹੀਂ ਸੀ। ਕੈਪਟਨ ਕਪੂਰ ਨੇ ਕਿਹਾ ਸੀ ਕਿ ਰਾਮਚੰਦਰ ਨੂੰ ਕੁਝ ਨਹੀਂ ਹੋਇਆ। ਬੀਮਾਰੀ ਦਾ ਬਹਾਨਾ ਕਰ ਰਿਹਾ ਏ।

ਕੈਪਟਨ ਰਾਏ : ਡਾ. ਤੁਸੀਂ ਹੋ ਜਾਂ ਕੈਪਟਨ ਕਪੂਰ ? ਕੈਪਟਨ ਕਪੂਰ ਨੇ ਤੁਹਾਨੂੰ ਅੰਗ੍ਰੇਜ਼ੀ 'ਚ ਬੋਲਕੇ ਰੋਕਿਆ ਸੀ ਥਰਮਾਮੀਟਰ ਲਗਾਉਣ ਤੋਂ। ਗਾਲ੍ਹ ਦੇ ਕੇ। ਗਾਲ੍ਹ ਹਵਾਲਦਾਰ ਰਾਜ ਸਿੰਘ ਨੇ ਤੇ ਉਸਦੇ ਸਾਥੀਆਂ ਨੇ ਵੀ



ਸੁਣੀ ਸੀ। ਏਨੀਂ ਅੰਗ੍ਰੇਜ਼ੀ ਆਉਂਦੀ ਹੈ, ਇਹਨਾਂ ਤਿੰਨਾਂ ਨੂੰ। ਦੱਸੋ ਐਗਜ਼ੈਕਟਲੀ ਕੀ ਕਿਹਾ ਸੀ ਕੈਪਟਨ ਕਪੂਰ ਨੇ ?

ਡਾ. ਗੁਪਤਾ : **This basterd is shamming ! Nothing is wrong with him !**

ਕੈਪਟਨ ਰਾਏ : ਮਤਲਬ ਕਿ ਹਰਾਮੀ ਰਾਮਚੰਦਰ ਬੀਮਾਰੀ ਦਾ ਬਹਾਨਾ ਕਰ ਰਿਹਾ ਹੈ। ਕੁਝ ਨਹੀਂ ਹੋਇਆ ਇਸਨੂੰ। ਗਰੇਟ। ਕਾਂਗਰੇਟਸ, ਡਾ. ਗੁਪਤਾ। ਮੈਂ ਹੋਰ ਕੁਝ ਨਹੀਂ ਪੁਛਣਾ ਤੁਹਾਡੇ ਕੋਲੋਂ। ਤੁਹਾਨੂੰ ਤੇ ਸੁਨਹਰੀ ਤਗਮਾ ਮਿਲਿਆ ਏ ਨਾ—ਸਰਵਸ੍ਰੇਸ਼ਠ ਡਾਕਟਰ ਹੋਣ ਦਾ। ਸ਼ੁਕਰੀਆ ਬਹੁਤ-ਬਹੁਤ ਸ਼ੁਕਰੀਆ ਤੁਹਾਡਾ **Now I have finished.**

[ਵਿਕਾਸ ਰਾਏ ਬੈਠਦਾ ਹੈ, ਡਾ. ਗੁਪਤਾ ਖੜਾ ਰਹਿੰਦਾ ਹੈ]

ਸ. ਜੱਜ : ਕੈਪਟਨ ਗੁਪਤਾ। ਆਪਣੀ ਜਗਹ ਤੇ ਵਾਪਸ ਜਾਉ। ਕਿਉਂ ਖੜੇ ਓ ਹੁਣ ਤਕ ? ਸਵਾਲ ਖਤਮ ਹੋ ਗਏ ..

[ਡਾ. ਗੁਪਤਾ ਜਾਣ ਲਗਦਾ ਹੈ]

ਸੂਰਤ ਸਿੰਘ : **No** ਸਵਾਲ ਹਾਲੇ ਖਤਮ ਨਹੀਂ ਹੋਏ। **Come here, Mr. gold medalist !** ਸੁਣ ! ਹੁਣ ਤੋਂ ਈ ਸਿਵਿਲ ਵਿਚ ਨੌਕਰੀ ਲਭਣਾ ਸ਼ੁਰੂ ਕਰਦੇ। **And forget about that bloody citation !**

[ਡਾ. ਗੁਪਤਾ ਭਾਰੀ ਕਦਮਾਂ ਨਾਲ ਤੁਰਕੇ ਆਪਣੀ ਕੁਰਸੀ ਤੇ ਬੈਠਦਾ ਹੈ। ਗਾਰਡ ਦੇ ਬੂਟਾਂ ਦੀ ਆਵਾਜ਼ ! ਗਾਰਡ ਕਰਨਲ ਦੇ ਨਜ਼ਦੀਕ ਆਕੇ ਅਡੀਆਂ ਠੋਕਕੇ ਕਹਿੰਦਾ ਹੈ]

ਗਾਰਡ : ਸਰ ! ਚਾਹ ਦਾ ਟਾਇਮ ਹੋ ਗਿਆ, ਸਰ। ਇਥੇ ਈ ਪੀਵ ਗੇ ਜਾਂ ਨਾਲ ਵਾਲੇ ਕਮਰੇ 'ਚ ?

ਸੂਰਤ ਸਿੰਘ : (ਉਠਦੇ ਹੋਏ) ਨਾਲ ਵਾਲੇ ਕਮਰੇ 'ਚ। ਬਰੇਕ - ਦਸ ਮਿਨਟ।

[ਪਹਿਲਾਂ ਸੂਰਤ ਸਿੰਘ ਕਮਰੇ ਚੋਂ ਬਾਹਰ ਜਾਂਦਾ ਹੈ ਫਿਰ ਬਾਕੀ ਅਫਸਰ। ਹਰ ਇਕ ਦੇ ਜਾਣ ਤੇ ਗਾਰਡ ਪੈਰ ਠੋਕਦਾ ਹੈ ਪਰ ਜਦੋਂ ਕੈਪਟਨ ਕਪੂਰ ਜਾਂਦਾ ਹੈ, ਗਾਰਡ ਸਲੂਟ ਨਹੀ ਮਾਰਦਾ। ਕਪੂਰ ਰੁਕ ਜਾਂਦਾ ਹੈ। ਇਕ ਪਲ ਦੀ ਖਾਮੋਸ਼ੀ। ਫਿਰ ਕਪੂਰ ਕੜੇ ਸ਼ਬਦਾਂ ਵਿਚ ਪੁਛਦਾ ਹੈ ]

ਕੈਪਟਨ ਕਪੂਰ : (ਗਾਰਡ ਨੂੰ) ਮੈਨੂੰ ਸਲੂਟ ਕਿਉਂ ਨਹੀਂ ਕੀਤਾ ਤੂੰ ? (ਵਕਫਾ) ਮੈਂ ਤੇਰਾ ਅਫਸਰ ਹਾਂ ! ਕੈਪਟਨ ਕਪੂਰ !

[ਗਾਰਡ ਬਿਨਾਂ ਕਿਸੇ ਪ੍ਰਤੀਕਿਰਿਆ ਦੇ ਨਿਸ਼ਚਿਲ ਖੜਾ ਰਹਿੰਦਾ ਹੈ। ਕਪੂਰ ਇਕ-ਦੋ ਪਲ ਉਸਨੂੰ ਘੂਰਦਾ ਹੈ, ਫਿਰ ਗੁਸੇ 'ਚ ਬਾਹਰ ਜਾਂਦਾ ਹੈ। ਇਕਾਂਤ। ਗਾਰਡ ਕਪੂਰ ਦੀ ਦਿਸ਼ਾ ਵਲ ਵੇਖਦਾ ਹੈ ਤੇ ਇਕ

ਪਾਸੇ ਜ਼ੋਰ ਨਾਲ 'ਥੂ' ਕਰਕੇ ਥੁਕਦਾ ਹੈ। ਸੰਗੀਤ। ਹਨੇਰਾ। ਕੁਝ ਪਲ ਬਾਅਦ ਰੋਸ਼ਨੀ ਬਦਲਦੀ ਹੈ। ਵਿਕਾਸ ਰਾਏ ਪ੍ਰਵੇਸ਼ ਕਰਦਾ ਹੈ, ਗਾਰਡ ਉਸਨੂੰ ਸਲੂਟ ਮਾਰਦਾ ਹੈ। ਵਿਕਾਸ ਰਾਏ ਅੰਦਰ ਆਕੇ ਖੜਾ ਹੋ ਜਾਂਦਾ ਹੈ ਤੇ ਸੋਚਾਂ ਵਿਚ ਡੁਬ ਜਾਂਦਾ ਹੈ। ਕੁਝ ਪਲ ਬਾਦ ਕੈਪਟਨ ਕਪੂਰ ਦਾ ਪ੍ਰਵੇਸ਼। ਗਾਰਡ ਉਸਨੂੰ ਸਲੂਟ ਨਹੀਂ ਕਰਦਾ। ਕਪੂਰ ਵਿਕਾਸ ਰਾਏ ਦੇ ਨਜ਼ਦੀਕ ਪਹੁੰਚਦਾ ਹੈ।]

ਕੈਪਟਨ ਕਪੂਰ : (ਵਿਕਾਸ ਰਾਏ ਦੇ ਪਿਛੇ ਖੜੇ ਹੋ ਕੇ) What are you doing this evening ਵਿਕਾਸ ?

ਕੈਪਟਨ ਰਾਏ : (ਚੌਂਕਕੇ) What ?

ਕੈਪਟਨ ਕਪੂਰ : ਮੈਂ ਪੁਛਿਆ...ਕੀ ਕਰ ਰਹੇ ਹੋ ਅੱਜ ਦੀ ਸ਼ਾਮ ? Wny dont you drop in at mv place ?

ਕੈਪਟਨ ਰਾਏ : ਕਿਉਂ ? ਕੀ ਕਰਾਂਗਾ ਮੈਂ ਤੁਹਾਡੇ ਘਰ ਆਕੇ ?

ਕੈਪਟਨ ਕਪੂਰ : ਬੈਠਾਂਗੇ। we will have drinks ! ਹੋਰ ਕੀ ?

ਕੈਪਟਨ ਰਾਏ : Sorry ! ਮੈਂ ਸ਼ਰਾਬ ਨਹੀਂ ਪੀਂਦਾ।

ਕੈਪਟਨ ਕਪੂਰ : ਫੇਰ ਕੀ ਹੋਇਆ ਕੁਝ ਹੋਰ ਮਜ਼ੇ ਕਰਾਂਗੇ।

ਕੈਪਟਨ ਰਾਏ : ਤੁਹਾਡੇ ਮਜ਼ੇ ਕੀ ਹੁੰਦੇ ਨੇ ਕੈਪਟਨ ਕਪੂਰ ? ਕਿਸੇ ਬਜ਼ਾਰੂ ਔਰਤ ਨੂੰ ਘਰ ਲੈ ਕੇ ਆਉਗੇ ਤੁਸੀਂ ? ਤੁਹਾਡੀ ਵਾਈਫ ਤਾਂ ਕਈ ਮਹੀਨਿਆਂ ਤੋਂ ਤੁਹਾਡੇ ਨਾਲ ਨਹੀਂ ਰਹਿ ਰਹੀ, ਹੈ ਨਾ ?

ਕੈਪਟਨ ਕਪੂਰ : ਯਾਰ ਇਹ ਕਿੱਦਾਂ ਬੋਲ ਰਿਹੈਂ। ਅਸੀਂ ਦੋਵੇਂ ਇਕੋ ਰੈਂਕ ਦੇ ਆਦਮੀ ਹਾਂ ਦੋਸਤਾਂ ਵਾਂਗ ਗੱਲ ਕਰ।

ਕੈਪਟਨ ਰਾਏ : ਨਹੀਂ ਹਰ ਅਪਰਾਧੀ ਮੇਰੇ ਲਈ ਦੁਸ਼ਮਣ ਹੁੰਦਾ ਏ। ਤੇ ਅਪ-ਰਾਧੀਆਂ ਨਾਲ ਨਾ ਤਾਂ ਮੈਂ ਗੱਲ ਕਰਦਾ ਤੇ ਨਾ ਹੀ ਉਠਦਾ ਬੈਠਦਾਂ।

ਕੈਪਟਨ ਕਪੂਰ : (ਗੁਸੇ ਨਾਲ) What the hell do yon mean ? ਗੋਲੀ ਮੈਨੂੰ ਲੱਗੀ ਹੈ ਤੇ ਤੂੰ ਮੈਨੂੰ ਹੀ ਅਪਰਾਧੀ ਕਹਿ ਰਿਹਾ ਹੈਂ। ਖੂਨੀ ਮੈਂ ਹਾਂ ਜਾਂ ਰਾਮ ਚੰਦਰ ? ਤੂੰ ਇਕ ਅਫ਼ਸਰ ਏਂ ਤੇ ਦੂਸਰੇ ਅਫਸਰ ਨਾਲ ਪਿਆਰ ਨਾਲ ਗੱਲ ਕਰ।

ਕੈਪਟਨ ਰਾਏ : ਅਫ਼ਸਰਾਂ ਵਾਲੇ ਹਰਾਮੀ ਭਾਈਚਾਰੇ 'ਚ ਮੇਰਾ ਕੋਈ ਵਿਸ਼ਵਾਸ ਨਹੀਂ ਹੈ ਕੈਪਟਨ ਕਪੂਰ। ਅੱਜ ਤੋਂ ਬਾਦ ਨਾ ਕਦੀ ਮੇਰਾ ਰਸਤਾ ਰੋਕੀਂ ਤੇ ਨਾ ਹੀ ਮੇਰੇ ਨਾਲ ਗੱਲ ਕਰੀਂ, ਸਮਝ ਗਏ ?

ਕੈਪਟਨ ਕਪੂਰ : Dont threaten me ਬਹੁਤ ਵੇਖੇ ਨੇ ਮੈਂ ਤੇਰੇ ਵਰਗੇ।

ਕੈਪਟਨ ਰਾਏ : (ਮੁਸਕਰਾ ਕੇ) ਅੱਛਾ ? ਤੁਹਾਨੂੰ ਬੰਗਲਾ ਭਾਸ਼ਾ ਆਉਂਦੀ ਹੈ ?

ਕੈਪਟਨ ਕਪੂਰ : (ਹੈਰਾਨੀ ਨਾਲ) ਨਹੀਂ ਕਿਉਂ ?

ਕੈਪਟਨ ਰਾਏ : ਬੰਗਲਾ ਭਾਸ਼ਾ 'ਚ ਮੁਹਾਵਰਾ ਹੈ ਬਾਘ ਯਾਨੀ ਸ਼ੇਰ ਜਦੋਂ ਝਪੱਟਾ



ਮਾਰਦਾ ਹੈ ਤਾਂ ਘੱਟ ਤੋਂ ਘੱਟ 7 ਜ਼ਖਮ ਕਰਦਾ ਹੈ। ਇਸ ਗੱਲ ਨੂੰ ਹਮੇਸ਼ਾਂ ਯਾਦ ਰੱਖਿਓ। ਸਮਝੇ ?

[ਸੰਗੀਤ। ਸਭ ਲੋਕਾਂ ਦਾ ਪਰਵੇਸ਼। ਸਭ ਆਪਣੀ ਆਪਣੀ ਥਾਂ ਤੇ ਬੈਠਦੇ ਨੇ। ਮੇਜਰ ਪੁਰੀ ਉਠ ਕੇ ਕਹਿੰਦਾ ਹੈ]

ਮੇਜਰ ਪੁਰੀ : ਸਰ ! ਪ੍ਰਾਸੀਕਿਊਸ਼ਨ ਦੇ ਅਗਲੇ ਗਵਾਹ ਨੇ ਕੈਪਟਨ ਬੀ. ਡੀ. ਕਪੂਰ।

[ਕਪੂਰ ਉਠਕੇ ਗਵਾਹੀ ਲਈ ਆਉਂਦਾ ਹੈ]

ਮੇਜਰ ਪੁਰੀ : ਕੈਪਟਨ ਕਪੂਰ ਕੀ ਗਵਾਹ ਰਾਮ ਚੰਦਰ ਨੇ ਉਸ ਰਾਤ ਤੁਹਾਨੂੰ ਚੈਲੰਜ ਕੀਤਾ ਸੀ ? ਤੁਹਾਨੂੰ ਆਈਡੈਂਟਿਟੀ ਪੁੱਛੀ ਸੀ ?

ਕੈਪਟਨ ਕਪੂਰ : ਨੋ ਸਰ। He opened fire without challenging us

ਮੇਜਰ ਪੁਰੀ : (ਜੱਜਾਂ ਨੂੰ) ਮੈਂ ਹੋਰ ਕੋਈ ਸਵਾਲ ਨਹੀਂ ਪੁਛਣਾ ਸਰ। ਇਸ ਤੋਂ ਬਾਦ ਜੋ ਕੁਝ ਹੋਇਆ ਉਹ ਗਵਾਹ ਪਹਿਲਾ ਹੀ ਦੱਸ ਚੁਕੇ ਨੇ। I don't want to waste the time of this court

(ਥੋੜਾ ਵਕਫਾ। ਸਾਰੇ ਵਿਕਾਸ ਰਾਏ ਵਲ ਵੇਖਦੇ ਨੇ। ਸੂਰਤ ਸਿੰਘ ਸਲਾਹਕਾਰ ਜੱਜ ਵੱਲ ਵੇਖਦਾ ਹੈ। ਜੱਜ ਕਹਿੰਦਾ ਹੈ]

ਸ. ਜੱਜ : ਕੈਪਟਨ ਰਾਏ ਡਾਂਟ ਯੂ ਵਿਸ਼ ਟੂ ਕਰੌਸ ਐਕਜ਼ੈਮਨ ਕੈਪਟਨ ਕਪੂਰ ?

ਕੈਪਟਨ ਰਾਏ : (ਉਠ ਕੇ) ਨੋ ਸਰ, ਨਾਟ ਐਟ ਦਿਸ ਟਾਇਮ। ਪਰ ਬਾਦ 'ਚ ਮੈਨੂੰ ਮੌਕਾ ਦਿਤਾ ਜਾਏ ਇਨ੍ਹਾਂ ਨੂੰ ਦੁਬਾਰਾ ਬੁਲਾਉਣ ਦਾ।

[ਸਭ ਮੇਜਰ ਪੁਰੀ ਨੂੰ ਦੇਖਦੇ ਨੇ]

ਮੇਜਰ ਪੁਰੀ (ਕੈਪਟਨ ਕਪੂਰ ਨੂੰ) ਥੈਂਕ ਯੂ ਕਪੂਰ, (ਕਪੂਰ ਕੁਝ ਹੈਰਾਨੀ 'ਚ ਡੁਬਿਆ ਹੋਇਆ ਆਪਣੀ ਸੀਟ ਤੇ ਬੈਠਦਾ ਹੈ। ਮੇਜਰ ਪੁਰੀ ਜੱਜਾਂ ਨੂੰ ਕਹਿੰਦਾ ਹੈ) ਸਰ ! ਪ੍ਰਾਸੀਕਿਊਸ਼ਨ ਦੇ ਆਖਰੀ ਗਵਾਹ ਨੇ ਰੈਜੀਮੈਂਟ ਦੇ ਕਮਾਂਡਿੰਗ ਆਫੀਸਰ, ਲੈਫਟੀਨੈਂਟ ਕਰਨਲ ਬਤਜਿੰਦਰ ਸਿੰਘ ਰਾਵਤ।

[ਰਾਵਤ ਗਵਾਹੀ ਲਈ ਆਉਂਦਾ ਹੈ]

ਮੇਜਰ ਪੁਰੀ : ਸਰ ! ਕੀ ਕਦੀ ਗਵਾਹ ਰਾਮ ਚੰਦਰ ਨੇ ਕੈਪਟਨ ਕਪੂਰ ਜਾਂ ਸਵਰਗੀ ਕੈਪਟਨ ਵਰਮਾ ਦੇ ਖਿਲਾਫ ਕੋਈ ਸ਼ਿਕਾਇਤ ਕੀਤੀ ਹੋਵੇ ?

ਰਾਵਤ : ਨਹੀਂ !

ਮੇਜਰ ਪੁਰੀ : ਕੋਈ ਲੜਾਈ ? ਕੋਈ ਝਗੜਾ ? ਕੋਈ ਮਨ ਮੁਟਾਵ ਜਾਂ ਦੁਸ਼ਮਣੀ ?

ਰਾਵਤ : ਨਹੀਂ।

ਮੇਜਰ ਪੁਰੀ : ਇਨ੍ਹਾਂ ਦੋਹਾਂ ਅਫਸਰਾਂ ਦਾ ਰਿਕਾਰਡ ਕੈਸਾ ਰਿਹੈ ?

ਰਾਵਤ : ਬਹੁਤ ਅੱਛਾ।

ਮੇਜਰ ਪੁਰੀ : ਥੈਂਕ ਯੂ ਸਰ ! (ਜੱਜਾਂ ਨੂੰ) ਨੋ ਫਰਦਰ ਕੁਐਸ਼ਚਨਜ਼ ਸਰ । (ਵਿਕਾਸ ਰਾਏ ਉਠ ਕੇ ਰਾਵਤ ਦੇ ਨੇੜੇ ਆਉਂਦਾ ਹੈ ।)

ਕੈਪਟਨ ਰਾਏ : ਸਰ ! ਤੁਸੀਂ ਹੁਣੇ ਕਿਹਾ ਕਿ ਰਾਮ ਚੰਦਰ ਤੇ ਇਨ੍ਹਾਂ ਅਫ਼ਸਰਾਂ ਦੇ ਵਿਚ ਕੋਈ ਦੁਸ਼ਮਣੀ ਜਾਂ ਮਨ ਮੁਟਾਵ ਨਹੀਂ ਹੋਇਆ । ਤਾਂ ਫੇਰ ਰਾਮ ਚੰਦਰ ਨੇ ਉਨ੍ਹਾਂ ਉਤੇ ਗੋਲੀ ਕਿਉਂ ਚਲਾਈ ?

ਰਾਵਤ : (ਕਠੋਰ ਲਹਿਜੇ ਵਿਚ) ਇਹ ਸਵਾਲ ਰਾਮ ਚੰਦਰ ਨੂੰ ਪੁਛੋ ਮੈਨੂੰ ਨਹੀਂ ।

ਕੈਪਟਨ ਰਾਏ : ਸਰ ਕੋਈ ਵਜ਼ਾ ਤਾਂ ਰਹੀ ਹੋਵੇਗੀ । ਜਾਂ ਤਾਂ ਰਾਮ ਚੰਦਰ ਪਾਗਲ ਹੋ ਗਿਆ ਸੀ ਜਾਂ ਉਸ ਨੂੰ .

ਮੇਜਰ ਪੁਰੀ : ਔਬਜੈਕਸ਼ਨ । ਕੈਪਟਨ ਰਾਏ ਇਹ ਸਵਾਲ ਦੋਬਾਰਾ ਉਠਾ ਰਹੇ ਨੇ । ਜੇ ਉਹ ਇਨਸੈਨਿਟੀ ਪਲੀ ਲੈਣਾ ਚਾਹੁੰਦੇ ਨੇ ਤਾਂ...

ਕੈਪਟਨ ਰਾਏ : (ਹੈਰਾਨ ਹੋ ਕੇ) ਬਿਲਕੁਲ ਨਹੀਂ, ਮੇਰਾ ਅਜਿਹਾ ਕੋਈ ਇਰਾਦਾ ਨਹੀਂ ।

ਮੇਜਰ ਪੁਰੀ : (ਸਿਧੇ ਰਾਏ ਨੂੰ) ਤਾਂ ਬਾਰ ਬਾਰ ਇਸ ਸ਼ਬਦ ਨੂੰ ਕਿਉਂ ਦੁਹਰਾ ਰਹੇ ਹੋ ? ਹੈਵ ਯੂ ਗੋਨ ਮੈਡ ?

ਸੂਰਤ ਸਿੰਘ : (ਝਪਟਕੇ) ਮੇਜਰ ਪੁਰੀ । ਮਾਈਂਡ ਯੂਅਰ ਲੈਂਗਵੇਜ ! ਕੋਰਟ ਮਾਰਸ਼ਲ ਸ਼ੁਰੂ ਹੋਣ ਤੋਂ ਪਹਿਲਾਂ ਹੀ ਰਾਮ ਚੰਦਰ ਦਾ ਦਾ ਮੈਡੀਕਲ ਹੋ ਚੁਕਾ ਹੈ, ਇਹ ਗੱਲ ਕੈਪਟਨ ਰਾਏ ਨੂੰ ਵੀ ਪਤਾ ਹੈ । ਇਸ ਲਈ ਉਸਨੂੰ ਬੋਲਣ ਦਿਉ ।

ਮੇਜਰ ਪੁਰੀ : ਪਰ, ਸਰ .. ...

ਸੂਰਤ ਸਿੰਘ : ਸਿਟ ਡਾਊਨ ! ਐਂਡ ਡਾਂਟ ਇੰਟਰਪਟ ! ਕੋਂਟੀਨਿਊ ਕੈਪਟਨ ਰਾਏ ।

ਕੈਪਟਨ ਰਾਏ : [ਰਾਵਤ ਨੂੰ] ਇਹਨਾਂ ਦੋਨਾਂ ਅਫਸਰਾਂ ਤੇ ਰਾਮ ਚੰਦਰ ਨੇ ਗੋਲੀ ਕਿਉਂ ਚਲਾਈ ? ਕਿਉਂ ਕੀਤੀ ਇਹ ਹਤਿਆ ?

ਰਾਵਤ : ਮੈਨੂੰ ਨਹੀਂ ਪਤਾ ।

ਕੈਪਟਨ ਰਾਏ : ਰਾਮ ਚੰਦਰ ਨੇ ਕਿਸੇ ਹੋਰ ਅਫਸਰ ਤੇ ਗੋਲੀ ਕਿਉਂ ਨਹੀਂ ਚਲਾਈ ? ਇਹਨਾਂ ਦੋਹਾਂ ਨੂੰ ਕਿਉਂ ਚੁਣਿਆ ?

ਰਾਵਤ : ਮੈ ਕਿਹਾ ਨਾ, ਮੈਨੂੰ ਕੁਝ ਨਹੀਂ ਪਤਾ ।

ਵਿਕਾਸ ਰਾਏ : ਕਮਾਲ ਹੈ ? ਤੁਹਾਨੂੰ ਕੁਝ ਨਹੀਂ ਪਤਾ ? ਆਖਿਰ ਤੁਸੀਂ ਰੈਜੀਮੈਂਟ ਦੇ ਸੀ ਓ ਹੋ ਯਾਨੀ ਕਮਾਂਡਿੰਗ ਆਫੀਸਰ ।

ਰਾਵਤ : (ਗੁਸੇ 'ਚ) ਵਟ ਡੂ ਯੂ ਮੀਨ, ਕੈਪਟਨ ? ਕੀ ਤੁਸੀਂ ਮੈਨੂੰ ਬਲੇਮ ਕਰਨ ਦੀ ਕੋਸ਼ਿਸ਼ ਕਰ ਰਹੇ ਹੋ ?

ਕੈਪਟਨ ਰਾਏ : ਨੋ ! ਆਫ ਕੋਰਸ ਨਾਟ ਸਰ ! ਤੁਹਾਨੂੰ ਬਲੇਮ ਕਿਵੇਂ ਕਰ ਸਕਦਾ ਹਾਂ ? ਤੁਹਾਨੂੰ ਤਾਂ ਕੁਝ ਪਤਾ ਹੀ ਨਹੀਂ ਹੈ...(ਆਪਣੇ ਆਪ



ਨਾਲ] ਇਟ ਮੀਨਜ਼ ਸਮਥਿੰਗ ਇਜ਼ ਰੌਟਨ ਇਨ ਦੀ ਸਟੇਟ ਆਫ ਡੈਨਮਾਰਕ !

ਰਾਵਤ : [ਭੜਕ ਕੇ] ਵਟ ?

ਕੈਪਟਨ ਰਾਏ : ਕੁਝ ਨਹੀਂ ਸਰ ! ਸ਼ੈਕਸਪੀਅਰ ਦੇ ਹੈਮਲੇਟ ਦੀ ਇਕ ਲਾਈਨ ਯਾਦ ਆ ਗਈ ਸੀ । ਅੱਛਾ ਪਲੀਜ਼ ਇਹ ਦੱਸੋ ਕਿ ਰਾਮਚੰਦਰ ਦਾ ਰਿਕਾਰਡ ਕੈਸਾ ਰਿਹਾ ਏ ਹੁਣ ਤਕ ?

ਰਾਵਤ : ਐਕਸੀਲੈਂਟ !

ਕੈਪਟਨ ਰਾਏ : ਮੈਂ ਰਾਮਚੰਦਰ ਦੀ ਕੱਨਫੀਡੈਂਸ਼ਲ ਰਿਪੋਰਟ ਵੇਖੀ ਹੈ ਸਰ । ਆਪਣੇ ਹੱਥਾਂ ਨਾਲ ਹੀ ਤੁਸੀਂ ਉਸਨੂੰ ਏ ਪਲੱਸ ਦਿਤਾ ਹੈ । ਕਿਉਂ ? ਅਜਿਹੀ ਕਿਹੜੀ ਖਾਸੀਅਤ ਹੈ ਉਸ ਵਿਚ ?

ਰਾਵਤ : ਰਾਮ ਚੰਦਰ ਰੈਜੀਮੈਂਟ ਦੇ ਸਭ ਤੋਂ ਚੁਸਤ ਤੇ ਮੁਸਤੈਦ ਜਵਾਨਾਂ ਵਿਚੋਂ ਇਕ ਏ । ਆਪਣੀ ਡਿਊਟੀ ਦਾ ਪੱਕਾ ਤੇ ਈਮਾਨਦਾਰ । ਬਰੇਵ ਐਂਡ ਓਬੀਡੈਂਟ ! ਐਨ ਆਈਡਲ ਸੋਲਜੀਅਰ ! ਐਂਡ ਆਫ ਕੋਰਸ, ਏ ਬਰਾਈਟ ਸਪੋਕਸਮੈਨ !

ਕੈਪਟਨ ਰਾਏ : ਏ ਬਰਾਈਟ ਸਪੋਕਸਮੈਨ ! ਸ਼ਾਇਦ ਇਸ ਲਈ ਤੁਸੀਂ ਰਾਮਚੰਦਰ ਦੇ ਲਈ, ਡੇਲੀ ਦੋ ਕਿਲੋ ਦੁਧ ਤੇ ਬਦਾਮ ਦੀ ਐਕਸਟਰਾ ਖੁਰਾਕ ਲਗਵਾਈ ਸੀ ? ਹੈ ਨਾ ?

ਰਾਵਤ : ਯੈਸ ! ਸਾਡੀ ਰੈਜੀਮੈਂਟ ਦਾ ਰੇਜ਼ਿੰਗ ਡੇ ਸੀ ਰਾਮ ਚੰਦਰ ਪੰਜ ਹਜ਼ਾਰ ਮੀਟਰ ਦੀ ਦੌੜ ਵਿਚ ਅਵਲ ਆਇਆ ਸੀ ਉਸ ਦੀ ਟਾਈਮਿੰਗ ਵੇਖ ਕੇ ਮੈਂ ਦੰਗ ਰਹਿ ਗਿਆ ਸੀ । ਸੈਨਾ ਦੇ ਰਿਕਾਰਡ ਵਿਚ ਸਿਰਫ 25 ਸੈਕਿੰਡ ਘੱਟ । ਮੈਨੂੰ ਯਕੀਨ ਹੋ ਗਿਆ ਸੀ ਕਿ ਰਾਮ ਚੰਦਰ ਇਹ ਰਿਕਾਰਡ ਤੋੜ ਸਕਦਾ ਹੈ ਇਸ ਲਈ ਦੁਧ ਤੇ ਬਦਾਮ ਦੀ ਐਕਸਟਰਾ ਖੁਰਾਕ ਲਵਾਈ ਸੀ ਮੈਂ ।

ਕੈਪਟਨ ਰਾਏ : ਕਾਂਗਰੇਟਸ, ਸਰ ! ਬਹੁਤ ਘੱਟ ਅਫਸਰਾਂ ਦੇ ਕੋਲ ਏਨੀ ਪਾਰਖੂ ਅੱਖ ਹੁੰਦੀ ਹੈ । ਤੇ ਏਨੀ ਉਦਾਰਤਾ ਵੀ । ਬਹਰਹਾਲ ਕੀ ਰਾਮਚੰਦਰ ਤੁਹਾਡੀਆਂ ਉਮੀਦਾਂ ਤੇ ਪੂਰਾ ਉਤਰਿਆ ?

ਰਾਵਤ : ਬੇਸ਼ਕ । ਉਤਰੀ ਕਮਾਨ ਦੀਆਂ ਖੇਡਾਂ ਦੇ ਮੁਕਾਬਲੇ ਵਿਚ 5000 ਮੀਟਰ ਦੀ ਦੌੜ ਉਸੇ ਨੇ ਜਿਤੀ । ਸੈਨਾ ਦੇ ਰਿਕਾਰਡ ਵਿਚ ਪੰਜ ਸੈਕੇਂਡ ਘੱਟ ।

ਕੈਪਟਨ ਰਾਏ : ਫੇਰ ? ਕੀ ਉਹ ਸੈਨਾ ਦਾ ਰਿਕਾਰਡ ਤੋੜ ਸਕਿਆ ?

ਰਾਵਤ : [ਬੁਝੀ ਆਵਾਜ਼ ਚ] ਸੈਨਾ ਦਾ ਤਾਂ ਕੀ, ਰਾਮਚੰਦਰ ਏਸ਼ੀਆ ਦਾ ਰਿਕਾਰਡ ਤੋੜ ਸਕਦਾ ਸੀ । ਪਰ ਇੰਟਰ ਕਮਾਂਡ ਮੁਕਾਬਲਿਆਂ ਤੋਂ

ਪਹਿਲਾਂ ਹੀ ਇਹ ਹਾਦਸਾ ਹੋ ਗਿਆ । ਹੀ ਕੁਡ ਹੈਵ ਵੱਨ ਏਸ਼ੀਅਨ ਗੋਲਡ ਮੈਡਲ ਫਾਰ ਅਸ । ਮੇਰੀ ਰੈਜੀਮੈਂਟ ਦਾ ਰਾਮਚੰਦਰ । ਏਸ਼ੀਆ ਦਾ ਸਭ ਤੋਂ ਤੇਜ਼ ਦੌੜਨ ਵਾਲਾ ਰਾਮਚਦਰ

ਕੈਪਟਨ ਰਾਏ : ਅੱਛਾ ਸਰ ! ਰਾਮ ਚੰਦਰ ਤੋਂ ਪਹਿਲਾਂ ਰੈਜੀਮੈਂਟ ਦਾ ਪੰਜ ਹਜ਼ਾਰ ਮੀਟਰ ਦੀ ਦੌੜ ਦਾ ਚੈਂਪੀਅਨ ਕੌਣ ਸੀ ?

ਰਾਵਤ : (ਹੈਰਾਨ ਹੋ ਕੇ) ਕਿਉਂ ? ਇਸ ਸਵਾਲ ਦਾ ਮਤਲਬ ?

ਸ. ਜੱਜ : ਕਰਨਲ ਰਾਵਤ । ਬਹਿਸ ਨਾ ਕਰੋ ਸਵਾਲ ਦਾ ਜਵਾਬ ਦਿਉ ।

ਰਾਵਤ : ਸਾਰੀ ਸਰ ! ਰਾਮਚੰਦਰ ਤੋਂ ਪਹਿਲਾਂ ਰੈਜੀਮੈਂਟ ਦਾ ਚੈਂਪੀਅਨ ਕੈਪਟਨ ਕਪੂਰ ਸੀ ।

ਕੈਪਟਨ ਰਾਏ : ਕੈਪਟਨ ਕਪੂਰ ਇਹ ਦੌੜ ਹਾਰੇ ਕਿਉਂ ?

ਰਾਵਤ : ਇਹ ਵੀ ਬੜਾ ਅਜੀਬ ਜਿਹਾ ਸਵਾਲ ਹੈ (ਖਿਝ ਕੇ) ਇਸ ਲਈ ਹਾਰਿਆ ਕਿਉਂਕਿ ਉਹ ਰਾਮਚੰਦਰ ਤੋਂ ਹੌਲੀ ਦੌੜਿਆ ਅਤੇ ਰਾਮ ਚੰਦਰ ਉਸ ਤੋਂ ਤੇਜ਼, ਹੋਰ ਕੀ ?
[ਕੋਰਟ 'ਚ ਹਾਸਾ । ਵਿਕਾਸ ਵੀ ਮੁਸਕੁਰਾਉਂਦੇ ਹੋਏ ਕਹਿੰਦਾ ਹੈ ।]

ਕੈਪਟਨ ਰਾਏ : ਨਾਰਾਜ਼ ਨਾ ਹੋਵੋ ਸਰ । ਮੇਰਾ ਮਤਲਬ ਕੁਝ ਹੋਰ ਸੀ ਮੇਰਾ ਮਤਲਬ ਸੀ ਕਿ ਅਜੇਹੇ ਕੀ ਕਾਰਨ ਸਨ ਜਿਨ੍ਹਾਂ ਦੇ ਹੁੰਦਿਆਂ ਕੈਪਟਨ ਕਪੂਰ ਦੀ ਪਰਫਮੈਂਸ ਉਹਨਾਂ ਦੀ ਕਾਬਲੀਅਤ ਦੇ ਅਨੁਕੂਲ ਨਹੀਂ ਰਹੀ ? ਆਰਥਕ ਕਾਰਣ ਮਨੋਵਿਗਿਆਨਕ ਕਾਰਨ ? ਪਰਿਵਾਰਿਕ ਕਾਰਣ ? ਜਿਵੇਂ ਕਿ ਕੈਪਟਨ ਕਪੂਰ ਤੇ ਉਹਨਾਂ ਦੀ ਸ੍ਰੀਮਤੀ ਦੇ ਆਪਸੀ ਸੰਬੰਧ ?

ਮੇਜਰ ਪੁਰੀ : ਕੈਪਟਨ ਰਾਏ ਨੂੰ ਇਸ ਤਰ੍ਹਾਂ ਦੇ ਪਰਸਨਲ ਸਵਾਲ ਪੁਛਣ ਤੋਂ ਰੋਕਿਆ ਜਾਵੇ, ਸਰ ! ਦੌੜ ਵਿਚ ਕੌਣ ਜਿਤਿਆ ? ਕੌਣ ਹਾਰਿਆ ? ਤੇ ਪਤੀ-ਪਤਨੀ ਦੇ ਆਪਸੀ ਸੰਬੰਧ ? ਇਸ ਗੱਲ ਦਾ ਇਸ ਕੋਰਟ ਮਾਰਸ਼ਲ ਤੋਂ ਕੀ ਮਤਲਬ ?

ਕੈਪਟਨ ਰਾਏ (ਜੱਜਾਂ ਨੂੰ) ਮਤਲਬ ਹੈ, ਸਰ ਸੀ. ਓ. ਇਕ ਪਿਓ ਦੇ ਸਮਾਨ ਹੁੰਦਾ ਹੈ । ਰੈਜੀਮੈਂਟ ਦੇ ਪਰਿਵਾਰ ਦਾ ਪਿਤਾ ਤੇ ਪਰਿਵਾਰ ਵਿਚ ਹੋਈ ਕੋਈ ਵੀ ਘਟਨਾ ਪਰਸਨਲ ਨਹੀਂ ਰਹਿ ਜਾਂਦੀ । ਸਾਰੇ ਮੈਂਬਰ ਆਪਣਾ ਦੁਖ ਇਸੇ ਪਿਤਾ ਨੂੰ ਸੁਣਾਉਂਦੇ ਨੇ ਆਪਣੇ ਵਿਅਕਤੀਗਤ ਲੜਾਈ-ਝਗੜਿਆਂ ਦੇ ਫੈਸਲੇ ਦੇ ਲਈ ਉਸੇ ਕੋਲ ਜਾਂਦੇ ਨੇ ਉਹ ਕਿਹੜੀ ਮਨੋ-ਅਵਸਥਾ ਸੀ, ਜਿਸਦੇ ਤਹਿਤ ਰਾਮਚੰਦਰ ਨੇ ਗੋਲੀ ਚਲਾਈ ਸੀ ? ਇਸਨੂੰ ਸਮਝਣ ਲਈ ਇਹ ਜਾਨਣਾ ਵੀ ਜ਼ਰੂਰੀ ਹੈ ਕਿ ਕੈਪਟਨ ਕਪੂਰ ਦੀ ਮਨੋ-ਅਵਸਥਾ ਕੀ ਸੀ ? ਮੈਂ ਸਾਬਿਤ ਕਰ



ਕਿ ਆਂਗਾ ਕਿ ਇਹਨਾਂ ਦੋਹਾਂ ਦਾ ਆਪਸ ਵਿਚ ਅਟੁਟ ਸੰਬੰਧ ਹੈ —ਮੈਨੂੰ ਇਹ ਸਵਾਲ ਪੁਛਣ ਦਿਤਾ ਜਾਵੇ ।

ਸੂਰਤ ਸਿੰਘ : ਤੁਸੀਂ ਸਿਰਫ ਉਹੀ ਸਵਾਲ ਪੁਛ ਸਕਦੇ ਹੋ, ਕੈਪਟਨ ਰਾਏ, ਜਿਸਦਾ ਸਿਧਾ ਸੰਬੰਧ ਕਰਨਲ ਰਾਵਤ ਨਾਲ ਹੈ..

ਕੈਪਟਨ ਰਾਏ : ਮੈਂ ਉਹੀ ਸਵਾਲ ਪੁਛਾਂਗਾ, ਸਰ, ਤੁਹਾਨੂੰ ਵਿਸ਼ਵਾਸ ਦਵਾਉਂਦਾ ਹਾਂ ।

ਸੂਰਤ ਸਿੰਘ : ਆਲ ਰਾਈਟ, ਯੂ ਮੇ ਕੰਟੀਨਿਊ

ਕੈਪਟਨ ਰਾਏ : ਥੈਂਕ ਯੂ. ਸਰ (ਰਾਵਤ ਨੂੰ) ਕੀ ਤੁਸੀਂ ਜਾਣਦੇ ਹੋ ਸਰ ਕਿ ਕੈਪਟਨ ਕਪੂਰ ਦੀ ਪਤਨੀ ਅਜਕਲ ਕਿਥੇ ਹੈ ?

ਰਾਵਤ : ਦਿੱਲੀ ਵਿਚ ਆਪਣੇ ਪੇਰੈਂਟਸ ਦੇ ਕੋਲ ।

ਕੈਪਟਨ ਰਾਏ : ਕੀ ਤੁਹਾਨੂੰ ਯਾਦ ਹੈ ਇਸ ਗੋਲੀ ਵਾਲੀ ਘਟਨਾ ਤੋਂ ਠੀਕ ਇਕ ਮਹੀਨਾ ਪਹਿਲਾਂ ਯਾਨੀ 10 ਮਈ ਨੂੰ ਸ੍ਰੀਮਤੀ ਕਪੂਰ ਦਫਤਰ ਵਿਚ ਆਈ ਸੀ ? ਆਪਣੇ ਪਤੀ ਦੀ ਸ਼ਿਕਾਇਤ ਕਰਨ ? ਉਨਾਂ ਨੇ ਲਿਖਿਤ ਰੂਪ ਵਿਚ ਇਕ ਐਪਲੀਕੇਸ਼ਨ ਵੀ ਦਿਤੀ ਸੀ ?

ਰਾਵਤ : ਹਾਂ ਮੈਨੂੰ ਯਾਦ ਹੈ ?

ਕੈਪਟਨ ਰਾਏ : ਉਸ ਐਪਲੀਕੇਸ਼ਨ ਵਿਚ ਇਕ ਲਾਈਨ ਸੀ ਹੀ ਇਜ਼ ਬਰੂਟ, ਐਨ ਐਨੀਮਲ ! ਡੇਂਜਰਸ ।

ਮੇਜਰ ਪੁਰੀ : ਕੈਪਟਨ ਰਾਏ ਨੂੰ ਕਿਸੇ ਉਪਰ ਚਿਕੜ ਸੁਟਣ ਤੋਂ ਰੋਕਿਆ ਜਾਵੇ ਸਰ ਇਹ ਕੋਰਟ ਮਾਰਸ਼ਲ ਰਾਮਚੰਦਰ ਦਾ ਹੋ ਰਿਹਾ ਹੈ ਜਾਂ ਕੈਪਟਨ ਕਪੂਰ ਦਾ ? ਕਿਸੇ ਦੀ ਪਰਸਨਲ ਲਾਈਫ ਨੂੰ ਇਸ ਤਰਾਂ ਪਬਲਿਕ ਵਿਚ ਬੇਪਰਦਾ ਕਰਨਾ ।

ਸੂਰਤ ਸਿੰਘ : ਵੀ ਆਰ ਨਾਟ ਪਬਲਿਕ, ਮੇਜਰ ਪੁਰੀ ਦਿਸ ਇਜ਼ ਨਾਟ ਏ ਸਿਵਿਲ ਕੋਰਟ । ਇਥੇ ਕੋਈ ਪਤਰਕਾਰ ਨਹੀਂ ਬੈਠੇ ਕਿ ਸਭ ਕੁਝ ਅਖਬਾਰ 'ਚ ਛਪ ਜਾਏਗਾ । ਦਾ ਐਨਟਾਇਰ ਪਰੋਸੀਡਿੰਗ ਇਜ ਇਨ ਕੈਮਰਾ ।

ਮੇਜਰ ਪੁਰੀ : ਫਿਰ ਵੀ ਸਰ, ਪਤੀ ਪਤਨੀ ਦੇ ਸੰਬੰਧ ਏਨੇ ਵਿਅਕਤੀਗਤ ਹੁੰਦੇ ਨੇ ।

ਸੂਰਤ ਸਿੰਘ : ਹੁੰਦੇ ਨੇ । ਪਰ ਫੌਜ ਵਿਚ ਸਿਰਫ ਇਕ ਹੱਦ ਤਕ । ਅਗਰ ਪਤੀ-ਪਤਨੀ ਵਿਚੋਂ ਕੋਈ ਇਕ ਦੁਸ਼ਮਣ ਦਾ ਜਸੂਸ ਹੈ, ਜਾਂ ਕੋਈ ਵੀ ਅਜਿਹਾ ਕੰਮ ਕਰਦਾ ਹੈ, ਜਿਸ ਨਾਲ ਰੈਜੀਮੈਂਟ ਦੇ ਡਿਸਪਲਿਨ ਜਾਂ ਇੰਟੇਗ੍ਰਿਟੀ ਤੇ ਕੋਈ ਆਂਚ ਆਉਂਦੀ ਹੋਵੇ ਤਾਂ ਕੁਝ ਵੀ ਵਿਅਕਤੀਗਤ ਨਹੀਂ ਰਹਿ ਜਾਂਦਾ ਕੰਨਟੀਨਿਊ, ਕੈਪਟਨ ਰਾਏ

ਕੈਪਟਨ ਰਾਏ : ਕੈਪਟਨ ਕਪੂਰ ਦੀ ਪਤਨੀ ਸੀ. ਓ. ਸਾਹਿਬ ਕੋਲ ਕੀ ਸ਼ਿਕਾਇਤ ਲੈ ਕੇ ਗਈ ਸੀ ਮੈਂ ਦਸਦਾ ਵਾਂ । ਕੈਪਟਨ ਕਪੂਰ ਉਸ ਰਾਤ ਮੈਸ ਤੋਂ ਵਾਪਸ ਆਏ ਤਾਂ ਉਹ ਨਸ਼ੇ ਵਿਚ ਚੂਰ ਸੀ । ਹੀ ਵਾਸ ਡੈਡ ਡਰੰਕ

ਜਦੋਂ ਉਹ ਆਪਣੀ ਪਤਨੀ ਕੋਲ ਪਹੁੰਚੇ ਤਾਂ ਉਹ ਬਿਸਤਰ ਤੋਂ ਉਠ ਖੜੀ ਹੋਈ, ਉਸਨੇ ਕੈਪਟਨ ਕਪੂਰ ਨੂੰ ਕਿਹਾ 'ਮੇਰੇ ਕੋਲ ਨਹੀਂ ਆਉਣਾ'! ਯੂ. ਆਰ ਡਰੰਕ ਯੂ ਆਰ ਸੀਟਿੰਕਿੰਗ, ਡੋਂਟ ਟੱਚ ਮੀ" ਪਰ ਕਪੂਰ ਨਸ਼ੇ ਦੇ ਘੋੜੇ ਤੇ ਸਵਾਰ ਸੀ, ਉਸਨੇ ਪਤਨੀ ਦਾ ਗਾਊਨ ਫਾੜ ਦਿਤਾ ਤੇ ਉਸਨੂੰ ਕਿਹਾ "ਆਈ ਹੈਵ ਲਾਈਸੈਂਸ ਟੂ ਸਲੀਪ ਵਿਦ ਯੂ! ਚੁਪਚਾਪ ਬਿਸਤਰ ਤੇ ਆ ਜਾ, ਜਾਣਦੀ ਏਂ ਮੈਂ ਕੌਣ ਹਾਂ, ਕਪੂਰ!" ਤਾਂ ਉਸ ਦੀ ਪਤਨੀ ਨੇ ਧਮਕੀ ਦਿਤੀ ਤੇ ਕਿਹਾ "ਹੁਣ ਮੈਨੂੰ ਹੱਥ ਲਾਕੇ ਵੇਖ, ਇਸ ਵਾਰੀ ਸੀ. ਓ ਸਾਹਿਬ ਨੂੰ ਸ਼ਿਕਾਇਤ ਨਹੀਂ ਕੀਤੀ, ਤਾਂ ਥੂ ਹੈ ਮੇਰੇ ਤੇ" । ਤਾਂ ਕੈਪਟਨ ਕਪੂਰ ਉਦੋਂ ਤੱਕ ਨਸ਼ੇ ਵਿਚ ਅੰਨ੍ਹੇ ਹੋ ਚੁਕੇ ਸੀ, ਉਸਨੇ ਪਤਨੀ ਨੂੰ ਥਪੜ ਮਾਰਿਆ ਤੇ ਚੀਖ ਕੇ ਕਿਹਾ "ਸੀ. ਓ ਤੇਰਾ ਪਿਓ ਲਗਦਾ ਏ, ਹਰਾਮਜ਼ਾਦੀ ? ਯਾਰ ਲਗਦਾ ਏ ਤੇਰਾ ? ਜੋ ਮੇਰੀ ਸ਼ਿਕਾਇਤ ਕਰੇਂਗੀ ਉਸਨੂੰ"? ਤੇ ਕੈਪਟਨ ਕਪੂਰ ਨੇ ਮੇਜ਼ ਤੇ ਰਖੀ ਭਾਰੀ ਜਿਹੀ ਇਕ ਐਸ਼ਟਰੇਅ ਉਠਾਈ ਤੇ ਆਪਣੀ ਪਤਨੀ ਦੇ ਸਿਰ ਤੇ ਦੇ ਮਾਰੀ, ਚੋਟ ਕੰਨਪਟੀ ਤੇ ਲੱਗੀ! ਉਸਦਾ ਕੰਨ ਫਟ ਗਿਆ, ਤੇ ਉਹ ਬੇਹੋਸ਼ ਹੋ-ਕੇ ਡਿਗ ਪਈ!

ਸੂਰਤ ਸਿੰਘ : (ਦਹਾੜ ਕੇ) ਹਓ ਦਾ ਹੈੱਲ ਡੂ ਯੂ ਨੋ ਆਲ ਦਿਸ! ਯੂ ਹੈਵ ਕਰਾਸਡ ਐਵਰੀ ਲੀਮਿਟ। ਤੁਹਾਨੂੰ ਕਿਵੇਂ ਪਤਾ ਏ, ਇਹਨਾਂ ਸਭ ਗੱਲਾਂ ਦਾ ਕੀ ? ਤੁਸੀਂ ਉਸ ਰਾਤ ਕਪੂਰ ਦੇ ਘਰ ਵਿਚ ਮੌਜੂਦ ਸੀ ?

ਕੈਪਟਨ ਕਪੂਰ : ਨਹੀਂ ਸਰ, ਮੈਂ ਉਥੇ ਨਹੀਂ ਸੀ।

ਸੂਰਤ ਸਿੰਘ : ਤਾਂ ਫਿਰ...

ਕੈਪਟਨ ਰਾਏ : ਪਰ ਕੋਈ ਹੋਰ ਉਥੇ ਸੀ ? ਇਸ ਹਾਦਸੇ ਦਾ ਚਸ਼ਮਦੀਦ ਗਵਾਹ।

ਸੂਰਤ ਸਿੰਘ : ਕੌਣ ?

ਕੈਪਟਨ ਰਾਏ : ਸਵਾਰ ਰਾਮਚੰਦਰ।

ਸੂਰਤ ਸਿੰਘ : ਸਵਾਰ ਰਾਮਚੰਦਰ ?

ਕੈਪਟਨ ਕਪੂਰ : ਜੀ ਹਾਂ ! ਰਾਮਚੰਦਰ ਉਹਨੀਂ ਦਿਨੀਂ ਕੈਪਟਨ ਕਪੂਰ ਦਾ ਸੇਵਾਦਾਰ, ਯਾਨਿ ਅਰਦਲੀ ਸੀ। ਉਸਨੇ ਕੈਪਟਨ ਕਪੂਰ ਦੀ ਬੇਹੋਸ਼ ਪਤਨੀ ਨੂੰ ਚੁਕਕੇ ਹਸਪਤਾਲ ਪਹੁੰਚਾਇਆ ਜਿਥੇ ਉਹ ਪੂਰੀ ਰਾਤ, ਜ਼ਿੰਦਗੀ ਤੇ ਮੌਤ ਦੇ ਵਿਚਕਾਰ ਲਟਕਦੀ ਰਹੀ।

ਸੂਰਤ ਸਿੰਘ : ਪਰ ਸਵਾਰ ਰਾਮਚੰਦਰ ਝੂਠ ਵੀ ਤਾਂ ਬੋਲ ਸਕਦਾ ਹੈ ?

ਕੈਪਟਨ ਕਪੂਰ : ਜੀ ਹਾਂ (ਜੇਬ ਵਿਚੋਂ ਕਾਗਜ ਕਢਦਾ ਹੈ) ਪਰ ਇਹ ਕਾਗਜ਼ ਤਾਂ ਝੂਠ ਨਹੀਂ ਬੋਲ ਸਕਦਾ ? ਇਹ ਉਸ ਐਪਲੀਕੇਸ਼ਨ ਦੀ ਫੋਟੋ ਕਾਪੀ ਹੈ ਜੋ ਸ੍ਰੀਮਤੀ ਕਪੂਰ ਨੇ ਸੀ. ਓ. ਸਾਹਿਬ ਨੂੰ ਦਿਤੀ ਸੀ ? ਤੇ ਸੀ ਓ.



ਸਾਹਿਬ ਵੀ ਝੂਠ ਨਹੀਂ ਬੋਲ ਸਕਦੇ। (ਰਾਵਤ ਨੂੰ ਚਿਠੀ ਵਿਖਾਕੇ) ਕੀ ਮੈਂ ਗਲਤ ਕਹਿ ਰਿਹਾਂ ਸੀ. ਓ. ਸਾਹਿਬ ?

ਰਾਵਤ : (ਚਿਠੀ ਵੱਲ ਵੇਖਕੇ, ਡੁਬੀ ਆਵਾਜ਼ ਵਿਚ) ਨਹੀਂ। ਪਰ ਬਾਦ ਵਿਚ ਮੈਨੂੰ ਦਸਿਆ ਗਿਆ ਸੀ ਕਿ ਪੈਰ ਫਿਸਲਨ ਕਰਕੇ, ਡਿਗਣ ਨਾਲ ਮਿਸੇਜ਼ ਕਪੂਰ ਨੂੰ ਸੱਟ ਲੱਗੀ ਸੀ।

ਕੈਪਟਨ ਰਾਏ : ਜੀ ਹਾਂ, ਇੰਝ ਈ ਹੁੰਦਾ ਏ, ਪੈਰ ਹਮੇਸ਼ਾ ਪਤਨੀ ਦਾ ਹੀ ਫਿਸਲਦਾ ਏ ! ਪਤੀ ਦਾ ਕਦੀ ਨਹੀਂ। ਘਰ ਦੀ ਅੱਗ ਵੀ ਬਹੂ ਨੂੰ ਲਗਦੀ ਹੈ, ਹੋਰ ਕਿਸੇ ਨੂੰ ਨਹੀਂ। ਤੁਸੀਂ ਸ਼ਾਇਦ ਜਾਣਦੇ ਨਹੀਂ, ਉਹਨਾਂ ਨੇ ਮੈਡੀਕਲ ਆਫੀਸਰ ਦੇ ਸਾਹਮਣੇ ਵੀ ਇਹੀ ਪੂਰਾ ਸਟੇਟਮੈਂਟ ਦਿਤਾ ਸੀ। ਉਹ ਇਹ ਕੇਸ ਸਿਵਿਲ ਪੁਲਿਸ ਵਿਚ ਦੇਣ ਦੀ ਜ਼ਿਦ ਕਰ ਰਹੀ ਸੀ। ਪਰ ਰੇਜੀਮੈਂਟ ਦੇ ਕੁਝ ਅਫਸਰਾਂ ਨੇ ਭਾਈਚਾਰਾ ਨਿਭਾਇਆ ਤੇ ਮੈਡੀਕਲ ਅਫਸਰਾਂ ਨੂੰ ਸਮਝਾਇਆ ਕਿ ਜੇ ਕੇਸ ਸਿਵਿਲ ਪੁਲਿਸ ਨੂੰ ਦੇ ਦਿਤਾ ਤਾਂ ਬਹੁਤ ਬਦਨਾਮੀ ਹੋਵੇਗੀ। ਇਸ ਲਈ ਗੱਲ ਰੱਦ ਕਰ ਦਿਤੀ ਗਈ। ਜੇ ਕੋਰਟ ਚਾਹੇ ਤਾਂ ਇਸ ਮਾਮਲੇ ਵਿਚ ਸਾਰੀ ਇਨਕੁਆਰੀ ਕਰਕੇ ਪਤਾ ਕਰ ਲਵੇ। ਸਾਰੀ ਸਚਾਈ ਸਾਹਮਣੇ ਆ ਜਾਵੇਗੀ। ਜਿਥੋਂ ਤਕ ਸ੍ਰੀਮਤੀ ਕਪੂਰ ਦਾ ਸਵਾਲ ਏ, ਉਸ ਨੇ ਇਸ ਅਨਿਆਂ ਦੇ ਵਿਰੁੱਧ ਬਗਾਵਤ ਕਰ ਦਿਤੀ ਤੇ ਘਰ ਛੱਡ ਕੇ ਦਿੱਲੀ ਚਲੀ ਗਈ, ਉਹਨਾਂ ਨੇ ਅਦਾਲਤ ਵਿਚ ਦਾਵਾ ਕਰ ਦਿਤਾ ਹੈ ਤਲਾਕ ਦੇ ਲਈ। ਵਾਇਲੈਂਸ ਅਤੇ ਟੌਰਚਰ ਦੀ ਗ੍ਰਾਊਂਡ ਤੇ, ਅਤੇ ਇਨਹਿਊਮਨ ਐਂਡ ਬਾਰਬੇਰਿਕ ਬੀਹੇਵੀਅਰ ਦੀ ਗ੍ਰਾਊਂਡ ਤੇ।

[ਕੈਪਟਨ ਕਪੂਰ ਅਚਾਨਕ ਉਠ ਕੇ ਚੀਖਣ ਲੱਗ ਪੈਂਦਾ ਹੈ]

ਕੈਪਟਨ ਕਪੂਰ : (ਗੁਸੇ ਵਿਚ) ਬਾਰਬੇਰਿਕ ਤੇ ਇਨਹਿਊਮਨ ਤੂੰ ਏਂ ਵਿਕਾਸ ਰਾਏ .. ਤੂੰ ਕਰ ਰਿਹਾ ਏਂ ਵਾਇਲੇਂਸ ਤੇ ਟਾਰਚਰ ਤੂੰ ਤਾਂ ਨਕਸਲਾਈਟ ਏਂ। ਤੇਰਾ ਵੱਡਾ ਭਰਾ ਨਕਸਲਾਈਟ ਸੀ। ਪੁਲਿਸ ਦੇ ਹੱਥੋਂ ਐਨਕਾਊਂਟਰ ਵਿਚ ਮਾਰਿਆ ਗਿਆ। ਤੇਰੇ ਤਾਂ ਖੂਨ 'ਚ ਬਗਾਵਤ ਏ। ਤੂੰ ਸਾਰੀ ਫੌਜ ਨੂੰ ਬਦਨਾਮ ਕਰ ਰਿਹਾ ਏਂ। ਯੂ ਆਰ ਏ ਬਲੱਡੀ ਨੇਕਸਲਾਈਟ ! ਯੂ ਬੀਲੌਂਗ ਟੂ ਦੀ ਫੈਮਲੀ ਆਫ ਮਰਡਰਰਜ਼ ...

ਸੂਰਤ ਸਿੰਘ : (ਚੀਖ ਕੇ) ਯੂ ਸਿਟ ਡਾਉਨ ਕੈਪਟਨ ਯੂ।

ਕੈਪਟਨ ਕਪੂਰ : (ਪਾਗਲਾਂ ਵਾਂਗ) ਨਹੀਂ ਮੈਂ ਬੋਲਾਂਗਾ। ਮੈਂ ਬੋਲਾਂਗਾ, ਹੀ ਇਜ਼ ਏ ਬਲੱਡੀ ਨਕਸਲਾਈਟ !

ਸੂਰਤ ਸਿੰਘ : (ਆਵਾਜ਼ ਦੇ ਕੇ) ਗਾਰਡ ਬਿਠਾਉ ਇਸ ਨੂੰ।

[ਗਾਰਡ ਦੌੜਕੇ ਆਉਂਦਾ ਹੈ, ਤੇ ਕਪੂਰ ਨੂੰ ਮੋਢੇ ਤੋਂ ਫੜ ਕੇ]

ਗਾਰਡ : (ਬਿਠਾਂਦੇ ਹੋਏ) ਬੈਠ ਜਾਓ ਕੈਪਟਨ ਸਾਹਿਬ

ਕੈਪਟਨ ਕਪੂਰ : (ਹੱਥ ਝਟਕਦੇ ਹੋਏ) ਡੋਂਟ ਯੂ ਟੱਚ ਮੀ ! ਹਾਓ ਡੇਅਰ ਯੂ ?

ਗਾਰਡ : (ਬੰਦੂਕ ਸੰਭਾਲਦੇ ਹੋਏ, ਉਚੀ ਆਵਾਜ਼ ਵਿਚ) ਬੈਠ ਜਾਓ, ਬੈਠਦੇ ਹੋ ਜਾਂ ਨਹੀਂ ?

[ਕਪੂਰ ਤਣੀ ਹੋਈ ਬੰਦੂਕ ਵਲ ਵੇਖਦਾ ਹੈ, ਫਿਰ ਗਾਰਡ ਦਾ ਗੁਸੇ 'ਚ ਤਮਤਮਾਇਆ ਚੇਹਰਾ । ਕੁਝ ਪਲ ਦਾ ਵਕਫਾ । ਕਪੂਰ ਹੌਲੀ ਹੌਲੀ ਬੈਠਦਾ ਹੈ]

ਸੂਰਤ ਸਿੰਘ : (ਗਾਰਡ ਨੂੰ) ਥੈਂਕ ਯੂ, ਜਵਾਨ । ਵਿਸ਼ਰਾਮ ।

[ਗਾਰਡ ਵਾਪਸ ਆਪਣੀ ਜਗਾਹ ਤੇ ਜਾ ਕੇ ਖੜਾ ਹੁੰਦਾ ਹੈ]

ਸੂਰਤ ਸਿੰਘ : ਕਲ੍ਹ ਸਵੇਰੇ ਨੌਂ ਵਜੇ ਤਕ ਦੇ ਲਈ ਅਦਾਲਤ ਬਰਖਾਸਤ ਕੀਤੀ ਜਾਂਦੀ ਹੈ ।

[ਸੰਗੀਤ । ਸਭ ਉਠਦੇ ਨੇ । ਹੌਲੀ ਹੌਲੀ ਹਨੇਰਾ ।

(ਸੰਗੀਤ ਉਦਾ ਹੁੰਦਾ ਹੈ । ਪੂਰਣ ਹਨੇਰਾ)

## ਅੰਕ ਦੋ

[ਉਹੀ ਜਗਹ, ਸਭ ਲੋਕ ਆਪੋ ਆਪਣੀ ਜਗਹ ਤੇ ਬੈਠੇ ਨੇ ਸਿਰਫ ਵਿਕਾਸ ਰਾਏ ਖੜਾ ਹੈ, ਸਭ ਉਸਨੂੰ ਦੇਖਦੇ ਨੇ]

ਕੈਪਟਨ ਰਾਏ : ਕੈਪਟਨ ਕਪੂਰ ਨੇ ਠੀਕ ਕਿਹਾ ਸੀ, ਬਿਲਕੁਲ ਠੀਕ ਕਿ ਮੇਰਾ ਵੱਡਾ ਭਰਾ ਨਕਸਲਾਈਟ ਸੀ । ਤੇ ਪੁਲਿਸ ਦੇ ਹੱਥੋਂ ਮੁਠਭੇੜ ਵਿਚ ਮਾਰਿਆ ਗਿਆ, ਉਹ ਬਹੁਤ ਵੱਡੇ ਤੇ ਬਹੁਤ ਆਦਰਸ਼ ਸੁਪਨੇ ਦੇਖਦਾ ਸੀ । ਤੇ ਜਿਹੜੇ ਲੋਕ ਆਦਰਸ਼ ਸੁਪਨਿਆਂ ਨੂੰ ਸਾਕਾਰ ਕਰਨ ਦੀ ਕੋਸ਼ਿਸ਼ ਕਰਦੇ ਨੇ, ਉਹ ਕਦੀ ਵੀ ਆਪਣੀ ਮੌਤ ਨਹੀਂ ਮਰਦੇ । ਉਹਨਾਂ ਦੀ ਮੌਤ ਹਮੇਸ਼ਾਂ ਦੂਜਿਆਂ ਦੇ ਹੱਥੋਂ ਹੁੰਦੀ ਹੈ ! ਪਰ ਮੇਰਾ ਵੱਡਾ ਭਰਾ ਨਿਆਂ ਦੀ ਜੋ ਲੜਾਈ ਬੰਦੂਕ ਦੇ ਸਹਾਰੇ ਲੜ ਰਿਹਾ ਸੀ ਉਹੀ ਲੜਾਈ ਮੈਂ ਕਾਨੂੰਨ ਦੀ ਤਾਕਤ ਨਾਲ ਲੜ ਰਿਹਾਂ । ਇਹ ਲੜਾਈ ਸਚਮੁਚ ਸਾਡੇ ਖੂਨ ਵਿਚ ਹੈ । ਸਦੀਆਂ ਤੋਂ ਆਦਤ ਪੈ ਚੁਕੀ ਹੈ, ਇਸ ਨਿਆਂ ਯੁਧ ਦੀ । ਪਰ ਸ਼ਾਇਦ ਕੈਪਟਨ ਕਪੂਰ ਨੂੰ ਇਸ ਗੱਲ ਦਾ ਪਤਾ ਨਹੀਂ ਕਿ ਜੇ ਮੇਰਾ ਵੱਡਾ ਭਰਾ ਨਕਸਲਾਈਟ ਸੀ ਤਾਂ ਮੇਰਾ ਬਾਪ ਅਜਕਲ ਕਲਕਤਾ ਹਾਈ ਕੋਰਟ ਵਿਚ ਜੱਜ ਹੈ

[ਕਪੂਰ ਦੇ ਨੇੜੇ ਆ ਕੇ]

ਮੇਜਰ ਪੁਰੀ : ਮੇਰੀ ਰੀਕਵੈਸਟ ਹੈ ਕਿ ਕੈਪਟਨ ਕਪੂਰ ਦੀ ਇਸ ਗੱਲ ਨੂੰ ਅਦਾਲਤ ਨਜ਼ਰਅੰਦਾਜ਼ ਕਰ ਦਵੇ । ਗੁੱਸੇ ਤੇ ਘਬਰਾਹਟ ਵਿਚ ਜੇ ਉਹ ਕੁਝ



ਕਹਿ ਬੈਠੇ ਹੀ ਡਿਡ ਨਾਟ ਮੀਨ ਏ ਥਿੰਗ, ਹੀ ਵਾਜ਼ ਟੈਂਸ । ਆਫਟਰਆਲ ਹੀ ਇਜ਼ ਹਿਊਮਨ ਬੀ ਗ ।

ਕੈਪਟਨ ਰਾਏ : ਰੀਅਲੀ ? ਇਜ਼ ਹੀ ? ਤੁਹਾਡਾ ਮਤਲਬ ਗੁਸੇ ਵਿਚ ਕੈਪਟਨ ਕਪੂਰ ਹਮੇਸ਼ਾ ਆਪਣੀ ਸੁਧ-ਬੁਧ ਗਵਾ ਬੈਠਦੇ ਨੇ ? ਪਰ ਇਨਸਾਫ ਦੀ ਲੜਾਈ ਉਸ ਨਾਲ ਰੁਕ ਤਾਂ ਨਹੀਂ ਜਾਵੇਗੀ ?

ਮੇਜਰ ਪੁਰੀ : ਲਗਦਾ ਹੈ ਇਸ ਵਾਰੀ ਤੁਸੀਂ ਗਲਤ ਪਾਸੇ ਤੋਂ ਯੁਧ ਕਰ ਰਹੇ ਹੋ, ਇਕ ਹਤਿਆਰੇ ਦੇ ਵੱਲੋਂ ।

ਕੈਪਟਨ ਰਾਏ : ਇਸ ਸਵਾਲ ਤੇ ਸੋਚਣ ਵਿਚਾਰਨ ਤੇ ਫੈਸਲਾ ਲੈਣ ਦਾ ਕੰਮ ਆਨ-ਰੇਬਲ ਕੋਰਟ ਦਾ ਹੈ । ਇਹ ਤਾਂ ਕੋਰਟ ਹੀ ਸੋਚੇ ਕਿ ਇਕ ਸਿਧਾ-ਸਾਧਾ ਅਨੁਸ਼ਾਸਨ ਵਿਚ ਰਹਿਣ ਵਾਲਾ ਸੈਨਿਕ ਆਪਣੇ ਹੀ ਅਫਸਰਾਂ ਉਪਰ ਗੋਲੀ ਕਿਉਂ ਚਲਾ ਬੈਠਾ ? ਅਜਿਹਾ ਕਿਹੜਾ ਡਰ ਸੀ ਉਹਨਾਂ ਤੋਂ ਏਸਨੂੰ ?

ਮੇਜਰ ਪੁਰੀ : ਜੇ ਤੁਸੀਂ ਇਹ ਸਾਬਿਤ ਕਰਨਾ ਚਾਹੁੰਦੇ ਹੋ ਕਿ ਇਹਨਾਂ ਦੋਹਾਂ ਅਫਸਰਾਂ ਤੋਂ ਰਾਮਚੰਦਰ ਨੂੰ ਕੋਈ ਖਤਰਾ ਸੀ ਤੇ ਉਸਨੇ ਸੈਲਫ ਡਿਫੈਂਸ ਵਿਚ ਗੋਲੀ ਚਲਾਈ ਤਾਂ ਫ਼ਿਜ਼ੂਲ ਹੈ । ਰਾਮ ਚੰਦਰ ਦੇ ਹੱਥ 'ਚ ਰਾਈਫਲ ਸੀ ਤੇ ਇਹਨਾਂ ਦੋਹਾਂ ਅਫਸਰਾਂ ਕੋਲ ਹਥਿਆਰ ਦੇ ਨਾਂਅ ਤੇ ਕਾਂਟੇ ਜਾਂ ਚਮਚ ਵੀ ਨਹੀਂ ਸਨ । ਹੋਰ ਤੇ ਹੋਰ ਉਹ ਐਸ਼ਟਰੇਅ ਵੀ ਨਹੀਂ ਸੀ, ਜਿਸ ਨਾਲ ਕਪੂਰ ਨੂੰ ਪਤਨੀ ਤੇ ਵਾਰ ਕਰਦੇ ਹੋਏ ਰਾਮਚੰਦਰ ਨੇ ਵੇਖਿਆ ਸੀ । ਕੀ ਤੁਹਾਨੂੰ ਲਗਦਾ ਹੈ, ਕਿ ਉਸ ਐਸ਼ਟਰੇਅ ਵਾਲੀ ਘਟਨਾ ਦੀ ਦਹਿਸ਼ਤ ਰਾਮਚੰਦਰ ਤੇ ਇਸ ਤਰਾਂ ਸਵਾਰ ਹੋ ਗਈ ਸੀ ਕਿ ਉਸਦੀ ਮਨੋਅਵਸਥਾ ਗੋਲੀ ਚਲਾਉਣ ਦੇ ਲਈ ਜਸਟੀਫਾਈ ਹੋ ਗਈ ? ਇਥੇ ਕੋਈ ਸਾਈਕਾਲੋਜੀ ਤੇ ਸੈਮੀਨਾਰ ਨਹੀਂ ਹੋ ਰਿਹਾ, ਕੈਪਟਨ ਰਾਏ । ਕੋਰਟ ਮਾਰਸ਼ਲ ਹੋ ਰਿਹਾ ਹੈ । ਇਕ ਜਾਨ ਗਈ ਹੈ ਦੂਸਰੀ ਜਾ ਸਕਦੀ ਸੀ । ਤੇ ਜਾਨ ਦੀ ਕੀਮਤ ਕਿਸੇ ਵੀ ਮਨੋਅਵਸਥਾ ਤੋਂ ਹਜ਼ਾਰ ਗੁਣਾਂ ਜ਼ਿਆਦਾ ਹੈ ।

ਕੈਪਟਨ ਰਾਏ : ਤੁਸੀਂ ਠੀਕ ਕਹਿ ਰਹੇ ਹੋ ਸਰ । ਪਰ ਜੋ ਮਨੋਸਥਿਤੀ, ਆਤਮ-ਸਮਾਨ ਤੇ ਆਤਮਗੌਰਵ ਦਾ ਅਹਿਸਾਸ ਕਰਵਾਉਂਦੀ ਹੈ, ਉਸਦੇ ਸਾਹਮਣੇ ਜਾਨ ਦੀ ਕੋਈ ਕੀਮਤ ਨਹੀਂ ਹੁੰਦੀ । ਵਰਨਾ ਭਗਤ ਸਿੰਘ, ਸੁਖਦੇਵ, ਆਜ਼ਾਦ ਜਿਹੇ ਲੋਕ ਮਰਕੇ ਵੀ ਅਮਰ ਨਾ ਹੁੰਦੇ । ਬਹਰਹਾਲ ਇਹ ਥੋੜੇ ਜਿਹੇ ਵਿਲੰਭ (ਵਿਘਨ) ਲਈ ਮੁਆਫੀ ਚਾਹੁੰਦਾ ਹਾਂ, ਤੇ ਕੋਰਟ ਨੂੰ ਬੇਨਤੀ ਕਰਦਾ ਹਾਂ ਕਿ ਸੂਬੇਦਾਰ ਬਲਵਾਨ ਸਿੰਘ ਨੂੰ ਫੇਰ ਬੁਲਾਇਆ ਜਾਵੇ ।

ਸ ਜੱਜ : ਸੂਬੇਦਾਰ ਬਲਵਾਨ ਸਿੰਘ ।

[ਬਲਵਾਨ ਸਿੰਘ ਗਵਾਹੀ ਵਾਲੀ ਥਾਂ ਤੇ ਆਉਂਦਾ ਹੈ]

ਕੈਪਟਨ ਰਾਏ : (ਬਲਵਾਨ ਸਿੰਘ ਨੂੰ) ਘਬਰਾਉ ਨਹੀਂ, ਸੂਬੇਦਾਰ ਸਾਹਿਬ ਮੈਂ ਤੁਹਾਨੂੰ ਜ਼ਿਅ ਦਾ ਪ੍ਰੇਸ਼ਾਨ ਨਹੀ ਕਰਾਂਗਾ ।.. ਕੀ ਤੁਸੀਂ ਇਹ ਮੰਨਦੇ ਹੋ ਕਿ ਸੂਬੇਦਾਰ ਇਕ ਪੁਲ ਦੀ ਤਰ੍ਹਾਂ ਹੁੰਦਾ ਹੈ. ਜਵਾਨਾਂ ਤੇ ਕਮਾਂਡਿੰਗ ਅਫਸਰ ਦੇ ਵਿਚ ਬਣਿਆ ਹੋਇਆ ਪੁਲ ! ਜਵਾਨਾਂ ਦੀਆਂ ਸ਼ਕਾਇਤਾਂ, ਉਹਨਾਂ ਦੇ ਦੁਖ-ਸੁਖ, ਇਸੇ ਪੁਲ ਤੋਂ ਹੋ ਕੇ ਸੀ. ਓ ਤੱਕ ਪਹੁੰਚਦੇ ਨੇ । ਤੇ ਸੀ. ਓ. ਵੀ ਇਸੇ ਪੁਲ ਤੇ ਚਲਕੇ, ਤੁਹਾਡੇ ਰਾਹੀਂ ਜਵਾਨਾਂ ਤੱਕ ਪਹੁੰਚਦਾ ਹੈ । ਉਹਨਾਂ ਬਾਰੇ ਕੋਈ ਵੀ ਜਾਣਕਾਰੀ ਹਾਸਿਲ ਕਰਨ ਦਾ ਰਸਤਾ ਤੁਸੀਂ ਹੀ ਹੋ । ਕੋਈ ਗਲਤ ਗੱਲ ਤੇ ਨਹੀਂ ਕਰ ਰਿਹਾ ਮੈਂ ?

ਸੂਬੇਦਾਰ : (ਹੌਲੀ ਆਵਾਜ਼ ਵਿਚ) ਨਹੀਂ ਸਰ । ਤੁਸੀਂ ਠੀਕ ਕਹਿ ਰਹੇ ਹੋ ।

ਕੈਪਟਨ ਰਾਏ : ਅਛਾ ਹੁਣ ਇਹ ਦੱਸੋ, ਜਦੋਂ ਸੀ. ਓ. ਸਾਹਿਬ ਨੇ ਰਾਮਚੰਦਰ ਦੀ ਦੁਧ ਅਤੇ ਬਦਾਮ ਦੀ ਐਕਸਟਰਾ ਖੁਰਾਕ ਲਗਵਾਈ ਸੀ, ਤਾਂ ਕੀ ਉਦੋਂ ਰਾਮਚੰਦਰ ਕੈਪਟਨ ਕਪੂਰ ਦਾ ਸੇਵਾਦਾਰ ਯਾਨੀ ਅਰਦਲੀ ਸੀ ?

ਬਲਵਾਨ ਸਿੰਘ : ਨਹੀਂ, ਸਰ ! ਰੇਜ਼ਿੰਗ ਡੇ ਤੇ ਜਦੋਂ ਰਾਮਚੰਦਰ ਨੇ ਪੰਜ ਹਜ਼ਾਰ ਮੀਟਰ ਦੀ ਦੋੜ ਜਿੱਤੀ ਸੀ ਉਦੋਂ ਸੀ ਓ. ਸਾਹਿਬ ਨੇ ਉਸਦੇ ਲਈ ਐਕਸਟਰਾ ਡਾਈਟ ਦਾ ਆਰਡਰ ਦਿਤਾ ਸੀ । ਉਸ ਤੋਂ ਬਾਦ ਹੀ ਰਾਮ ਚੰਦਰ ਨੂੰ ਕੈਪਟਨ ਕਪੂਰ ਦੇ ਅਰਦਲੀ ਦੀ ਡਿਊਟੀ ਦੇ ਦਿਤੀ ਗਈ ਸੀ ।

ਕੈਪਟਨ ਰਾਏ : ਸੀ. ਓ. ਸਾਹਿਬ ਨੇ ਖੁਰਾਕ ਲਗਵਾਈ ਸੀ, ਤਾਂ ਕਿ ਰਾਮ ਚੰਦਰ ਉਤਰੀ ਕਮਾਨ ਦੇ ਖੇਡ ਮੁਕਾਬਲਿਆਂ ਦੇ ਲਈ ਪ੍ਰੈਕਟਿਸ ਕਰੇ, ਤਿਆਰੀ ਕਰੇ, ਤੇ ਤੁਸੀਂ ਉਸ ਨੂੰ ਲਗਾ ਦਿੱਤਾ ਕੈਪਟਨ ਕਪੂਰ ਦਾ ਸੇਵਾਦਾਰ ! ਆਖਿਰ ਕਿਉਂ ?

ਬਲਵਾਨ ਸਿੰਘ : ਮੈਂ ਖੁਦ ਨਹੀਂ ਲਗਾਇਆ ਸੀ, ਸਰ । ਕੈਪਟਨ ਕਪੂਰ ਨੇ ਹੀ ਮੈਨੂੰ ਆਰਡਰ ਦਿਤਾ ਸੀ ਕਿ ਰਾਮਚੰਦਰ ਨੂੰ ਉਹਨਾਂ ਦਾ ਸੇਵਾਦਾਰ ਲਾਵਾਂ ।

ਕੈਪਟਨ ਰਾਏ : ਤੁਸੀਂ ਉਹਨਾਂ ਨੂੰ ਦਸਿਆ ਨਹੀਂ ਸੀ ਕਿ ਸੀ. ਓ. ਸਾਹਿਬ ਨੇ ਉਸਨੂੰ ਦੌੜ ਦੀ ਤਿਆਰੀ ਦੇ ਲਈ

ਬਲਵਾਨ ਸਿੰਘ : ਦਸਿਆ ਸੀ, ਸਰ । ਪਰ ਕੈਪਟਨ ਕਪੂਰ ਨੇ ਕਿਹਾ ਸੀ ਕਿ ਉਹ ਖੁਦ ਰਾਮਚੰਦਰ ਦੀ ਦੌੜ ਦੀ ਤਿਆਰੀ ਕਰਵਾਉਣਗੇ, ਸਵੇਰੇ ਸ਼ਾਮ ਉਸਦੇ ਨਾਲ ਦੌੜਨਗੇ, ਏਨਾ ਤਜਰਬਾ ਏ, ਉਹ ਪੰਜ ਹਜ਼ਾਰ ਮੀਟਰ ਦੇ ਚੈਂਪੀਅਨ ਰਹਿ ਚੁਕੇ ਨੇ । ਮੈਨੂੰ ਉਹਨਾਂ ਦੀ ਗੱਲ ਠੀਕ ਲੱਗੀ...



ਇਸ ਲਈ

ਕੈਪਟਨ ਰਾਏ : ਕੈਪਟਨ ਕਪੂਰ ਦਾ ਸੇਵਾਦਾਰ ਬਣਨ ਤੋਂ ਬਾਦ ਕੀ ਰਾਮਚੰਦਰ ਸਵੇਰੇ ਸ਼ਾਮ ਪ੍ਰੈਕਟਿਸ ਲਈ ਮੈਦਾਨ ਵਿਚ ਆਉਂਦਾ ਸੀ ?

ਬਲਵਾਨ ਸਿੰਘ : ਜੀ ਸਰ, ਆਉਂਦਾ ਸੀ ।

ਕੈਪਟਨ ਰਾਏ : ਗੁਡ ! ਹਰ ਰੋਜ਼ ਆਉਂਦਾ ਸੀ ?

ਬਲਵਾਨ ਸਿੰਘ : ਨਹੀਂ ਸਰ ! ਕਦੀ-ਕਦੀ ।

ਕੈਪਟਨ ਰਾਏ : ਕਦੀ-ਕਦੀ ? ਇਕ ਮਹੀਨੇ 'ਚ ਕੁਲ ਕਿੰਨੀ ਵਾਰੀ ਆਇਆ ਸੀ ਉਹ ?

ਬਲਵਾਨ ਸਿੰਘ : (ਹੌਲੀ ਅਵਾਜ਼ 'ਚ) ਬਸ ਮੁਸ਼ਕਿਲ ਨਾਲ ਦੋ ਜਾਂ ਤਿੰਨ ਵਾਰ ।

ਕੈਪਟਨ ਰਾਏ : ਸੂਬੇਦਾਰ ਸਾਹਿਬ, ਥੋੜਾ ਉੱਚਾ ਬੋਲੋ, ਕੋਰਟ ਨੂੰ ਤੁਹਾਡੀ ਆਵਾਜ਼ ਸੁਣਾਈ ਦੇਣੀ ਚਾਹੀਦੀ ਏ ।

ਬਲਵਾਨ ਸਿੰਘ : (ਉੱਚੀ ਆਵਾਜ਼ 'ਚ) ਮਹੀਨੇ ਵਿਚ ਦੋ ਜਾਂ ਤਿੰਨ ਵਾਰੀ ਆਇਆ ਸੀ ਪ੍ਰੈਕਟਿਸ ਦੇ ਲਈ ।

ਕੈਪਟਨ ਰਾਏ : ਸੀ. ਓ. ਸਾਹਿਬ ਨੇ ਖੁਰਾਕ ਲਗਵਾਈ ਤੇ ਰਾਮ ਚੰਦਰ ਪ੍ਰੈਕਟਿਸ ਦੇ ਲਈ ਨਹੀਂ ਆਇਆ ! ਇਹ ਤਾਂ ਬਹੁਤ ਗਲਤ ਗੱਲ ਹੈ !

ਬਲਵਾਨ ਸਿੰਘ : ਜੀ ਹਾਂ, ਸਰ ।

ਕੈਪਟਨ ਰਾਏ : ਫਿਰ ? ਤੁਸੀਂ ਕੋਈ ਪੁਛਗਿਛ ਨਹੀਂ ਕੀਤੀ ? ਰਾਮ ਚੰਦਰ ਦੇ ਖਿਲਾਫ ਕੋਈ ਐਕਸ਼ਨ ਲਿਆ ਸੀ ਤੁਸੀਂ ?

ਬਲਵਾਨ ਸਿੰਘ : ਰਾਮ ਚੰਦਰ ਨੂੰ ਪੁਛਿਆ ਸੀ, ਸਰ । ਉਸਨੇ ਦਸਿਅ ਕਿ ਪ੍ਰੈਕਟਿਸ ਲਈ ਟਾਈਮ ਨਹੀ ਮਿਲਦਾ

ਕੈਪਟਨ ਰਾਏ : ਕਿਉਂ ? ਕਿਉਂ ਟਾਈਮ ਨਹੀਂ ਮਿਲਦਾ ?

ਬਲਵਾਨ ਸਿੰਘ : ਕਿਉਂਕਿ ਪ੍ਰੈਕਟਿਸ ਦੇ ਟਾਈਮ, ਕੈਪਟਨ ਕਪੂਰ ਉਸਨੂੰ ਘਰ ਦਾ ਕੋਈ ਨਾ ਕੋਈ ਕੰਮ ਦੱਸ ਦੇਂਦਾ ਸੀ.ਇਸ ਲਈ

ਕੈਪਟਨ ਰਾਏ : ਇਹ ਗੱਲ ਸੱਚ ਸੀ ਜਾਂ ਰਾਮ ਚੰਦਰ ਝੂਠ ਬੋਲ ਰਿਹਾ ਸੀ .

ਬਲਵਾਨ ਸਿੰਘ : ਝੂਠ ਤਾਂ ਰਾਮਚੰਦਰ ਕਦੀ ਨਹੀਂ ਬੋਲਦਾ ਸਰ ! ਮੈਂ ਪਤਾ ਕੀਤਾ ਸੀ, ਖੁਦ ਵੀ ਵੇਖਿਆ ਸੀ, ਰਾਮਚੰਦਰ ਹਮੇਸ਼ਾਂ ਕਿਸੇ ਨ ਕਿਸੇ ਕੰਮ ਵਿਚ ਉਲਝਿਆ ਰਹਿੰਦਾ ਸੀ ।

ਕੈਪਟਨ ਰਾਏ : ਕਿਹੋ ਜਿਹੇ ਕੰਮ ? ਰੂਲਜ਼ ਦੇ ਮੁਤਾਬਿਕ ਅਰਦਲੀ ਦੀ ਡਿਊਟੀ ਹੈ ਅਫਸਰ ਦੀ ਵਰਦੀ ਤਿਆਰ ਕਰਨਾ, ਉਸਦੇ ਹਥਿਆਰ ਸਾਫ ਕਰਨਾ ।

ਬਲਵਾਨ ਸਿੰਘ : ਜੀ ਹਾਂ ! ਰੂਲਜ਼ ਤਾਂ ਏਹੀ ਹੈ । ਪਰ ਤੁਸੀਂ ਤਾਂ ਜਾਣਦੇ ਈ ਹੋ

**ਕੈਪਟਨ ਰਾਏ** : ਜੀ ਹਾਂ ! ਜਾਣਦਾ ਵਾਂ। ਨਿਯਮ ਤੇ ਕਾਨੂੰਨ ਤਾਂ ਸਿਰਫ ਛੋਟੇ ਤੇ ਕਮਜ਼ੋਰ ਲੋਕਾਂ ਦੇ ਲਈ ਹੁੰਦੇ ਨੇ। ਇਸ ਲਈ ਸੇਵਾਦਾਰ ਤਾਂ ਅਫਸਰ ਦਾ ਨਿਜੀ ਨੌਕਰ ਬਣ ਜਾਂਦਾ ਹੈ। ਬਾਜ਼ਾਰ ਤੋਂ ਸਾਮਾਨ ਲਿਆਉ ਬੱਚਿਆਂ ਨੂੰ ਸਕੂਲ ਛਡਕੇ ਆਉ, ਖਾਣਾ ਬਣਾਉ, ਖਾਣਾ ਲਗਾਉ, ਮੇਮ ਸਾਹਿਬ ਦੇ ਕਪੜੇ ਪ੍ਰੈਸ ਕਰੋ, ਕੁੱਤੇ ਨੂੰ ਘੁਮਾਉਣ ਲੈ ਜਾਉ ਤੇ ਸਾਹਿਬ ਨੂੰ ਹਮੇਸ਼ਾਂ ਖੁਸ਼ ਰਖੋ, ਪਰ ਇਸ ਵਿਚ ਤੁਹਾਡਾ ਕੀ ਦੋਸ਼ ? ਤੁਸੀਂ ਆਪਣੇ ਤੋਂ ਹੇਠਾਂ ਵਾਲਿਆਂ ਉਪਰ ਤਾਂ ਐਕਸ਼ਨ ਲੈ ਸਕਦੇ ਹੋ, ਪਰ ਉਪਰ ਵਾਲਿਆਂ ਦੇ ਖਿਲਾਫ ਸ਼ਿਕਾਇਤ ਦਰਜ ਨਹੀਂ ਕਰ ਸਕਦੇ।

**ਬਲਵਾਨ ਸਿੰਘ** : ਪਰ ਸਰ, ਉਤਰੀ ਕਮਾਨ ਦੇ ਮੁਕਾਬਲਿਆਂ ਤੋਂ ਪਹਿਲਾਂ ਹੀ ਮੈਂ ਰਾਮਚੰਦਰ ਦੀ ਡਿਊਟੀ ਬਦਲ ਦਿਤੀ ਸੀ। ਸਿਰਫ ਦਸ ਦਿਨਾਂ ਦੀ ਜੀਅ ਤੋੜ ਮੇਹਨਤ ਕਰਕੇ, ਰਾਮਚੰਦਰ ਨੇ ਇਹ ਮੁਕਾਬਲਾ ਜਿਤ ਲਿਆ ਸੀ।

**ਕੈਪਟਨ ਰਾਏ** : ਗੁਡ, ਵੈਰੀ ਗੁਡ ! ਤੁਸੀਂ ਖੁਦ ਹੀ ਉਸਦੀ ਡਿਊਟੀ ਬਦਲੀ ਸੀ ਜਾਂ ਕਿਸੇ ਹੋਰ ਦੇ ਕਹਿਣ ਤੇ ?

[ਸੂਬੇਦਾਰ ਚੁਪ ਰਹਿੰਦਾ ਹੈ।]

**ਸੂਰਤ ਸਿੰਘ** : ਸੂਬੇਦਾਰ ਸਾਹਿਬ, ਜਵਾਬ ਦਿਓ, ਕੀ ਕਿਸੇ ਨੇ ਰਾਮਚੰਦਰ ਦੀ ਸ਼ਿਕਾਇਤ ਕੀਤੀ ਸੀ ?

**ਬਲਵਾਨ ਸਿੰਘ** : ਨਹੀਂ ਸਰ ! ਖੁਦ ਰਾਮਚੰਦਰ ਨੇ ਸ਼ਿਕਾਇਤ ਕੀਤੀ ਸੀ।

**ਕੈਪਟਨ ਰਾਏ** : ਕੀ ਸ਼ਿਕਾਇਤ ਕੀਤੀ ਸੀ ਉਸਨੇ ? (ਵਕਫਾ) ਦੱਸੋ।

**ਬਲਵਾਨ ਸਿੰਘ** : (ਹਿਚਕਚਾਉਂਦੇ ਹੋਏ) ਗਲ ਕੁਝ ਚੰਗੀ ਨਹੀਂ, ਸਰ ਕਹਿੰਦੇ ਹੋਏ ਸ਼ਰਮ ਆਉਂਦੀ ਹੈ।

**ਸੂਰਤ ਸਿੰਘ** : ਸ਼ਰਮ ਨਾ ਕਰੋ। ਜੋ ਵੀ ਹੈ ਬੋਲੋ।

**ਬਲਵਾਨ ਸਿੰਘ** : ਸਰ ਪਤਾ ਨਹੀਂ, ਤੁਸੀਂ ਜਾਣਦੇ ਹੋ ਜਾਂ ਨਹੀਂ ! ਰਾਮਚੰਦਰ ਛੋਟੀ ਜ਼ਾਤ ਦਾ ਹੈ। ਕੈਪਟਨ ਕਪੂਰ ਹਮੇਸ਼ਾਂ ਉਸਨੂੰ "ਉਏ ਹਰੀਜਨ" ਕਹਿਕੇ ਬੁਲਾਉਂਦੇ ਸੀ।...

**ਕੈਪਟਨ ਰਾਏ** : ਅਛਾ ? ਤਾਂ ਫਿਰ ?

**ਬਲਵਾਨ ਸਿੰਘ** : ਰਾਮਚੰਦਰ ਨੂੰ ਬਹੁਤ ਤਕਲੀਫ ਹੁੰਦੀ ਸੀ। ਇਸ ਲਈ ਉਸਨੇ ਮੈਨੂੰ ਡਿਊਟੀ ਬਦਲਣ ਲਈ ਕਿਹਾ ਸੀ। ਵਰਨਾ ਉਸਨੇ ਸੀ. ਓ. ਸਾਹਿਬ ਦੇ ਦਰਬਾਰ ਵਿਚ ਸ਼ਿਕਾਇਤ ਕਰਨ ਦਾ ਇਰਾਦਾ ਕਰ ਲਿਆ ਸੀ।

**ਕੈਪਟਨ ਰਾਏ** : (ਹੈਰਾਨੀ ਨਾਲ) ਤੇ ਇਸ ਲਈ ਤੁਸੀਂ ਉਸਦੀ ਗਲ ਮੰਨ ਲਈ ?



ਤੇ ਉਸਦੀ ਡਿਊਟੀ ਚੇਂਜ ਕਰ ਦਿਤੀ ? ਹੋ ਸਕਦਾ ਹੈ, ਰਾਮ ਚੰਦਰ ਝੂਠ ਬੋਲ ਰਿਹਾ ਹੋਵੇ ?

**ਬਲਵਾਨ ਸਿੰਘ** : ਨਹੀਂ ਸਰ ! ਮੈਂ ਕਿਹਾ ਸੀ ਨਾ ਕਿ ਰਾਮਚੰਦਰ ਕਦੀ ਝੂਠ ਨਹੀਂ ਬੋਲਦਾ ! ਮੈਂ ਖੁਦ ਕਈ ਵਾਰੀ ਸੁਣਿਆ ਸੀ, ਬਹੁਤਿਆਂ ਨੇ ਸੁਣਿਆ ਸੀ।

**ਕੈਪਟਨ ਰਾਏ** : ਪਰ ਜੇਕਰ ਕੈਪਟਨ ਕਪੂਰ ਉਸ ਨੂੰ 'ਉਏ ਹਰੀਜਨ' ਕਹਿਕੇ ਬੁਲਾਉਂਦੇ ਵੀ ਸੀ, ਤਾਂ ਇਸ ਵਿਚ ਬੁਰਾ ਮੰਨਣ ਵਾਲੀ ਕਿਹੜੀ ਹੈ ? 'ਹਰੀਜਨ' ਤਾਂ ਮਹਾਤਮਾ ਗਾਂਧੀ ਦਾ ਦਿੱਤਾ ਹੋਇਆ ਸ਼ਬਦ ਹੈ।

**ਬਲਵਾਨ ਸਿੰਘ** : ਜੀ ਹਾਂ, ਸਰ। ਪਰ ਕੈਪਟਨ ਕਪੂਰ ਉਸ ਸ਼ਬਦ ਨੂੰ ਗਾਹਲ ਵਾਂਗੂੰ ਵਰਤਦੇ ਸੀ। ਉਸਨੂੰ 'ਚੂਹੜਾ' ਤੇ 'ਭੰਗੀ' ਕਹਿ ਕੇ ਬੁਲਾਉਂਦੇ ਸੀ। ਸਭ ਦੇ ਸਾਹਮਣੇ। ਕੈਪਟਨ ਵਰਮਾ ਵੀ ਉਸ ਨੂੰ 'ਉਏ ਚੂਹੜੇ ਦੇ ਪੁੱਤਰ' ਕਹਿਕੇ ਬੁਲਾਉਂਦੇ ਸੀ।

**ਕੈਪਟਨ ਰਾਏ** : ਫਿਰ ? ਰਾਮ ਚੰਦਰ ਇਹ ਸਭ ਸੁਣਦਾ ਰਹਿੰਦਾ ਸੀ ?

**ਬਲਵਾਨ ਸਿੰਘ** : ਜੀ ਹਾਂ। ਸੁਣਦਾ ਰਹਿੰਦਾ ਸੀ ! ਬਰਦਾਸ਼ਤ ਕਰਦਾ ਰਹਿੰਦਾ ਸੀ। ਪਰ ਜਦੋਂ ਅੱਤ ਹੋ ਗਈ, ਤੱਦ ਉਸਨੇ ਮੈਨੂੰ ਅਲਟੀਮੇਟਮ ਦਿਤਾ ਕਿ ਮੈਂ ਉਸਦੀ ਡਿਊਟੀ ਬਦਲ ਦੇਵਾਂ ਵਰਨਾ ਉਹ ਸੀ. ਓ. ਸਾਹਿਬ ਨੂੰ ਸ਼ਿਕਾਇਤ ਕਰਨ ਜਾ ਰਿਹਾ ਹੈ।

**ਕੈਪਟਨ ਰਾਏ** : ਕਿਉਂ ? ਅਜਿਹੀ ਕਿਹੜੀ ਗੱਲ ਹੋ ਗਈ ਸੀ ਅੱਤ ਦੀ ?

**ਬਲਵਾਨ ਸਿੰਘ** : ਉਸ ਦਿਨ ਕੈਪਟਨ ਸਾਹਿਬ ਦੇ ਘਰ ਕੁਝ ਮਹਿਮਾਨ ਆਏ ਹੋਏ ਸੀ। ਉਹਨਾਂ ਨਾਲ ਦੋ-ਤਿੰਨ ਬੱਚੇ ਵੀ ਸੀ। ਇਕ ਛੋਟੀ ਬੱਚੀ ਨੇ ਡਰਾ-ਇੰਗ ਰੂਮ ਵਿਚ ਹੀ 'ਪਾਟੀ' ਕਰ ਦਿਤੀ। ਕੈਪਟਨ ਸਾਹਿਬ ਨੇ ਰਾਮ ਚੰਦਰ ਨੂੰ ਸਾਫ ਕਰਨ ਲਈ ਕਿਹਾ, ਪਰ ਰਾਮ ਚੰਦਰ ਨੇ ਸਾਫ ਇਨ-ਕਾਰ ਕਰ ਦਿਤਾ।

**ਕੈਪਟਨ ਰਾਏ** : ਕੀ ਸਾਫ ਕਰਨ ਤੋਂ ਇਨਕਾਰ ਕਰ ਦਿਤਾ ?

**ਬਲਵਾਨ ਸਿੰਘ** : ਬੱਚੀ ਦੀ 'ਪਾਟੀ'।

**ਕੈਪਟਨ ਰਾਏ** : 'ਪਾਟੀ' ਕੀ ਮਤਲਬ ? ਦੇਸੀ ਭਾਸ਼ਾ 'ਚ ਦੱਸੋ।

**ਬਲਵਾਨ ਸਿੰਘ** : 'ਪਾਟੀ' ਮਤਲਬ ਸ਼ਿੱਟ, ਟੱਟੀ (ਗੁਸੇ 'ਚ) ਰਾਮਚੰਦਰ ਨੇ ਸਾਹਿਬ ਦੀ ਬੱਚੀ ਦੀ ਟੱਟੀ ਚੁਕਣ ਤੋਂ ਇਨਕਾਰ ਕਰ ਦਿਤਾ।

**ਕੈਪਟਨ ਰਾਏ** : ਫਿਰ ਉਸਤੋਂ ਬਾਅਦ ਕੀ ਹੋਇਆ ?

**ਬਲਵਾਨ ਸਿੰਘ** : ਕੈਪਟਨ ਕਪੂਰ ਨਰਾਜ਼ ਹੋ ਗਏ। ਉਸਨੇ ਸਭ ਮਹਿਮਾਨਾਂ ਦੇ ਸਾਹਮਣੇ ਚੀਖ ਕੇ ਕਿਹਾ 'ਸਾਲਾ ਜ਼ਾਤ ਦਾ ਚੂਹੜਾ ਤੈਨੂੰ ਟੱਟੀ ਚੁਕਣ ਤੋਂ ਸ਼ਰਮ ਆਉਂਦੀ ਹੈ ? ਤੇਰੇ ਪੁਰਖੇ ਸਦੀਆਂ ਸਾਡੀ ਟੱਟੀ ਸਿਰ ਤੇ ਚੁੱਕੀ ਘੁੰਮਦੇ ਰਹੇ ਨੇ।'

ਕੈਪਟਨ ਰਾਏ । ਤੁਸੀਂ ਇਸ ਘਟਨਾ ਦੇ ਚਸ਼ਮਦੀਦ ਗਵਾਹ ਨਹੀਂ ਹੋ। ਫਿਰ ਕੈਪਟਨ ਕਪੂਰ ਦੇ ਸ਼ਬਦ ਕਿਵੇਂ ਕੋਟ ਕਰ ਸਕਦੇ ਹੋ ?

ਬਲਵਾਨ ਸਿੰਘ : ਮੈਨੂੰ ਇਹ ਸ਼ਬਦ ਰਾਮਚੰਦਰ ਤੋਂ ਇਲਾਵਾ ਵੀ, ਕਿਸੇ ਨੇ ਦੱਸੇ ਸੀ, ਜੋ ਇਸ ਘਟਨਾ ਦਾ ਚਸ਼ਮਦੀਦ ਗਵਾਹ ਸੀ।

ਕੈਪਟਨ ਰਾਏ : ਕੌਣ ।

ਬਲਵਾਨ ਸਿੰਘ : ਕੈਪਟਨ ਕਪੂਰ ਦੀ ਪਤਨੀ, ਸ੍ਰੀ ਮਤੀ ਕਪੂਰ।

ਕੈਪਟਨ ਰਾਏ : ਸ੍ਰੀਮਤੀ ਕਪੂਰ ?

ਬਲਵਾਨ ਸਿੰਘ : ਜੀ ਹਾਂ, ਉਹ ਹਮੇਸ਼ਾ ਰਾਮਚੰਦਰ ਦਾ ਪੱਖ ਲੈ ਕੇ ਉਸਨੂੰ ਬਚਾਉਣ ਦੀ ਕੋਸ਼ਿਸ਼ ਕਰਦੀ ਸੀ। ਇਸ ਗੱਲ ਤੇ ਪਤੀ-ਪਤਨੀ ਵਿਚ ਜ਼ਬਰਦਸਤ ਝਗੜੇ ਵੀ ਹੁੰਦੇ ਸੀ। ਐਕਟਰੇਸ ਵਾਲੀ ਘਟਨਾ ਉਸੇ ਰਾਤ ਨੂੰ ਹੋਈ ਸੀ।

ਕੈਪਟਨ ਰਾਏ : (ਇਕ ਵਕਫੇ ਤੋਂ ਬਾਦ) ਤੁਸੀਂ ਰਾਮ ਚੰਦਰ ਨੂੰ ਸੀ. ਓ. ਕੋਲ ਕਿਉਂ ਨਹੀਂ ਜਾਣ ਦਿੱਤਾ ?

ਬਲਵਾਨ ਸਿੰਘ : ਮੈਂ ਸੋਚਿਆ ਕਿ ਝਗੜਾ ਚੁਪ-ਚਾਪ ਨਿਪਟਾ ਦੇਵਾਂ, ਏਨੀ ਗੱਲ ਨਾ ਫੈਲੇ ਤਾਂ ਅੱਛਾ ਹੈ।

ਕੈਪਟਨ ਰਾਏ : ਤੁਸੀਂ ਠੀਕ ਸੋਚਿਆ ਸੂਬੇਦਾਰ ਸਾਹਿਬ। ਅਨਿਆਂ ਦੀ ਗੱਲ ਫੈਲਣੀ ਨਹੀਂ ਚਾਹੀਦੀ। ਇਸ ਨੂੰ ਤਾਂ ਹਮੇਸ਼ਾ ਤੋਂ ਲੋਕ ਦਬਾਉਂਦੇ ਆ ਰਹੇ ਨੇ। ਪਰ ਸ਼ਾਇਦ ਤੁਹਾਨੂੰ ਪਤਾ ਨਹੀਂ ਕਿ ਹਰ ਛੋਟਾ ਅਨਿਆਂ ਇਕ ਵਡੇ ਅਨਿਆਂ ਨੂੰ ਜਨਮ ਦੇਂਦਾ ਹੈ। ਜੇ ਤੁਸੀਂ ਸੀ. ਓ. ਸਾਹਿਬ ਦੇ ਨੋਟਿਸ ਵਿਚ ਇਹ ਸਾਰੀਆਂ ਗੱਲਾਂ ਲਿਆਉਂਦੇ ਤਾਂ ਸ਼ਾਇਦ ਖੂਨ ਨਾ ਹੋਇਆ ਹੁੰਦਾ। ਤੇ ਨਾ ਹੀ ਇਹ ਕੋਰਟ ਮਾਰਸ਼ਲ।

ਬਲਵਾਨ ਸਿੰਘ : ਇਹ ਮੇਰੀ ਬਹੁਤ ਵੱਡੀ ਗਲਤੀ ਸੀ, ਸਰ ! ਇਸਦੀ ਜੋ ਵੀ ਸਜ਼ਾ ਹੋਵੇਗੀ ਮੈਂ ਭੁਗਤਣ ਲਈ ਤਿਆਰ ਹਾਂ।

ਕੈਪਟਨ ਰਾਏ : (ਬੋਝਲ ਆਵਾਜ਼ 'ਚ) ਥੈਂਕ ਯੂ, ਸੂਬੇਦਾਰ ਸਾਹਿਬ ਹੁਣ ਮੈਂ ਕੁਝ ਨਹੀਂ ਪੁਛਣਾ। ਤੁਸੀਂ ਜਾ ਸਕਦੇ ਹੋ। (ਜੱਜਾਂ ਨੂੰ) ਨੋ ਫਰਦਰ ਕੁਐਸਚਨ ਵਿਦ ਦਿਸ ਵਿਟਨੈਸ. ਸਰ।

ਸੂਰਤ ਸਿੰਘ : (ਸੂਬੇਦਾਰ ਨੂੰ) ਯੂ ਆਰ ਏਕਸਕਯੂਸਡ (ਵਿਕਾਸ ਰਾਏ ਨੂੰ) ਨੈਕਸਟ ?

[ਬਲਵਾਨ ਸਿੰਘ ਭਾਰੀ ਕਦਮਾਂ ਨਾਲ ਵਾਪਸ ਆ ਕੇ ਬੈਠਦਾ ਹੈ]

ਕੈਪਟਨ ਰਾਏ : ਮੇਰੀ ਰੀਕੁਐਸਟ ਹੈ ਸਰ ਕਿ ਕੈਪਟਨ ਕਪੂਰ ਨੂੰ ਦੁਬਾਰਾ ਬੁਲਾਇਆ ਜਾਵੇ।

ਸੂਰਤ ਸਿੰਘ : (ਕਪੂਰ ਨੂੰ) ਕੈਪਟਨ ਕਪੂਰ।

[ਕਪੂਰ ਗਵਾਹੀ ਵਾਲੀ ਥਾਂ ਤੇ ਆਉਂਦਾ ਹੈ ]



ਕੈਪਟਨ ਰਾਏ : (ਕਪੂਰ ਨੂੰ) ਕੈਪਟਨ ਕਪੂਰ ! ਰਾਮਚੰਦਰ ਨੇ ਤੁਹਾਡੀ ਸ਼ਕਾਇਤ ਸੂਬੇਦਾਰ ਸਾਹਿਬ ਨੂੰ ਕਿਉਂ ਕੀਤੀ ?

ਕੈਪਟਨ ਕਪੂਰ : ਹੁਣ ਖਾਨਦਾਨੀ ਲੋਕ ਫੌਜ ਵਿਚ ਭਰਤੀ ਨਹੀਂ ਹੁੰਦੇ। ਨੀਵੀਂ ਜ਼ਾਤ ਦੇ ਲਕਾਂ ਨੂੰ ਫੌਜ 'ਚ ਭਰਤੀ ਕੀਤਾ ਜਾਊ ਤਾਂ ਏਹੋ ਕੁਝ ਹੋਵੇਗਾ। ਗੱਲ-ਗੱਲ ਤੇ ਸ਼ਕਾਇਤਾਂ। ਇਸੇ ਲਈ ਇੰਡੀਅਨ ਆਰਮੀ ਦਾ ਡਿਸਿਪਲਿਨ

ਕੈਪਟਨ ਰਾਏ : ਇੰਡੀਅਨ ਆਰਮੀ ਦੇ ਡਿਸਿਪਲਿਨ ਦੀ ਚਿੰਤਾ ਛਡੋ, ਕੈਪਟਨ ਕਪੂਰ। ਪਹਿਲਾਂ ਇਹ ਦੱਸੋ ਕਿ ਇਹ ਖਾਨਦਾਨੀ ਲੋਕ ਕੀ ਹੁੰਦੇ ਨੇ ?

ਕੈਪਟਨ ਕਪੂਰ : ਖਾਂਦੇ ਪੀਂਦੇ ਘਰਾਂ ਦੇ ਲੋਕ। ਭੁਖਿਆਂ ਨੰਗਿਆਂ ਨੂੰ ਜਦੋਂ ਫੌਜ 'ਚ ਭਰਤੀ ਕੀਤਾ ਜਾਵੇਗਾ, ਢਿਡ ਭਰਕੇ ਰੋਟੀ ਖਾਣ ਨੂੰ ਮਿਲੂਗੀ ਤਾਂ ਉਹਨਾਂ ਦਾ ਦਿਮਾਗ ਖਰਾਬ ਹੋਊ ਜਾਂ ਨਹੀਂ ?

ਕੈਪਟਨ ਰਾਏ : ਜ਼ਰੂਰ ਹੋਏਗਾ ! ਹੋਏਗਾ। ਤੁਸੀਂ ਤਾਂ ਖੈਰ ਖਾਨਦਾਨੀ ਆਦਮੀ ਓ। ਖਾਂਦੇ-ਪੀਂਦੇ ਘਰ ਦੇ। ਸੁਖੀ ਇਨਸਾਨ।

ਕੈਪਟਨ ਕਪੂਰ : ਬੇਸ਼ਕ ! ਸਾਡਾ ਖਾਨਦਾਨ ਰਾਜਾ ਰਣਜੀਤ ਸਿੰਘ ਨਾਲ ਜੁੜਦਾ ਹੈ। ਚਾਰ ਪੀੜ੍ਹੀਆਂ ਤੋਂ ਸਾਡੇ ਖਾਨਦਾਨ ਨੇ ਰਾਜ ਕੀਤਾ ਹੈ। ਅੰਗਰੇਜ਼ਾਂ ਤੋਂ ਲੈ ਕੇ ਹੁਣ ਤਕ ਮੇਰੇ ਬਜ਼ੁਰਗ ਹਰ ਫੀਲਡ ਵਿਚ ਅੱਗੇ ਰਹੇ ਨੇ। ਕੋਈ ਫੌਜ ਵਿਚ, ਕੋਈ ਆਈ ਏ ਐਸ, ਕੋਈ ਪੀ ਸੀ ਐਸ, ਆਈ ਐਫ ਐਸ, ਆਈ ਪੀ ਐਸ !

ਕੈਪਟਨ ਰਾਏ : ਵਾਹ ਬਹੁਤ ਜ਼ਬਰਦਸਤ ਲਾਈਨੇਜ ਹੈ ਤੁਹਾਡੀ ?

ਕੈਪਟਨ ਕਪੂਰ : ਔਫ ਕੋਰਸ ! ਆਈ ਐਮ ਪਰਾਊਡ ਔਫ ਇਟ।

ਕੈਪਟਨ ਰਾਏ : ਯੈਸ ! ਆਈ ਬੈੱਟ ਯੂ ਆਰ ! ਤੁਹਾਡੇ ਪਿਤਾ ਕੀ ਕੰਮ ਕਰਦੇ ਸੀ ?

ਕੈਪਟਨ ਕਪੂਰ : ਹੀ ਵਾਜ਼ ਐਨ ਆਈ ਪੀ ਐਸ। ਡੀ ਆਈ ਜੀ ਬਣਕੇ ਰਿਟਾਇਰ ਹੋਏ।

ਕੈਪਟਨ ਰਾਏ : ਪਰ ਆਈ ਜੀ ਨਹੀਂ ਬਣ ਸਕੇ।

ਕੈਪਟਨ ਕਪੂਰ : ਸੋ ਵੱਟ ? ਡੀ ਆਈ ਜੀ ਘੱਟ ਹੁੰਦਾ ਹੈ ਕਿਤੇ ?

ਕੈਪਟਨ ਰਾਏ : ਬਿਲਕੁਲ ਨਹੀਂ, ਪਰ ਉਹ ਆਈ ਜੀ ਕਿਉਂ ਨਹੀਂ ਬਣ ਸਕੇ ? ਸ਼ਾਇਦ ਇਸ ਲਈ ਕਿ ਉਹਨਾਂ ਦੀ ਸਰਵਿਸ ਬੇਦਾਗ ਨਹੀਂ ਸੀ ?

ਕੈਪਟਨ ਕਪੂਰ : ਇਹ ਝੂਠ ਹੈ

ਕੈਪਟਨ ਰਾਏ : ਦਸ ਸਾਲ ਦੀ ਸਰਵਿਸ ਵਿਚ ਉਹ ਦੋ ਵਾਰ ਸਸਪੈਂਡ ਹੋਏ ? ਉਹਨਾਂ ਦੀ ਇਨਕੁਆਰੀ ਹੋਈ ਸੀ।

ਕੈਪਟਨ ਕਪੂਰ : ਪੁਲੀਟੀਕਲ ਕਲਾਈਂਟ ਦੀ ਵਜਹ ਨਾਲ .

ਕੈਪਟਨ ਰਾਏ : ਕਿਸੀ ਵੀ ਵਜਹ ਨਾਲ ਸਹੀ.. ਝੱਟ ਹੀ ਵਾਜ਼

ਮੇਜਰ ਪੁਰੀ : ਆਈ ਥਿੰਕ ਦਿਸ ਹੋਲ ਕਨਵਰਸੇਸ਼ਨ ਇਜ਼ ਇਨਕੰਪੀਟੈਂਟ, ਇਰੇਲੇਵੇਂਟ ਐਂਡ ਇਮੀਟੀਰੀਅਲ । ਦਿਸ ਇਜ਼ ਨਾਟ ਪਰਾਪਰ ਕਰਾਸ ਇੰਗਜ਼ਾਮੀਨੇਸ਼ਨ ।

ਸ. ਜੱਜ : ਯੈਸ ਮੇਜਰ ਪੁਰੀ ਇਜ਼ ਰ ਈਟ । ਕੈਪਟਨ ਰਾਏ, ਤੁਸੀਂ ਉਹੀ ਸਵਾਲ ਪੁਛੋ, ਜਿਨ੍ਹਾਂ ਦਾ ਸਿੱਧਾ ਸੰਬੰਧ ਰਾਮਚੰਦਰ ਜਾਂ ਕੈਪਟਨ ਕਪੂਰ ਨਾਲ ਹੈ ।

ਕੈਪਟਨ ਕਪੂਰ । (ਜੱਜ ਨੂੰ) ਸੌਰੀ ਸਰ ! ਮੈਂ ਭਟਕ ਗਿਆ ਸੀ, ਸਿਰਫ ਖਾਨਦਾਨੀ ਸ਼ਬਦ ਦੇ ਅਰਥ ਜਾਨਣ ਦੀ ਕੋਸ਼ਿਸ਼ ਕਰ ਰਿਹਾ ਸੀ । ਸੋ ਹੁਣ ਮੈਂ ਇਹਨਾਂ ਤੋਂ ਉਹੀ ਸਵਾਲ ਪੁਛਾਂਗਾ । (ਕਪੂਰ ਵੱਲ ਮੁੜਦੇ ਹੋਏ) ਕੈਪਟਨ ਕਪੂਰ, ਤੁਹਾਡੀ ਪਤਨੀ ਕਈ ਮਹੀਨਿਆਂ ਤੋਂ ਘਰ ਵਿਚ ਨਹੀਂ । ਤੁਸੀਂ ਬਿਲਕੁਲ ਇਕੱਲੇ ਓ . ਖਾਣਾ ਵਗੈਰਾ ਕਿਥੋਂ ਖਾਂਦੇ ਓ ?

ਕੈਪਟਨ ਕਪੂਰ : ਘਰ 'ਚ ਈ ਖਾਂਦਾ ਵਾਂ ਹੋਰ ਕਿਥੇ ?

ਕੈਪਟਨ ਰਾਏ : ਨਹੀਂ । ਤੁਸੀਂ ਸ਼ਾਇਦ ਭੁਲ ਰਹੇ ਓ । ਪਿਛਲੇ ਕਈ ਮਹੀਨਿਆਂ ਤੋਂ ਤੁਸੀਂ ਘਰ ਖਾਣਾ ਨਹੀਂ ਖਾ ਰਹੇ ਓ ਤੇ ਨਾ ਹੀ ਆਫੀਸਰ ਮੈਸ ਵਿਚ ਤੁਸੀਂ ਖਾਣਾ ਆਪਣੇ ਦੋਸਤ ਕੇਪਟਨ ਵਰਮਾ ਦੇ ਘਰ ਖਾਂਦੇ ਓ ।

ਕੈਪਟਨ ਕਪੂਰ : ਕੀ ਦੋਸਤ ਦੇ ਘਰ ਖਾਣਾ-ਖਾਣਾ ਕਰਾਈਮ ਹੈ ?

ਕੈਪਟਨ ਰਾਏ : ਨਹੀਂ ! ਬਿਲਕੁਲ ਨਹੀ । ਮੈਂ ਕਦੋਂ ਕਿਹਾ ਕਿ ਇਹ ਕਰਾਈਮ ਹੈ ? ਅੱਛਾ ਇਹ ਦੱਸੋ ਕੈਪਟਨ ਕਪੂਰ, ਅੱਜਕਲ ਤਾਂ ਅਫਸਰਾਂ ਨੂੰ ਫਰੀ ਰਾਸ਼ਨ ਮਿਲਦਾ ਹੈ ਨਾ ?

ਕੈਪਟਨ ਕਪੂਰ : ਹਾਂ ਮਿਲਦਾ ਹੈ, ਫੇਰ ?

ਕੈਪਟਨ ਰਾਏ : ਤੁਸੀਂ ਆਪਣੇ ਦੋਸਤ ਦੇ ਘਰ ਖਾਣਾ ਖਾਂਦੇ ਸੀ ਤਾਂ ਫਿਰ ਉਸ ਰਾਸ਼ਨ ਦਾ ਕੀ ਕਰਦੇ ਸੀ ਜੋ ਤੁਹਾਨੂੰ ਮੁਫ਼ਤ ਮਿਲਦਾ ਸੀ ?

ਕੈਪਟਨ ਕਪੂਰ : ਉਹ ਰਾਸ਼ਨ ਮੈਂ ਆਪਣੇ ਨੌਕਰਾਂ ਨੂੰ ਦੇ ਦੇਂਦਾ ਸੀ ।

ਕੈਪਟਨ ਰਾਏ : ਝੂਠ ! ਬਿਲਕੁਲ ਝੂਠ ! ਉਹ ਰਾਸ਼ਨ ਤੁਸੀਂ ਨੌਕਰਾਂ ਨੂੰ ਨਹੀਂ ਸੀ ਦੇਂਦੇ । ਬਲਕਿ ਆਪਣੇ ਅਰਦਲੀ ਦੇ ਹੱਥ ਸਦਰ ਬਾਜ਼ਾਰ ਬਨਵਾਰੀ ਲਾਲ ਐਂਡ ਸਨਜ਼ ਦੀ ਦੁਕਾਨ ਉਤੇ ਵੇਚ ਦੇਂਦੇ ਸੀ । ਉਹ ਰਾਸ਼ਨ ਜੋ ਤੁਹਾਨੂੰ ਸਰਕਾਰ ਵੱਲੋਂ ਮੁਫਤ ਮਿਲਦਾ ਸੀ ਪਿਛਲੇ ਕਈ ਮਹੀਨਿਆਂ ਤੋਂ ਤੁਸੀਂ ਵੇਚਦੇ ਆ ਰਹੇ ਹੋ । ਜੇ ਕਹੋ ਤਾਂ ਬੁਲਵਾਵਾਂ ਲਾਲਾ ਬਨਵਾਰੀ ਲਾਲ ਨੂੰ ਗਵਾਹੀ ਲਈ ? ਤੁਹਾਡੇ ਸੇਵਾਦਾਰ ਨੂੰ ? ਨੌਕਰਾਂ ਨੂੰ ?

ਕੈਪਟਨ ਕਪੂਰ : ਹੋਰ ਅਫਸਰ ਵੀ ਤਾਂ ਏਹੋ



ਸੂਰਤ ਸਿੰਘ : (ਦਹਾੜ ਕੇ) ਹੋਰ ਅਫ਼ਸਰਾਂ ਦੀ ਗੱਲ ਨਾ ਕਰੋ । ਤੂੰ ਇਸ ਰਾਸ਼ਨ ਨੂੰ ਵੇਚਦਾ ਸੀ ਜਾਂ ਨਹੀਂ ? (ਕਪੂਰ ਸਿਰ ਝੁਕਾ ਲੈਂਦਾ ਹੈ) ਮੈਨੂੰ ਲਗਦਾ ਹੈ ਅਗਲਾ ਕੋਰਟ ਮਾਰਸ਼ਲ ਤੇਰਾ ਕਰਨਾ ਪਵੇਗਾ ।

ਕੈਪਟਨ ਰਾਏ : (ਸੂਰਤ ਸਿੰਘ ਨੂੰ) ਸ਼ਾਇਦ ਇਹਦੀ ਜ਼ਰੂਰਤ ਹੀ ਨਾ ਪਵੇ ਸਰ (ਕੈਪਟਨ ਕਪੂਰ ਨੂੰ) ਤੁਸੀਂ ਸਵਾਰ ਰਾਮਚੰਦਰ ਕੋਲੋਂ ਪੰਜ ਹਜ਼ਾਰ ਮੀਟਰ ਦੀ ਦੌੜ ਕਿਉਂ ਹਾਰ ਗਏ ਸੀ, ਕੈਪਟਨ ਕਪੂਰ ?

ਕੈਪਟਨ ਕਪੂਰ : (ਜ਼ਹਿਰੀਲੀ ਆਵਾਜ਼ ਵਿਚ) ਫੌਜ ਵਿਚ ਭਰਤੀ ਹੋਣ ਤੋਂ ਪਹਿਲਾਂ, ਰਾਮਚੰਦਰ ਪਿੰਡ ਵਿਚ ਡੰਗਰ ਚਾਰਦਾ ਸੀ : ਸਾਰਾ ਦਿਨ ਜਾਨਵਰਾਂ ਦੇ ਪਿੱਛੇ ਦੌੜਦਾ ਹੋਵੇਗਾ, ਮੈਨੂੰ ਦੌੜ 'ਚ ਹਰਾਕੇ ਸੁਪਰਮੈਨ ਤਾਂ ਨਹੀਂ ਬਣ ਗਿਆ ?

ਕੈਪਟਨ ਰਾਏ : ਨਹੀਂ । ਪਰ ਮੈਂ ਦਸਦਾ ਕਿ ਤੁਸੀਂ ਦੌੜ ਵਿਚ ਕਿਉਂ ਹਾਰੇ (ਇਕ-ਇਕ ਸ਼ਬਦ ਤੇ ਜ਼ੋਰ ਦੇ ਕੇ) ਤੁਸੀਂ ਦੌੜ ਵਿਚੋਂ ਏਸ ਲਈ ਹਾਰੇ ਕਿਉਂਕਿ ਦਿਨ ਰਾਤ ਤੁਸੀਂ ਸ਼ਰਾਬ ਪੀਂਦੇ ਸੀ । ਤੁਹਾਡੀ ਮੈਸ ਦਾ ਬਿਲ ਵੇਖਕੇ ਸੀ ਓ ਸੀ ਦੋ ਵਾਰੀ ਤੁਹਾਨੂੰ ਵਾਰਨਿੰਗ ਵੀ ਦੇ ਚੁਕਾ ਹੈ । ਰਾਮਚੰਦਰ ਕੋਲੋਂ ਦੌੜ ਹਾਰਕੇ ਤੁਹਾਡਾ ਖਾਨਦਾਨੀ ਘੁਮੰਡ ਟੁੱਟ ਚੁਕਾ ਸੀ । ਤੁਹਾਡੇ ਅਹਿਮ ਨੂੰ ਧਕਾ ਲੱਗਾ, ਤੇ ਇਸਦਾ ਬਦਲਾ ਲੈਣ ਲਈ, ਤੁਸੀਂ ਉਸਨੂੰ ਆਪਣਾ ਅਰਦਲੀ ਬਣਾ ਲਿਆ ਤਾਂਕਿ ਗੱਲ ਗੱਲ ਤੇ ਉਸਨੂੰ ਅਪਮਾਨਤ ਕੀਤਾ ਜਾ ਸਕੇ । ਉਸ ਕੋਲੋਂ ਆਪਣੀ ਦੁਸ਼ਮਣੀ ਕੱਢੀ ਜਾਂ ਸਕੇ ।

ਕੈਪਟਨ ਕਪੂਰ : ਦੁਸ਼ਮਣੀ ? ਦੁਸ਼ਮਣੀ ਬਰਾਬਰ ਵਾਲਿਆਂ ਨਾਲ ਕੀਤੀ ਜਾਂਦੀ ਹੈ, ਛੋਟੇ ਲੋਕਾਂ ਨਾਲ ਨਹੀਂ

ਕੈਪਟਨ ਰਾਏ : ਛੋਟੇ ਲੋਕ, ਮਤਲਬ ?

ਕੈਪਟਨ ਕਪੂਰ : ਛੋਟ ਲੋਕ ਮਤਲਬ, ਛੋਟੇ ਲੋਕ ।

ਕੈਪਟਨ ਰਾਏ : ਜਿਵੇਂ ਕਿ ਰਾਮਚੰਦਰ ? ਹੈ ਨਾਂ ? ਕੀ ਇਸੇ ਲਈ ਤੁਸੀਂ ਉਸਨੂੰ 'ਚੂਹੜਾ" ਤੇ ਭੰਗੀ ਕਹਿਕੇ ਬੁਲਾਉਂਦੇ ਸੀ ?

ਕੈਪਟਨ ਕਪੂਰ : ਝੂਠ ਹੈ । ਉਹ ਝੂਠ ਬੋਲਦਾ ਹੈ ਤੇ ਨਾਲੇ ਜੇ 'ਭੰਗੀ' ਨੂੰ 'ਭੰਗੀ' ਕਹਿ ਵੀ ਦਿਤਾ ਤਾਂ ਕਿਹੜਾ ਕਰਾਈਮ ਹੋ ਗਿਆ ?

ਕੈਪਟਨ ਰਾਏ : (ਇਕ-ਇਕ ਸ਼ਬਦ ਤੇ ਜ਼ੋਰ ਦੇ ਕੇ) ਕੋਈ ਕਰਾਈਮ ਨਹੀਂ ਹੋਇਆ, ਕੈਪਟਨ ਭਿਖਾਰੀ ਦਾਸ ਕਪੂਰ ।

ਕੈਪਟਨ ਕਪੂਰ : (ਚੀਖਕੇ) ਠੀਕ ਤਰਾਂ ਮੇਰਾ ਨਾਮ ਲਉ । ਬੀ.ਡੀ. ਕਪੂਰ !

ਕੈਪਟਨ ਰਾਏ : ਤੁਹਾਡੇ ਮੈਟ੍ਰਿਕ ਦੇ ਪ੍ਰਮਾਣ ਪੱਤਰ ਵਿਚ ਪੂਰਾ ਨਾਮ ਲਿਖਿਆ ਏ — ਭਿਖਾਰੀ ਦਾਸ ਕਪੂਰ । ਤੁਹਾਡਾ ਜਨਮ ਬਹੁਤ ਮੰਨਤਾਂ ਤੋਂ ਬਾਦ

ਹੋਇਆ ਸੀ। ਤੁਹਾਡੇ ਖਾਨਦਾਨੀ ਲੋਕਾਂ ਵਿਚ ਅੰਧਵਿਸ਼ਵਾਸ਼ ਹੈ ਕਿ ਜੇ ਲੜਕੇ ਦਾ ਜਨਮ ਮੁਸ਼ਕਿਲ ਹੋਵੇ ਤਾਂ ਉਸਦਾ ਨਾਮ ਘਟੀਆ ਤੇ ਗੰਦਾ ਰਖਿਆ ਜਾਵੇ। ਇਸ ਲਈ ਤੁਹਾਡੀ ਦਾਦੀ ਨੇ ਤੁਹਾਡਾ ਨਾਮ ਰਖਿਆ ਸੀ ਭਿਖਾਰੀ ਦਾਸ ਕਪੂਰ।

ਕੈਪਟਨ ਕਪੂਰ : (ਚੀਖਕੇ) ਆਈ ਹੈਵ ਚੇਂਜ਼ਡ ਮਾਈ ਨੇਮ। ਆਈ ਏਮ ਬਲਦੇਵ ਕਪੂਰ, ਡਾਂਟ ਕਾਲ ਮੀ ਬਾਏ ਏਨੀ ਅਦਰ ਨੇਮ।

ਕੈਪਟਨ ਰਾਏ : ਜੇ ਤੁਸੀਂ ਭੰਗੀ ਨੂੰ ਭੰਗੀ, ਚੂਹੜੇ ਨੂੰ ਚੂਹੜਾ ਕਹਿ ਸਕਦੇ ਹੋ ਤਾਂ ਮੈਂ ਤੁਹਾਨੂੰ ਤੁਹਾਡੇ ਅਸਲੀ ਨਾਮ ਨਾਲ ਵੀ ਨਹੀਂ ਬੁਲਾ ਸਕਦਾ – ਭਿਖਾਰੀ ਦਾਸ ਕਪੂਰ ?

ਕੈਪਟਨ ਕਪੂਰ : (ਗੁਸੇ 'ਚ ਪਾਗਲ ਹੁੰਦੇ ਹੋਏ) ਸਟਾਪ ਇਟ। ਅਦਰਵਾਈਜ਼ –

ਕੈਪਟਨ ਰਾਏ : ਅਦਰਵਾਇਜ਼ ? ਕੀ ਮੈਨੂੰ ਥਪੜ ਮਾਰੇਂਗਾ ? ਜਿਵੇਂ ਰਾਮਚੰਦਰ ਨੂੰ ਮਾਰਿਆ ਸੀ, ਜਦੋਂ ਉਸਨੇ ਤੁਹਾਨੂੰ ਚੂਹੜਾ ਕਹਿਣ ਤੋਂ ਰੋਕਿਆ ਸੀ ?

ਕੈਪਟਨ ਕਪੂਰ : ਹਾਂ ! ਮਾਰਾਂਗਾ –

ਕੈਪਟਨ ਰਾਏ : ਉਂਝ ਈ, ਜਿਵੇਂ ਆਪਣੀ ਪਤਨੀ ਨੂੰ ਮਾਰਿਆ ਕਰਦੇ ਸੀ, ਜਦੋਂ ਉਸਨੇ ਕਿਹਾ ਸੀ, ਕਿ ਤੂੰ ਮਰਦ ਨਹੀਂ ਏ, ਜ਼ਨਾਨਾ ਏ ? ਨਪੁੰਸਕ ਏ ? ਇਮਪੋਟੈਂਟ ! ?

ਕੈਪਟਨ ਕਪੂਰ : (ਬੇਕਾਬੂ ਹੋਕੇ, ਵਿਕਾਸ ਰਾਏ ਵਲ ਵਧਦੇ ਹੋਏ) ਯੂ ਸਨ ਆਫ਼ ਬਿੱਚ ! ਮਦਰ ਫੱਕਰ, ਆਈ ਵਿਲ ਕਿਲ ਯੂ।

[ਗਾਰਡ, ਸੂਰਤ ਸਿੰਘ ਕਪੂਰ ਵਲ ਵਧਦੇ ਨੇ, ਗਾਰਡ ਉਸਨੂੰ ਪਕੜਦਾ ਹੈ, ਕੈਪਟਨ ਕਪੂਰ ਆਪਣੇ ਆਪ ਨੂੰ ਛਡਾਣ ਦੀ ਕੋਸ਼ਿਸ਼ ਕਰਦਾ ਹੋਇਆ ਚੀਖਦਾ ਹੈ। ਛੱਡ ਦਿਉ, ਛਡ ਦਿਉ, ਮੈਂ ਇਸ ਨੂੰ ਨਹੀਂ ਛੱਡਾਂਗਾ, ਆਈ ਵਿਲ ਕਿਲ ਦਿਸ ਬਾਸਟਰਡ। ਗਾਰਡ ਕੋਲੋਂ ਬੰਦੂਕ ਖੋਂਹਦੇ ਹੋਏ ਗਿਵ ਮੀ ਯੂਅਰ ਗਨ,—ਆਈ ਵਿਲ ਕਿਲ ਹਿਮ। ਸੂਰਤ ਸਿੰਘ ਉਸ ਨੂੰ ਧਕਦੇ ਹੋਏ, ਇਕ ਪਾਸੇ ਲੈ ਜਾਂਦਾ ਹੈ ਪਰ ਕਪੂਰ ਚੀਖਦਾ ਰਹਿੰਦਾ ਹੈ, ਸੂਰਤ ਸਿੰਘ ਪੂਰੇ ਜ਼ੋਰ ਨਾਲ ਕਪੂਰ ਦੇ ਇਕ ਥੱਪੜ ਮਾਰਦਾ ਹੈ। ਕਪੂਰ ਲੜ ਖੜਾ ਕੇ ਹੇਠਾਂ ਡਿੱਗ ਪੈਂਦਾ ਹੈ। ਸਭ ਪਾਸੇ ਚੁੱਪ ਹੈ। ਸਭ ਚੁਪਚਾਪ ਕਪੂਰ ਵੱਲ ਵੇਖਦੇ ਰਹਿੰਦੇ ਨੇ। ਫਿਰ ਸੂਰਤ ਸਿੰਘ ਅੱਗੇ ਵਧਦਾ ਹੈ, ਹੌਲੀ-ਹੌਲੀ ਕਪੂਰ ਕੋਲ ਪਹੁੰਚਦਾ ਹੈ। ਇਕ-ਦੋ ਪਲ ਉਸ ਵੱਲ ਵੇਖਕੇ, ਫਿਰ ਹੱਥ ਅੱਗੇ ਵਧਾਉਂਦਾ ਹੈ।]

ਸੂਰਤ ਸਿੰਘ : (ਸ਼ਾਂਤ ਅਵਾਜ਼ ਵਿਚ ਕਪੂਰ ਨੂੰ) ਕਮ ਆਨ ! ਗੈਟ ਅਪ।



[ਕਪੂਰ, ਸੂਰਤ ਸਿੰਘ ਦੇ ਹੱਥ ਦਾ ਸਹਾਰਾ ਲੈਂਦਾ ਹੈ, ਸੂਰਤ ਸਿੰਘ ਉਸਨੂੰ ਉਠਾਉਂਦਾ ਹੈ। ਕਪੂਰ ਖੜਾ ਹੋ ਜਾਂਦਾ ਹੈ। ਸੂਰਤ ਸਿੰਘ ਵਿਕਾਸ ਰਾਏ ਨੂੰ ਕਹਿੰਦਾ ਹੈ।]

ਸੂਰਤ ਸਿੰਘ : (ਵਿਕਾਸ ਨੂੰ) ਡੂ ਯੂ ਵਾਂਟ ਟੂ ਆਸਕ ਫਰਦਰ ਕੁਐਸਚਨਜ਼ ?

ਕੈਪਟਨ ਰਾਏ : (ਸਿਰ ਹਿਲਾਕੇ) ਨੋ ਸਰ, ਨੋ ਫਰਦਰ ਕੁਐਸਚਨਜ਼ !

ਸੂਰਤ ਸਿੰਘ : (ਕਪੂਰ ਨੂੰ) ਟੇਕ ਯੂਅਰ ਸੀਟ, ਕੈਪਟਨ ਕਪੂਰ ! (ਮੁੜਕੇ ਸਭ ਨੂੰ) ਤੁਸੀਂ ਸਭ ਵੀ ਆਪਣੀ ਜਗਾਹ ਤੇ ਬੈਠੋ

[ਮੁੜ ਕੇ ਆਪਣੀ ਜਗਹ ਤੇ ਬੈਠਦਾ ਹੈ। ਫਿਰ ਪਾਈਪ ਜਲਾਂਦਾ ਹੈ। ਸਭ ਹੌਲੀ-ਹੌਲੀ ਆਪਣੀ ਥਾਂ ਤੇ ਬੈਠਦੇ ਨੇ।]

ਸੂਰਤ ਸਿੰਘ : (ਵਿਕਾਸ ਨੂੰ) ਕੀ ਹੋਰ ਕੋਈ ਗਵਾਹ ਪੇਸ਼ ਕਰਨਾ ਹੈ, ਵਿਕਾਸ ਰਾਏ ?

ਕੈਪਟਨ ਰਾਏ : ਸਿਰਫ ਆਖਰੀ ਗਵਾਹ, ਸਰ ! ਸਵਾਰ ਰਾਮ ਚੰਦਰ।

ਸੂਰਤ ਸਿੰਘ : (ਰਾਮ ਚੰਦਰ ਨੂੰ) ਰਾਮਚੰਦਰ।

[ਰਾਮ ਚੰਦਰ ਸੂਰਤ ਸਿੰਘ ਵੱਲ ਵੇਖਦਾ ਹੋਇਆ, ਖੜਾ ਹੋ ਜਾਂਦਾ ਹੈ, ਫਿਰ ਉੱਚੀ ਅਵਾਜ਼ 'ਚ ਕਹਿੰਦਾ ਹੈ।]

ਰਾਮ ਚੰਦਰ : (ਉੱਚੀ ਅਵਾਜ਼ 'ਚ) ਸਰ।

ਸੂਰਤ ਸਿੰਘ : ਗਵਾਹੀ ਲਈ ਅੱਗੇ ਆਓ।

ਰਾਮ ਚੰਦਰ : (ਉਂਝ ਹੀ) ਮੈਂ ਗਵਾਹੀ ਨਹੀਂ ਦੇਣੀ ਚਾਹੁੰਦਾ ਸਰ। ਮੈਂ ਖੂਨ ਕੀਤਾ ਹੈ, ਮੈਨੂੰ ਸਜ਼ਾ ਦਿਓ, ਸਰ।

ਸੂਰਤ ਸਿੰਘ : (ਹਲਕਾ ਜਿਹਾ ਝਿੜਕ ਕੇ) ਮਿਲੇਗੀ। ਪਰ ਪਹਿਲਾਂ ਉਥੇ ਆ ਕੇ ਖੜੇ ਹੋ ਜਾਉ। ਕਮ ਔਨ। ਹਰੀ ਅਪ।

ਰਾਮ ਚੰਦਰ : ਸਰ !

[ਅੱਡੀਆਂ ਵਜਾ ਕੇ ਤੇਜ਼ੀ ਨਾਲ ਗਵਾਹੀ ਵਾਲੀ ਥਾਂ ਤੇ ਚਲਾ ਜਾਂਦਾ ਹੈ।]

ਸੂਰਤ ਸਿੰਘ : (ਰਾਮ ਚੰਦਰ ਨੂੰ) ਵਿਸ਼ਰਾਮ ! ਆਰਾਮ ਨਾਲ।

[ਰਾਮ ਚੰਦਰ ਪਾਲਣ ਕਰਦਾ ਹੈ, ਸੂਰਤ ਸਿੰਘ ਬੈਠ ਜਾਂਦਾ ਹੈ, ਵਿਕਾਸ ਰਾਏ ਰਾਮ ਚੰਦਰ ਦੇ ਕੋਲ ਆ ਕੇ]

ਕੈਪਟਨ ਰਾਏ : ਤੇਰਾ ਨਾਮ ਕੀ ਏ ?

ਰਾਮ ਚੰਦਰ : ਸਰ, ਮੈਂ ਕਿਸੇ ਸਵਾਲ ਦਾ ਜਵਾਬ ਨਹੀਂ ਦੇਵਾਂਗਾ।

ਕੈਪਟਨ ਰਾਏ : (ਹੈਰਾਨ ਹੋ ਕੇ) ਮੈਂ ਤਾਂ ਸਿਰਫ ਨਾਮ ਹੀ ਪੁਛਿਆ ਏ ਤੁਹਾਡਾ। ਨਾਮ ? ਤੁਹਾਡਾ ਨਾਮ ਰਾਮ ਚੰਦਰ ਹੈ ਨਾ ? ਭਗਵਾਨ ਰਾਮ ਚੰਦਰ ਦੇ ਨਾਂਅ ਤੇ। ਉਹ ਤਾਂ ਅਨਿਆਂ ਦੇ ਵਿਰੁਧ ਲੜੇ ਸੀ। ਸ਼ਾਇਦ ਏਹੀ ਸੋਚ ਕੇ ਮਾਂ-ਬਾਪ ਨੇ ਤੁਹਾਡਾ ਨਾਮ ਰਾਮ ਚੰਦਰ ਰਖਿਆ ਸੀ ?

ਰਾਮ ਚੰਦਰ : ਮੈਂ ਕੋਈ ਜਵਾਬ ਨਹੀਂ ਦਿਆਂਗਾ। ਸਰ! ਮੈਂ ਖੂਨ ਕੀਤਾ ਹੈ। ਮੈਂ ਇਸਦਾ ਇਕਬਾਲ ਕਰਦਾ ਵਾਂ। ਸਰ।

ਕੈਪਟਨ ਰਾਏ : (ਗੁਸੇ 'ਚ) ਖੂਨ ਕੀਤਾ ਹੈ, ਤਾਂ ਕੀ ਤੈਨੂੰ ਪਰਮਵੀਰ ਚੱਕਰ ਦਿਤਾ ਜਾਵੇ? ਤੇਰੀ ਆਰਤੀ ਉਤਾਰੀ ਜਾਵੇ? ਫਾਂਸੀ ਹੋਵੇਗੀ ਫਾਂਸੀ। ਕਿਸੇ ਦੀ ਜਾਨ ਲੈਣ ਦਾ, ਹੱਤਿਆ ਕਰਨ ਦਾ ਏਨਾਂ ਘਮੰਡ? ਯੋਧਾ ਸਮਝਦਾ ਏਂ ਆਪਣੇ ਆਪ ਨੂੰ? ਖੂਨ ਕਰਦੇ ਹੋਏ ਡਰਿਆ ਨਹੀਂ, ਤਾਂ ਜਵਾਬ ਦੇਂਦੇ ਹੋਏ ਕਿਉਂ ਜਾਨ ਨਿਕਲ ਰਹੀ ਹੈ ਤੇਰੀ? ਤੁਸੀਂ ਸੱਚਮੁਚ ਛੋਟੇ ਤੇ ਟੁਚੇ ਲੋਕ ਹੋ ਸੰਵਿਧਾਨ ਤੇ ਕਾਨੂੰਨ ਕਿੰਨਾ ਵੀ ਬਰਾਬਰ ਦਾ ਅਧਿਕਾਰ ਕਿਉਂ ਨਾ ਦੇ ਦੇਵੇ। ਪਰ ਤੁਸੀਂ ਲੋਕ ਉਹੀ ਬਣੇ ਰਹੋਗੇ ਦਬੂ! ਡਰਪੋਕ! ਤੇ ਕਾਇਰ। ਸੌਂਹ ਖਾਣ ਤੋਂ ਬਾਅਦ ਵੀ ਸੱਚ ਬੋਲਣ ਤੋਂ ਡਰਦੇ ਓ ਕੈਪਟਨ ਵਰਮਾ ਤੇ ਕਪੂਰ ਠੀਕ ਹੀ ਤੈਨੂੰ ਕਹਿੰਦੇ ਸੀ, ਚੂਹੜਾ! ਚੁਮਾਰ! ਭੰਗੀ!

ਰਾਮ ਚੰਦਰ : (ਸਾਵਧਾਨ ਹੋ ਕੇ) ਗਾਹਲ ਨਾ ਕੱਢੋ, ਸਰ। ਨਹੀਂ ਤੇ ਠੀਕ ਨਹੀਂ ਹੋਏਗਾ।

ਸੂਰਤ ਸਿੰਘ : (ਡਾਂਟ ਕੇ) ਸਵਾਰ ਰਾਮ ਚੰਦਰ।

ਰਾਮ ਚੰਦਰ : ਸਰ!

ਸੂਰਤ ਸਿੰਘ : ਤੂੰ ਇੰਡੀਅਨ ਆਰਮੀ ਦੀ ਇਕ ਇਕਾਈ ਏਂ।

ਰਾਮ ਚੰਦਰ : ਥੈਂਕਯੂ, ਸਰ।

ਸੂਰਤ ਸਿੰਘ : ਸਚਾਈ ਕਿੰਨੀ ਵੀ ਕੌੜੀ ਕਿਉਂ ਨਾ ਹੋਵੇ, ਉਸਤੋਂ ਮੂੰਹ ਛੁਪਾਣਾ ਕਾਇਰਤਾ ਹੈ (ਵਕਫਾ! ਰਾਮਚੰਦਰ ਚੁਪ ਰਹਿੰਦਾ ਹੈ) ਬਹਾਦਰੀ ਨਾਲ ਜੀਵਿਆ ਏਂ, ਬਹਾਦਰੀ ਨਾਲ ਮਰ!

ਰਾਮ ਚੰਦਰ : ਸਰ!

ਸੂਰਤ ਸਿੰਘ : ਜੋ ਵੀ ਤੇਰੀਆਂ ਸ਼ਿਕਾਇਤਾਂ ਨੇ ਸੱਚ-ਸੱਚ ਕਹਿਦੇ, ਅਸੀਂ ਤੇਰੇ ਦੁਸ਼ਮਣ ਨਹੀਂ ਹਾਂ।

ਰਾਮ ਚੰਦਰ : ਗੰਦੀਆਂ ਗੰਦੀਆਂ ਗਾਲਾਂ ਕਢਦੇ ਸੀ ਮੈਨੂੰ, ਸਰ। ਮੈਨੂੰ ਹਰਾਮ ਦੀ ਸੱਟ ਕਹਿੰਦੇ ਸੀ।

ਕੈਪਟਨ ਰਾਏ : ਸੱਟ, ਮਤਲਬ? ਸੌਰੀ ਮੈਨੂੰ ਸਮਝ ਨਹੀਂ ਆਈ।

ਰਾਮ ਚੰਦਰ : ਸੱਟ ਦਾ ਮਤਲਬ - ਹਰਾਮ ਦੀ ਔਲਾਦ, ਸਰ। ਮੇਰਾ ਰੰਗ ਗੋਰਾ ਹੈ, ਇਸ ਲਈ ਅਜਿਹਾ ਕਹਿੰਦੇ ਸੀ ਸਰ।

ਕੈਪਟਨ ਰਾਏ : ਹਤਿਆ ਵਾਲੀ ਰਾਤ ਨੂੰ ਇਨ੍ਹਾਂ ਅਫਸਰਾਂ ਨੂੰ ਲਲਕਾਰਿਆ ਨਹੀਂ ਸੀ, ਫਿਰ ਇਹਨਾਂ ਨੇ ਗਾਰਡ ਹਾਊਸ ਦੇ ਕੋਲ ਗੱਡੀ ਕਿਉਂ ਰੋਕੀ ਸੀ?



ਰਾਮਚੰਦਰ : ਉਹ ਰੋਜ਼ ਰੋਕਦੇ ਸੀ, ਸਰ! ਮੈਂ ਜਦੋਂ ਵੀ ਗਾਰਡ ਡਿਊਟੀ ਤੇ ਹੁੰਦਾ ਸੀ, ਉਹ ਮੈਸ ਵਿਚੋਂ ਦਾਰੂ ਪੀਕੇ ਆਉਂਦੇ ਸੀ ਤੇ ਆਪਣੀ ਗਡੀ ਉਥੇ ਰੋਕਦੇ ਸੀ!

ਕੈਪਟਨ ਰਾਏ : ਕਿਉਂ ਰੋਕਦੇ ਸੀ?

ਰਾਮ ਚੰਦਰ : ਮੈਨੂੰ ਗਾਹਲਾਂ ਦੇਣ ਲਈ, ਸਰ। ਮੈਂ ਸੂਬੇਦਾਰ ਨੂੰ ਕਹਿਕੇ ਆਪਣੀ ਡਿਊਟੀ ਬਦਲਵਾ ਲਈ ਸੀ, ਇਸੇ ਲਈ ਗਾਹਲਾਂ ਦੇਂਦੇ ਸੀ ਸਰ।

ਕੈਪਟਨ ਰਾਏ : ਉਸ ਰਾਤ ਵੀ ਗਾਹਲਾਂ ਦਿਤੀਆਂ ਸੀ, ਉਹਨਾਂ ਨੇ?

ਰਾਮ ਚੰਦਰ : ਹਾਂ, ਸਰ।

ਕੈਪਟਨ ਰਾਏ : ਕੀ ਗਾਹਲ ਦਿਤੀ ਸੀ? (ਵਕਫਾ ਰਾਮ ਚੰਦਰ ਚੁਪ ਹੋ ਜਾਂਦਾ ਹੈ) ਦਸ ਕੀ ਗਾਹਲ ਦਿਤੀ ਸੀ ਉਹਨਾਂ ਨੇ? ਬੋਲ।

ਰਾਮ ਚੰਦਰ : ਬਸ ਗਾਹਲ ਦਿਤੀ ਸੀ, ਸਰ।

ਕੈਪਟਨ ਰਾਏ : ਪਰ ਕਿਹੜੀ ਗਾਹਲ ਦਿਤੀ ਸੀ? ਦਸ ਬੁਜ਼ਦਿਲ ਨਾ ਬਣ ਰਾਮ ਚੰਦਰ। ਉਹਨਾਂ ਦੇ ਹੀ ਸ਼ਬਦਾਂ ਵਿਚ ਦਸ। ਤੂੰ ਸੌਂਹ ਖਾਧੀ ਹੈ। ਬੋਲ।

ਰਾਮ ਚੰਦਰ : (ਬੜੀ ਮੁਸ਼ਕਿਲ ਨਾਲ ਕਹਿੰਦਾ ਹੈ) ਉਹਨਾਂ ਨੇ ਕਿਹਾ ਸੀ ..''ਚਿਟੇ ਚੂਹੜੇ। ਹਰਾਮ ਦੀ ਸੱਟ, ਤੇਰੀ ਮਾਂ ਜ਼ਰੂਰ ਕਿਸੇ ਕਪੂਰ ਜਾਂ ਵਰਮੇ ਨਾਲ ਸੁੱਤੀ ਹੋਵੇਗੀ''

[ਰਾਮ ਚੰਦਰ ਦੇ ਮੂੰਹੋਂ ਜ਼ਖਮੀ ਜਾਨਵਰ ਵਰਗੀ ਚੀਖ ਨਿਕਲਦੀ ਹੈ, ਉਹ ਦੋਵੇਂ ਹੱਥਾਂ ਨਾਲ ਮੂੰਹ ਢਕਕੇ ਜ਼ੋਰ-ਜ਼ੋਰ ਦੀ ਰੋਂਦਾ ਹੈ। ਸਭ ਖਾਮੋਸ਼ ਬੈਠੇ ਰਹਿੰਦੇ ਨੇ। ਫਿਰ ਸੂਰਤ ਸਿੰਘ ਭਾਰੀ ਆਵਾਜ਼ ਵਿਚ ਗਾਰਡ ਨੂੰ ਕਹਿੰਦਾ ਹੈ]

ਸੂਰਤ ਸਿੰਘ : ਗਾਰਡ ਪਾਣੀ ਲਿਆਉ।

[ਗਾਰਡ ਦੌੜਕੇ ਜਾਂਦਾ ਹੈ। ਸੀ ਓ ਰਾਵਤ ਰਾਮ ਚੰਦਰ ਦੇ ਨਜ਼ਦੀਕ ਜਾਂਦਾ ਹੈ। ਉਸਦੇ ਮੋਢੇ ਤੇ ਹੱਥ ਰਖਕੇ]

ਰਾਵਤ : ਰੋ ਨਾ ਰਾਮਚੰਦਰ ਮਰਦ ਲੋਕ ਕਦੀ ਰੋਂਦੇ ਨਹੀਂ।

ਰਾਮ ਚੰਦਰ : (ਰੋਂਦੇ ਹੋਏ ਰਾਵਤ ਨੂੰ ਵੇਖਕੇ) ਸਾਰੀ, ਸਰ।

[ਗਾਰਡ ਪਾਣੀ ਲਿਆਉਂਦਾ ਹੈ, ਰਾਵਤ ਗਿਲਾਸ ਲੈ-ਕੇ ਰਾਮ ਚੰਦਰ ਦੇ ਮੂੰਹ ਨੂੰ ਲਾਉਂਦਾ ਹੈ।]

ਰਾਵਤ : ਲੈ, ਪਾਣੀ ਪੀ ਲੈ।

[ਰਾਮ ਚੰਦਰ ਪਾਣੀ ਪੀਂਦਾ ਹੈ, ਗਿਲਾਸ ਹਟਾਕੇ ਰਾਵਤ ਨੂੰ ਕਹਿੰਦਾ]

ਰਾਮ ਚੰਦਰ : ਥੈਂਕ ਯੂ ਸਰ।

[ਰਾਮ ਚੰਦਰ ਆਪਣੇ ਆਪ ਨੂੰ ਕਾਬੂ ਵਿਚ ਕਰਦਾ ਹੈ। ਥੋੜਾ ਠੀਕ

ਆਪਣੀ ਜਗਹ ਤੇ ਖੜਾ ਹੋ ਜਾਂਦਾ ਹੈ। ਰਾਵਤ ਆਪਣੀ ਜਗਹ ਤੇ ਬੈਠ ਜਾਂਦਾ ਹੈ। ਕੁਝ ਪਲ ਦੀ ਖਾਮੋਸ਼ੀ ਤੋਂ ਬਾਅਦ, ਕੈਪਟਨ ਰਾਏ ਸੂਰਤ ਸਿੰਘ ਨੂੰ ਕਹਿੰਦਾ ਹੈ।]

ਕੈਪਟਨ ਰਾਏ : ਦੈਟਸ ਆਲ ਸਰ। ਡੀਫੈਂਸ ਰੈਸਟਸ।

[ਆਪਣੀ ਕੁਰਸੀ ਤੇ ਜਾਕੇ ਬੈਠ ਜਾਂਦਾ ਹੈ]

ਸੁਰਤ ਸਿੰਘ : (ਮੇਜਰ ਪੁਰੀ ਨੂੰ) ਮੇਜਰ ਪੁਰੀ ਡੂ ਯੂ ਵਾਂਟ ਟੂ ਕਰੋਸ ਇਗਜ਼ਾਮਿਨ ਹਿਮ ?

ਮੇਜਰ ਪੁਰੀ : (ਉਠਕੇ) ਨੋ ਸਰ, ਥੈਂਕ ਯੂ।

ਸ. ਜੱਜ : ਕਲੋਸਿੰਗ ਆਰਗੂਮੈਂਟ।

ਮੇਜਰ ਪੁਰੀ : ਯੈਸ। ਆਫਕੋਰਸ ਸਰ। (ਸਾਹਮਣੇ ਆਕੇ) ਜਦੋਂ ਰਾਮ ਚੰਦਰ ਨੇ ਖੁਦ ਹੀ ਕਬੂਲ ਕਰ ਲਿਆ ਕਿ ਉਸਨੇ ਹਤਿਆ ਕੀਤੀ ਹੈ ਤਾਂ ਮੇਰੇ ਲਈ ਸਾਬਿਤ ਕਰਨ ਲਈ ਕੁਝ ਨਹੀਂ ਹੈ। ਬੇਸ਼ਕ ਕੈਪਟਨ ਰਾਏ ਨੇ ਇਹ ਸਾਬਿਤ ਕਰਨ ਦੀ ਕੋਸ਼ਿਸ਼ ਕੀਤੀ, ਕਿ ਰਾਮ ਚੰਦਰ ਨਾਲ ਨਾਇਨਸਾਫੀ ਹੋਈ ਪਰ ਜ਼ੁਲਮ ਹੋਇਆ ਵੀ ਹੈ ਤਾਂ ਵੀ ਅਜਿਹੇ ਸਮਾਜ ਵਿਚ ਜੋ ਕਾਨੂੰਨ ਅਤੇ ਨਿਯਮਾਂ ਤੇ ਟਿਕਿਆ ਹੋਇਆ ਹੈ, ਜਿਥੇ ਵਿਰੋਧ ਪ੍ਰਗਟ ਕਰਨ ਦੇ ਹੋਰ ਵੀ ਕਈ ਤਰੀਕੇ ਨੇ, ਬਹੁਤ ਸਾਰੇ ਰਸਤੇ ਨੇ। ਪਰ ਨਹੀਂ ਰਾਮ ਚੰਦਰ ਨੂੰ ਕੋਈ ਹੋਰ ਤਰੀਕਾ ਨਹੀਂ ਦਿਖਾਈ ਦਿਤਾ। ਉਸਨੂੰ ਤਾਂ ਸਿਰਫ ਇਕੋ ਹੀ ਰਸਤਾ ਨਜ਼ਰ ਆਇਆ—ਹੱਤਿਆ ਦਾ ਰਸਤਾ। ਨਿਜੀ ਗੁਸੇ ਤੇ ਨਿਜੀ ਪ੍ਰਤੀਕਰਮ ਦੇ ਲਈ ਸਮਾਜ ਵਿਚ ਕੋਈ ਜਗਹ ਨਹੀਂ ਹੁੰਦੀ। ਰਾਮ ਚੰਦਰ ਆਪਣੇ ਕਮਾਂਡਿੰਗ ਆਫਿਸਰ ਨੂੰ ਸ਼ਿਕਾਇਤ ਕਰ ਸਕਦਾ ਸੀ, ਉਸਨੇ ਨਹੀਂ ਕੀਤੀ। ਰਾਮ ਚੰਦਰ ਸੈਨਾ ਦੇ ਸਰਵ-ਉਚ ਕਮਾਂਡਰ ਰਾਸ਼ਟਰਪਤੀ ਨੂੰ ਸ਼ਿਕਾਇਤ ਕਰ ਸਕਦਾ ਸੀ। ਉਸਨੇ ਨਹੀਂ ਕੀਤੀ ਜੇ ਮੰਨ ਵੀ ਲਈਏ ਕਿ ਇਹਨਾਂ ਦੋਹਾਂ ਅਫਸਰਾਂ ਨੇ ਉਸਨੂੰ ਗਾਹਲਾਂ ਦਿਤੀਆਂ, ਤੰਗ ਕੀਤਾ, ਤਾਂ ਇਹ ਇਕ ਨੈਤਿਕ ਅਪਰਾਧ ਹੈ। ਪਰ ਰਾਮ ਚੰਦਰ ਨੇ ਦੁਨੀਆਂ ਦਾ ਸਭ ਤੋਂ ਘਿਨੋਣਾ ਅਪਰਾਧ ਕੀਤਾ ਹੈ। ਕਿਸੇ ਇਨਸਾਨ ਦੀ ਜਾਨ ਲੈਣ ਦਾ ਅਪਰਾਧ। ਗਾਹਲ ਦਾ ਜਵਾਬ ਗੋਲੀ ਨਾਲ ਨਹੀਂ ਦਿਤਾ ਜਾ ਸਕਦਾ। ਉਸਨੇ ਹਤਿਆ ਕੀਤੀ ਹੈ। ਮਾਨਵ ਹਤਿਆ। ਇਸ ਲਈ ਆਰਮੀ ਐਕਟ 69 ਤੇ ਪੈਨਲ ਕੋਡ ਦੀ ਧਾਰਾ 302 ਦੇ ਤਹਿਤ ਸਜ਼ਾ ਮਿਲਣੀ ਚਾਹੀਦੀ ਏ, ਫਾਂਸੀ ਦੀ ਸਜ਼ਾ।

[ਮੇਜਰ ਪੁਰੀ ਬੈਠ ਜਾਂਦਾ ਹੈ। ਕੁਝ ਪਲ ਦੀ ਖਾਮੋਸ਼ੀ, ਫਿਰ ਵਿਕਾਸ ਰਾਏ ਉਠਦਾ ਹੈ ਤੇ ਹੌਲੀ ਆਵਾਜ਼ ਵਿਚ ਕਹਿਣਾ ਸ਼ੁਰੂ ਕਰਦਾ ਹੈ]



ਕੈਪਟਨ ਰਾਏ : ਸਰਕਾਰੀ ਵਕੀਲ ਮੇਜਰ ਪੁਰੀ ਨੇ ਠੀਕ ਹੀ ਕਿਹਾ ਹੈ, ਕਿ ਅਸੀਂ ਇਕ ਅਜਿਹੇ ਸਮਾਜ ਵਿਚ ਰਹਿੰਦੇ ਹਾਂ, ਜੋ ਕਾਨੂੰਨ ਤੇ ਨਿਯਮਾਂ ਉਤੇ ਟਿਕਿਆ ਹੋਇਆ ਹੈ। ਤੇ ਸਮਾਜ ਵਿਚ ਕਿਸੇ ਇਕ ਵਿਅਕਤੀ ਦੇ ਨਿਜੀ ਵਿਰੋਧ ਲਈ ਕੋਈ ਥਾਂ ਨਹੀਂ। ਸਮਾਜ ਨੇ, ਕਾਨੂੰਨ ਨੇ, ਵਿਵ-ਸਥਾ ਨੇ ਵਿਰੋਧ ਕਰਨ ਦੇ ਬਹੁਤ ਸਾਰੇ ਰਸਤੇ ਬਣਾਏ ਨੇ, ਮੀਲਾਂ ਲੰਮੇਂ ਰਸਤੇ, ਇਹਨਾਂ ਉਤੇ ਤੁਰਿਆ ਤੇ ਜਾ ਸਕਦਾ ਹੈ। ਪਰ ਇਹ ਰਸਤੇ ਕਿਧਰੇ ਪਹੁੰਚਦੇ ਵੀ ਹੈ ਨੇ ? ਕਿਤੇ ਨਹੀਂ ਪਹੁੰਚਦੇ। ਕਦੀ ਵੀ ਨਹੀਂ ਪਹੁੰਚਦੇ। ਵਿਰੋਧ ਕੋਈ ਨਾਟਕ ਨਹੀਂ ਜੋ ਆਪਣੀ ਰੀਜ਼ਲਟ ਤਕ ਪਹੁੰਚਣ ਲਈ ਆਖਰੀ ਅੰਕ ਦਾ ਇੰਤਜ਼ਾਰ ਕਰੇ। ਜੋ ਕਠੋਰ ਤੇ ਸ਼ਕਤੀਸ਼ਾਲੀ ਨੇ, ਉਹਨਾਂ ਦੇ ਵਿਰੋਧ ਨੂੰ ਰਾਜਨੀਤਿਕ ਵਿਰੋਧ ਕਿਹਾ ਜਾਂਦਾ ਹੈ ਤੇ ਇਹ ਵਿਰੋਧ ਉਹਨਾਂ ਨੂੰ ਇਕੋ ਹੀ ਛਲਾਂਗ ਵਿਚ ਬਿਠਾ ਦਿੰਦਾ ਹੈ, ਸਤਾ ਦੇ ਬਿਲਕੁਲ ਕੋਲ ਰਖੇ ਸਿੰਘਾਸਨ ਉਪਰ। ਤੇ ਕਮਜ਼ੋਰ ਲੋਕਾਂ ਦਾ ਵਿਰੋਧ ? ਉਸਨੂੰ ਵਿਦਰੋਹ ਦਾ ਨਾਮ ਦਿਤਾ ਜਾਂਦਾ ਹੈ, ਜੋ ਉਹਨਾਂ ਨੂੰ ਇਕੋ ਹੀ ਧੱਕੇ ਵਿਚ ਪਹੁੰਚਾ ਦੇਂਦਾ ਹੈ, ਫਾਂਸੀ ਦੇ ਤਖਤੇ ਤੇ। ਪਰ ਜਦੋਂ ਛੋਟੇ-ਛੋਟੇ ਵਿਰੋਧ ਲਗਾਤਾਰ ਦਬਾ ਦਿਤੇ ਜਾਣ, ਅਣਸੁਣੇ ਤੇ ਅਣਦੇਖੇ ਕਰ ਦਿਤੇ ਜਾਣ ਤਾਂ ਹਮੇਸ਼ਾਂ ਇਕ ਭਿਅੰਕਰ ਵਿਸਫੋਟ ਹੁੰਦਾ ਹੈ, ਜਾਨਲੇਵਾ, ਵਿਨਾਸ਼ਕਾਰੀ ਵਿਸ-ਫੋਟ। ਕਾਨੂੰਨ ਤੇ ਸੰਵਿਧਾਨ ਨੇ ਸਭ ਨੂੰ ਬਰਾਬਰ ਦਾ ਦਰਜਾ ਦਿੱਤਾ ਹੈ, ਅਧਿਕਾਰ ਦਿੱਤਾ ਹੈ ਪਰ ਸੋਚਣ ਦੇ ਲੈਵਲ ਤੇ ਵੀ ਅਸੀਂ ਆਪਣੇ ਤੋਂ ਛੋਟੇ ਨੂੰ ਬਰਾਬਰ ਦਾ ਅਧਿਕਾਰ ਦੇਣ ਲਈ ਤਿਆਰ ਨਹੀਂ ਹਾਂ। ਸਾਡੇ ਸਾਹਮਣੇ ਅੱਖ ਚੁਕਣ ਦਾ ਅਧਿਕਾਰ ਵੀ ਨਹੀਂ ਹੈ। ਹਾਲੇ ਤੱਕ ਸਾਨੂੰ ਸਾਮੰਤਵਾਦ ਤੇ ਰੂੜੀਵਾਦ ਤੋਂ ਆਜ਼ਾਦੀ ਨਹੀਂ ਮਿਲੀ।

(ਰੁਕਦਾ ਹੈ, ਗੰਭੀਰ ਸਾਹ ਲੈਂਦਾ ਹੈ, ਉੱਚੀ ਆਵਾਜ਼ 'ਚ ਬੋਲਦਾ ਹੈ)

ਮੇਜਰ ਪੁਰੀ ਠੀਕ ਕਹਿੰਦੇ ਨੇ ਸਵਾਰ ਰਾਮਚੰਦਰ ਨੂੰ ਫਾਂਸੀ ਦੀ ਸਜ਼ਾ ਹੋਣੀ ਚਾਹੀਦੀ ਹੈ। ਆਪਣੇ ਦੇਸ਼ ਦੀ ਰਾਖੀ ਦੀ ਸੌਂਹ ਖਾਣ ਤੋਂ ਬਾਅਦ ਉਸਨੇ ਕਿਵੇਂ ਇਨਕਾਰ ਕਰ ਦਿੱਤਾ, ਇਕ ਅਫਸਰ ਦੀ ਬੱਚੀ ਦੀ ਟੱਟੀ ਚੁਕਣ ਤੋਂ ? ਆਪਣੇ ਦੇਸ਼ ਦੀ ਰਾਖੀ ਦੀ ਸੌਂਹ ਖਾਣ ਦੇ ਬਾਵਜੂਦ ਉਸਨੇ ਕਿਵੇਂ ਇਨਕਾਰ ਕਰ ਦਿੱਤਾ, ਆਪਣੀਆਂ ਅੱਖਾਂ ਤੇ ਕੰਨ ਬੰਦ ਕਰਨ ਤੋਂ ? ਉਸਨੂੰ ਸਜ਼ਾ ਮਿਲਣੀ ਹੀ ਚਾਹੀਦੀ ਏ। ਮੌਤ ਦੀ ਸਜ਼ਾ। ਆਰਮੀ ਐਕਟ 69 ਅਤੇ ਪੈਨਲ ਕੋਡ ਦੀ ਦਫਾ 302 ਦੇ ਤਹਿਤ ਉਸਨੂੰ ਬਾਰ-ਬਾਰ ਮਿਲਣੀ ਚਾਹੀਦੀ ਏ, ਮੌਤ ਦੀ ਸਜ਼ਾ।

[ਫੁਲੇ ਹੋਏ ਸਾਹ ਨਾਲ ਵਿਕਾਸ ਰਾਏ ਬੈਠਦਾ ਹੈ। ਖਾਮੋਸ਼ੀ। ਸੂਰਤ ਸਿੰਘ ਚਾਰੇ ਪਾਸੇ ਵੇਖਦਾ ਹੈ। ਸਲਾਹਕਾਰ ਜੱਜ ਉਸਨੂੰ ਕੁਝ ਮਸ਼ਵਰਾ ਦੇਂਦੇ ਨੇ ਸੂਰਤ ਸਿੰਘ ਸਿੱਧਾ ਹੋ-ਕੇ ਸਭ ਨੂੰ]

ਸੂਰਤ ਸਿੰਘ : ਸਾਰੇ ਜਣੇ, ਦੋ ਮਿੰਟ ਲਈ ਬਾਹਰ ਜਾਉ।

[ਇਕ-ਇਕ ਕਰਕੇ ਸਭ ਚਲੇ ਜਾਂਦੇ ਨੇ, ਸਿਰਫ ਜੱਜ ਬੈਠੇ ਰਹਿੰਦੇ ਨੇ, ਅਤੇ ਦਰਵਾਜ਼ੇ ਤੇ ਖੜਾ ਗਾਰਡ । ਸੂਰਤ ਸਿੰਘ ਚਾਰਾਂ ਵੱਲ ਵਾਰੀ-ਵਾਰੀ ਵੇਖਦਾ ਹੈ।]

ਜੱਜ ਇਕ : ਉਮਰ ਕੈਦ।

ਜੱਜ ਦੋ : ਉਮਰ ਕੈਦ

ਜੱਜ ਤਿੰਨ : ਫਾਂਸੀ

ਜੱਜ ਚਾਰ : ਫਾਂਸੀ।

ਚਾਰੇ : ਜੀ।

ਸੂਰਤ ਸਿੰਘ : (ਆਵਾਜ਼ ਦੇ ਕੇ) ਗਾਰਡ । ਰਾਮਚੰਦਰ, ਉਹਦੇ ਸੀ ਓ ਅਤੇ ਦੋਹਾਂ ਵਕੀਲਾਂ ਨੂੰ ਅੰਦਰ ਬੁਲਾਓ!

ਗਾਰਡ : ਸਰ।

[ਗਾਰਡ ਬਾਹਰ ਜਾਂਦਾ ਹੈ । ਕੁਝ ਪਲ ਬਾਦ, ਬੁਲਾਏ ਗਏ ਲੋਕ ਅੰਦਰ ਆਉਂਦੇ ਹਨ ਸੂਰਤ ਸਿੰਘ ਸਭ ਨੂੰ ਕਹਿੰਦਾ ਹੈ।]

ਸੂਰਤ ਸਿੰਘ : ਮੈਂ ਰਾਮ ਚੰਦਰ ਦੇ ਖਿਲਾਫ ਇਸ ਕੋਰਟ ਮਾਰਸ਼ਲ ਦਾ ਫੈਸਲਾ ਕਲ ਸੁਣਾਵਾਂਗਾ, ਕਲ ਸਵੇਰੇ 9-00 ਵਜੇ ਤਕ ਇਹ ਅਦਾਲਤ ਬਰਖਾਸਤ ਕੀਤੀ ਜਾਂਦੀ ਹੈ

[ਸੂਰਤ ਸਿੰਘ ਉਠਦਾ ਹੈ, ਆਪਣੀ ਫਾਈਲ ਚੁਕ ਕੇ ਹੱਥ ਵਿਚ ਲੈਂਦਾ ਹੈ, ਸਾਹਮਣੇ ਆਉਂਦਾ ਹੈ, ਰਾਵਤ ਸੂਰਤ ਸਿੰਘ ਨੂੰ ਕਹਿੰਦਾ ਹੈ।]

ਰਾਵਤ : ਸਰ! ਅੱਜ ਸ਼ਾਮ ਤੁਸੀਂ ਸਾਡੀ ਮੈੱਸ ਵਿਚ ਇਨਵਾਈਟਡ ਹੋ। ਪਾਰਟੀ ਹੈ ਤੁਹਾਡੇ ਬ੍ਰਿਗੇਡੀਅਰ ਬਣਨ ਦੀ ਖੁਸ਼ੀ ਵਿਚ।

ਸੂਰਤ ਸਿੰਘ : ਮੈਨੂੰ ਯਾਦ ਹੈ ਮੈਂ ਜ਼ਰੂਰ ਆਵਾਂਗਾ।

ਰਾਵਤ : ਥੈਂਕ ਯੂ ਸਰ।

ਸੂਰਤ ਸਿੰਘ : ਕੀ ਮੈਂ ਆਪਣੇ ਨਾਲ ਕਿਸੇ ਗੈਸਟ ਨੂੰ ਨਾਲ ਲਿਆ ਸਕਦਾ ਹਾਂ, ਰਾਵਤ ਸਾਹਿਬ?

ਰਾਵਤ : ਬਾਈ ਆਲ ਮੀਨਜ਼, ਸਰ। ਮੋਸਟ ਵੈਲ ਕਮ।

ਸੂਰਤ ਸਿੰਘ : ਥੈਂਕ ਯੂ. (ਰਾਮ ਚੰਦਰ ਵਲ ਮੁੜਕੇ) ਰਾਮਚੰਦਰ।

ਰਾਮ ਚੰਦਰ : (ਅੱਡੀਆਂ ਠੋਕ ਕੇ) ਸਰ।

ਸੂਰਤ ਸਿੰਘ : ਅੱਜ ਸ਼ਾਮ ਤੂੰ ਮੇਰੇ ਨਾਲ ਪਾਰਟੀ 'ਚ ਜਾਵੇਂਗਾ। (ਵਕਫਾ) ਤੂੰ ਮੇਰਾ ਮਹਿਮਾਨ ਹੋਵੇਂਗਾ। (ਵਕਫਾ) ਬੋਲ? ਕੀ ਨਹੀਂ ਆਵੇਂਗਾ?



[ਸੂਰਤ ਸਿੰਘ ਬਾਹਰ ਜਾਂਦਾ ਹੈ। ਪਿਛੇ-ਪਿਛੇ ਸਭ ਜਾਂਦੇ ਹਨ, ਸੰਗੀਤ ਉਭਰਦਾ ਹੈ, ਰੋਸ਼ਨੀ ਬਦਲਦੀ ਹੈ, ਦੋ ਵੇਟਰ ਮੇਜ਼ ਉਪਰ ਸਫੇਦ ਚਾਦਰਾਂ ਵਿਛਾਂਦੇ ਹਨ, ਕੁਝ ਗੁਲਦਸਤੇ ਤੇ ਗਿਲਾਸ ਰੱਖਦੇ ਹਨ। ਹਨੇਰੇ ਵਿਚ ਹੀ ਲੋਕਾਂ ਦਾ ਪ੍ਰਵੇਸ਼, ਸਭ ਆਪਣੀ-ਆਪਣੀ ਜਗਹ ਤੇ ਖੜੇ ਹੋ ਜਾਂਦੇ ਨੇ। ਸੰਗੀਤ ਹਲਕਾ ਹੁੰਦਾ ਹੈ। ਮੰਚ ਦੇ ਇਕ ਪਾਸੇ ਪ੍ਰਕਾਸ਼। ਇਹ ਬਾਹਰ ਦਾ ਦਰਵਾਜ਼ਾ ਹੈ ਜਿਥੇ ਇਕ ਗਾਰਡ ਖੜਾ ਹੈ। ਨਸ਼ੇ ਵਿਚ ਝੂਮਦੇ ਹੋਏ ਕੈਪਟਨ ਕਪੂਰ ਦਾ ਪ੍ਰਵੇਸ਼, ਗਾਰਡ ਉਸ ਨੂੰ ਰੋਕ ਕੇ ਕਹਿੰਦਾ ਹੈ।]

ਗਾਰਡ : (ਕਪੂਰ ਨੂੰ) ਸਰ। ਕਾਰ ਪਾਰਕਿੰਗ ਵਾਲੀ ਜਗਹ ਖੜੀ ਕਰੋ, ਦਰਵਾਜ਼ੇ ਸਾਹਮਣੇ ਨਹੀਂ। ਸੀ. ਓ. ਸਾਹਿਬ ਦਾ ਆਰਡਰ ਹੈ।

ਕਪੂਰ : (ਕਾਰ ਦੀਆਂ ਚਾਬੀਆਂ ਉਸ ਵੱਲ ਵਧਾ ਕੇ) ਲੈ ਤੂੰ ਖੜੀ ਕਰ ਦੇ। ਮੈਨੂੰ ਵੈਸੇ ਈ ਦੇਰ ਹੋ ਗਈ ਹੈ।

ਗਾਰਡ : ਖੁਦ ਖੜੀ ਕਰ ਤੂੰ। ਮੈਂ ਤੇਰਾ ਨੌਕਰ ਨਹੀਂ

ਕੈਪਟਨ ਕਪੂਰ : ਤਮੀਜ਼ ਨਾਲ ਗੱਲ ਕਰ। ਜਾਣਦਾ ਨਹੀਂ ਅਫਸਰ ਨੂੰ ਡਿ-ਟ੍ਰਬ ਕਰਨ ਦੀ ਸਜ਼ਾ? ਮੈਂ ਤੇਰੀ ਰਿਪੋਰਟ ਕਰਾਂਗਾ

ਗਾਰਡ : ਮੈਨੂੰ ਰਾਮ ਚੰਦਰ ਸਮਝਣ ਦੀ ਗਲਤੀ ਨਾ ਕਰ ਬੈਠੀਂ। ਮੇਰਾ ਨਿਸ਼ਾਨਾ ਕਦੀ ਨਹੀਂ 'ਚੁਕਦਾ', ਸਮਝੇ? ਮੈਂ ਸਰਕਾਰ ਦਾ ਨੌਕਰ ਹਾਂ। ਤੇਰੇ ਬਾਪ ਦਾ ਨਹੀਂ।

[ਕੁਝ ਪਲ ਕਪੂਰ ਉਸਨੂੰ ਵੇਖਦਾ ਹੈ, ਫਿਰ ਬਾਹਰ ਚਲਾ ਜਾਂਦਾ ਹੈ, ਰੋਸ਼ਨੀ ਵਧਦੀ ਹੈ ਪੂਰੇ ਮੰਚ ਉਪਰ। ਪਾਰਟੀ ਚੱਲ ਰਹੀ ਹੈ, ਕੁਝ ਪਲ ਬਾਦ ਕਪੂਰ ਫੇਰ ਦਾਖਿਲ ਹੁੰਦਾ ਹੈ, ਸਭ ਖਾਮੋਸ਼ ਹੋ ਜਾਂਦੇ ਨੇ। ਕਪੂਰ ਸੂਰਤ ਸਿੰਘ ਦੇ ਨੇੜੇ ਪਹੁੰਚ ਕੇ]

ਕਪੂਰ : ਸਰ! ਕੌਂਗਰਚੂਲੇਸ਼ਨਜ਼ ਆਨ ਬੀਕੰਮੀਗ ਬਰੀਗੇਡੀਅਰ! ਮੇ ਆਈ ਜਾਇਨ ਯੂ ਦਾ ਸੇਲੀਬਰੇਸ਼ਨ?

[ਸੂਰਤ ਸਿੰਘ ਉਸਦੇ ਵਧੇ ਹੋਏ ਹੱਥ ਵਲ ਵੇਖਦਾ ਹੈ ਫਿਰ ਕਹਿੰਦਾ ਹੈ।

ਸੂਰਤ ਸਿੰਘ : ਤੇਰੀ ਹਿੰਮਤ ਕਿਵੇਂ ਹੋਈ, ਮੇਰੇ ਨਾਲ ਹੱਥ ਮਿਲਾਉਣ ਦੀ? ਨੋ, ਯੂ ਕੈਨ ਨਾਟ ਜਾਇਨ ਦਿਸ ਪਾਰਟੀ ਤੇ ਸੁਣੋ ਜ਼ਿੰਦਗੀ 'ਚ ਹੁਣ ਕਦੀ ਵੀ ਮੇਰੇ ਸਾਹਮਣੇ ਨਾਂ ਆਉਣਾ! ਗੋ, ਆਈ ਡੋਂਟ ਵਾਂਟ ਟੂ ਸੀ ਯੂਅਰ ਡਰਟੀ ਫੇਸ ਅਗੇਨ।

[ਕਪੂਰ ਹੌਲੀ ਹੌਲੀ ਬਾਹਰ ਜਾਂਦਾ ਹੈ, ਸੂਰਤ ਸਿੰਘ ਰਮ ਦਾ ਇਕ ਗਲਾਸ ਲੈ ਕੇ ਇਕ ਪਾਸੇ ਖੜੇ ਰਾਮਚੰਦਰ ਕੋਲ ਆਉਂਦਾ ਹੈ, ਉਸ ਵੱਲ ਗਿਲਾਸ ਵਧਾ ਕੇ]

ਸੂਰਤ ਸਿੰਘ : (ਰਾਮ ਚੰਦਰ ਨੂੰ) ਇਕ ਡ੍ਰਿੰਕ ਲਓ, ਰਾਮ ਚੰਦਰ ।

ਰਾਮ ਚੰਦਰ : (ਸਾਵਧਾਨ ਹੋ ਕੇ) ਸੌਰੀ ਸਰ । ਮੈਂ ਸ਼ਰਾਬ ਨਹੀਂ ਪੀਂਦਾ ।

ਸੂਰਤ ਸਿੰਘ : ਕੋਈ ਗੱਲ ਨਹੀਂ । ਅੱਜ ਪੀ ਲੈ, ਮੇਰੇ ਨਾਲ ।

[ਇਸੇ ਪਲ ਬਾਹਰ ਗੋਲੀ ਚਲਣ ਦੀ ਆਵਾਜ਼ ਆਉਂਦੀ ਹੈ । ਸਭ ਬਾਹਰ ਵੱਲ ਭਜਦੇ ਹਨ । ਸਿਰਫ ਰਾਮਚੰਦਰ ਅਤੇ ਸੂਰਤ ਸਿੰਘ ਰਹਿ ਜਾਂਦੇ ਨੇ । ਰਾਮ ਚੰਦਰ ਚਿੰਤਿਤ ਹੋ ਕੇ ਪੁਛਦਾ ਹੈ ]

ਰਾਮ ਚੰਦਰ : ਮੈਂ ਵੇਖਕੇ ਆਵਾਂ ਸਰ ? ਬਾਹਰ ਕੀ ਹੋਇਅ ?

ਸੂਰਤ ਸਿੰਘ : ਡੋਂਟ ਵਰੀ । ਮੈਨੂੰ ਪਤਾ ਹੈ, ਕੀ ਹੋਇਆ । ਪੋਇਟਿਕ ਜਸਟਿਸ ।

ਜਿਸ ਧਜ ਸੇ ਕੋਈ ਮਕਤਲ ਕੋ ਗਿਆ
ਵੋ ਸ਼ਾਨ ਹੀ ਬਾਕੀ ਰਹਤੀ ਹੈ ।
ਯੇ ਜਾਨ ਤੋ ਆਨੀ ਜਾਨੀ ਹੈ,
ਇਸ ਜਾਨ ਕੀ ਕੋਈ ਬਾਤ ਨਹੀਂ ।

ਰਾਮ ਚੰਦਰ : ਸੌਰੀ, ਮੈਂ ਕੁਝ ਸਮਝਿਆ ਨਹੀਂ, ਸਰ ।

ਸੂਰਤ ਸਿੰਘ : ਤੈਨੂੰ ਮੌਤ ਤੋਂ ਡਰ ਨਹੀਂ ਲਗਦਾ, ਰਾਮ ਚੰਦਰ ?

ਰਾਮ ਚੰਦਰ : ਨਹੀਂ ਸਰ । ਰਾਮ ਚੰਦਰ ਮੌਤ ਤੋਂ ਕਦੀ ਨਹੀਂ ਡਰਦਾ ।

ਸੂਰਤ ਸਿੰਘ : ਕਲ ਸਵੇਰੇ ਨੌਂ ਵਜੇ ਮੈਂ ਤੈਨੂੰ ਫਾਂਸੀ ਦੀ ਸਜ਼ਾ ਦੇ ਰਿਹਾਂ, ਰਾਮਚੰਦਰ । ਤੈਨੂੰ ਦੇਣ ਲਈ ਮੇਰੇ ਕੋਲ ਹੋਰ ਕੁਝ ਨਹੀਂ ਹੈ ।

ਰਾਮ ਚੰਦਰ : ਕੋਈ ਗੱਲ ਨਹੀਂ, ਸਰ । ਜੋ ਕੁਝ ਵੀ ਤੁਸੀਂ ਦਿਓਗੇ, ਸਿਰ ਅੱਖਾਂ 'ਤੇ ਸਰ ।

[ਗਾਰਡ ਬਾਹਰੋਂ ਦੌੜ ਕੇ ਆਉਂਦਾ ਹੈ]

ਗਾਰਡ : ਸਰ । ਕੈਪਟਨ ਕਪੂਰ ਨੇ ਆਪਣੇ ਆਪ ਨੂੰ ਗੋਲੀ ਮਾਰ ਲਈ ਹੈ ।

ਸੂਰਤ ਸਿੰਘ : (ਰਾਮ ਚੰਦਰ ਵਲ ਵੇਖ ਕੇ ਮੁਸਕਰਾਂਦਾ ਹੈ, ਤੇ ਜਾਮ ਉਠਾ ਕੇ ਕਹਿੰਦਾ ਹੈ) ਕੀ ਹੁਣ ਵੀ ਨਹੀਂ ਪੀਏਂਗਾ ਮੇਰੇ ਨਾਲ ਇਕ ਜਾਮ ?

[ਹਲਕਾ ਵਕਫ਼ਾ]

ਰਾਮ ਚੰਦਰ : (ਮੁਸਕਰਾ ਕੇ) ਪੀਆਂਗਾ ਸਰ, ਮੇਰਾ ਪਹਿਲਾ ਤੇ ਆਖ਼ਰੀ ਜਾਮ । (ਗਿਲਾਸ ਲੈ ਕੇ) ਥੈਂਕਯੂ, ਸਰ ।

ਸੂਰਤ ਸਿੰਘ : (ਪਿਆਰ ਭਰੇ ਲਹਿਜੇ ਵਿਚ) ਨੋ, ਥੈਂਕਯੂ ਰਾਮ ਚੰਦਰ, ਚੀਅਰਜ਼ ।

[ਦੋਵੇਂ ਚੀਅਰਜ਼ ਕਰਦੇ ਨੇ, ਗਿਲਾਸ ਹੋਠਾਂ ਨੂੰ ਲਗਾਂਦੇ ਨੇ, ਸੰਗੀਤ ਉਭਰਦਾ ਹੈ । ਹੌਲੀ-ਹੌਲੀ ਹਨੇਰਾ]

✲





# ਬੱਕਰਾ ਤੇ ਉਸਦੀ ਮਾਂ

## ਆਤਮਜੀਤ

ਇਹ ਗੱਲ ਸੰਨ 1953 ਦੀ ਹੈ । ਉਦੋਂ ਜੋਗਿੰਦਰ ਬਾਹਰਲਾ ਕੇਵਲ ਪੰਜਾਂ ਵਰ੍ਹਿਆਂ ਦਾ ਹੀ ਸੀ । ਉਹ ਆਪਣੇ ਪਰਿਵਾਰ ਵਿਚ ਆਪਣੇ ਪਿੰਡ ਚੱਬੇਵਾਲ ਵਿਚ ਰਹਿੰਦਾ ਸੀ । ਪਿਤਾ ਸੰਤਾ ਸਿੰਘ ਦੀ ਉਹ ਚੌਥੀ ਔਲਾਦ ਸੀ ਤੇ ਦੁਆਬੇ ਦੀ ਧਰਤੀ ਤੇ ਉਹਦੇ ਬਾਪ ਦੀ ਆਪਣੇ ਭਰਾ ਨਾਲ ਸਾਂਝੀ ਕੇਵਲ ਪੰਜ ਕਿੱਲੇ ਜ਼ਮੀਨ ਸੀ । ਪੰਜਾਂ ਕਿੱਲਿਆਂ ਵਿਚ ਦੋ ਪਰਿਵਾਰਾਂ ਦਾ ਜੀਵਨ-ਨਿਰਬਾਹ ! ਤੇ ਉਂਦੋਂ ਪਰਿਵਾਰ ਵੀ ਕਿਹੜੇ ਛੋਟੇ ਹੁੰਦੇ ਸਨ ? ਬਾਹਰਲੇ ਦੇ ਦੋ ਹੋਰ ਭਰਾ ਤੇ ਦੋ ਭੈਣਾਂ ਸਨ । ਵੱਡੀ ਭੈਣ ਅਮਰ ਕੌਰ ਸੁਣੱਖੀ ਸੀ । ਪਰ ਬਾਹਰਲੇ ਨੂੰ ਅਜੇ ਬਚਪਨ ਦੀ ਧੁੰਦ ਵਿਚੋਂ ਕੁਝ ਵੀ ਦਿਖਾਈ ਨਹੀਂ ਸੀ ਦਿੰਦਾ । ਇਹ ਧੁੰਦ ਹੀ ਐਸੀ ਏ ਪਈ ਬੰਦੇ ਦਾ ਮਨ ਮੋਹ ਲੈਂਦੀ ਏ ਪਰ ਦਿੱਸਣ ਕੁਝ ਨਹੀਂ ਦੇਂਦੀ । ਪਰ ਉਸੇ ਹੀ ਸਮੇਂ ਉਸਦੀ ਮਾਂ ਤੇ ਬਾਪ ਨੂੰ ਕਿੰਨਾ ਕੁਝ ਦਿੱਸ ਰਿਹਾ ਸੀ ।

ਵੱਡੀ ਭੈਣ ਅਮਰ ਕੌਰ ਜੋ ਸੁਹਣੀ ਵੀ ਸੀ, ਬਾਰ ਦੇ ਪਿੰਡ ਨਸਰਾਲੀ ਵਿਖੇ ਮੰਗੀ ਗਈ । ਉਸ ਦਾ ਸਹੁਰਾ ਮੁਰੱਬਿਆਂ ਦਾ ਮਾਲਿਕ ਸੀ, ਬਾਰ ਦੇ ਮੁਰੱਬਿਆਂ ਦਾ । ਬਾਹਰਲੇ ਦੀ ਮਾਸੀ ਵੀ ਤਾਂ ਉਸੇ ਹੀ ਇਲਾਕੇ ਵਿਚ ਵਿਆਹੀ ਹੋਈ ਸੀ, ਤੇ ਉਨ੍ਹਾਂ ਦੇ ਵੀ ਉਥੇ ਹੀ ਮੁਰੱਬੇ ਸਨ ਮਾਸੀ ਨੇ ਹੀ ਇਹ ਰਿਸ਼ਤਾ ਕਰਵਾਇਆ ਸੀ ਨਸਰਾਲੀ ਵਿਚ ਹੀ ਬੇਲਾ ਸਿੰਘ ਦੀ ਜ਼ਮੀਨ ਵੀ ਸੀ ਜੋ ਕਿ ਉਸਨੂੰ ਅੰਗ੍ਰੇਜ਼ੀ ਹਕੂਮਤ ਦੇ ਇਨਾਮਾਂ ਵਜੋਂ ਪ੍ਰਾਪਤ ਹੋਈ ਸੀ । ਇਹ ਉਹੋ ਬੇਲਾ ਸਿੰਘ ਹੈ ਜਿਸ ਨੇ ਗਦਰੀ ਬਾਬਿਆਂ ਦੇ ਵੈਨਕੂਵਰ ਵਿਚ ਪੁੱਜੇ ਜਹਾਜ਼ ਨੂੰ ਵਾਪਿਸ ਭੇਜਣ ਵਿਚ ਅੰਗ੍ਰੇਜ਼ਾਂ ਦਾ ਸਾਥ ਦਿੱਤਾ ਸੀ, ਤੇ ਇਮੀਗ੍ਰੇਸ਼ਨ ਅਫਸਰ ਦੀ ਸ਼ਹਿ ਤੇ ਗੁਰੂ ਗਰੰਥ ਦੀ ਤਾਬਿਆ ਬੈਠੇ ਦੋ ਮੁਲਕ-ਪ੍ਰਸਤੀ ਗਰੰਥੀਆਂ ਨੂੰ ਗੋਲੀ ਮਾਰ ਦਿੱਤੀ ਸੀ । ਪਰ ਇਹ ਬੇਲਾ ਸਿੰਘ ਅਸਲ ਵਿਚ ਚੱਬੇਵਾਲ ਦਾ ਹੀ ਜੰਮਪਾਲ ਸੀ, ਜੋਗਿੰਦਰ ਬਾਹਰਲੇ ਦਾ ਗਿਰਾਈਂ ਤੇ ਜ਼ਮੀਨਾਂ ਦੀ ਮਾਲਕੀ ਉਥੇ ਵੀ ਜਿੱਥੇ ਬਾਹਰਲੇ ਦੀ ਭੈਣ ਮੰਗੀ ਹੋਈ ਸੀ ।

ਬੇਲਾ ਸਿੰਘ ਪਿੰਡ ਦੇ ਨਿਆਣਿਆਂ ਨੂੰ ਬਹੁਤ ਖੁਸ਼ ਰੱਖਦਾ ਸੀ । ਗਾਹੇ-ਬਗਾਹੇ ਉਨ੍ਹਾਂ ਨੂੰ ਪੈਸਾ-ਪੈਸਾ ਜਾਂ ਧੇਲਾ-ਧੇਲਾ ਦੇਣਾ । ਨਿਆਣਿਆਂ ਨੇ ਖੁਸ਼ੀ ਨਾਲ ਇਹ ਪੈਸਾ ਧੇਲਾ ਖਰਚਣਾ । ਬਹੁਤੇ ਬੱਚੇ ਸ਼ਕਰਕੰਦੀ ਸੁਆਦ ਨਾਲ ਖਾਂਦੇ ਸਨ ਬਰ ਬਾਹਰਲੇ ਨੂੰ ਇਹ ਪੈਸਾ ਕੌੜਾ ਲਗਦਾ ਸੀ । ਉਹ ਹਰ ਵੇਰ ਪੈਸਾ ਲੈਣ ਦੀ ਕਾਹਲ ਵਿਚ ਨਹੀਂ ਸੀ ਹੁੰਦਾ ਬਲਕਿ ਕਦੇ ਕਦੇ ਉਹ ਪੈਸੇ ਨੂੰ ਅਸਵੀਕਾਰ ਵੀ ਕਰ ਦੇਂਦਾ । ਇਸ ਦੇ ਪਿੱਛੇ ਉਸ ਕੋਲ ਓਸ ਸਮੇਂ ਕੋਈ ਦਲੀਲ ਜਾਂ ਵਿਚਾਰ ਨਹੀਂ ਸੀ ਉਹ ਉਮਰ ਹੀ ਚੇਤਨਾ ਵਾਲੀ ਨਹੀਂ

ਸੀ ! ਪਰ ਚੇਤਨਾ ਦੇ ਕਈ ਰੂਪ ਹੁੰਦੇ ਹਨ । ਬਾਹਰਲੇ ਦੇ ਮਨ ਵਿਚ ਜ਼ਰੂਰ ਕੋਈ ਉਥਲ-ਪੁੱਥਲ ਹੁੰਦੀ ਹੋਵੇਗੀ । ਉਥਲ-ਪੁਥਲ ਦੇ ਪਿੱਛੇ ਇਕ ਕਥਾ ਹੈ, ਇਕ ਅਜਿਹੀ ਕਥਾ ਜੋ ਉਸ ਦੇ ਜੀਵਨ ਵਿਚ ਇਕ ਮੀਲ ਪੱਥਰ ਵਾਂਗ ਗੱਡੀ ਪਈ ਹੈ ।

ਕਥਾ ਇਸ ਪ੍ਰਕਾਰ ਹੈ : ਨਸਰਾਲੀ ਵਿਚ ਮੁਰੱਬਿਆਂ ਦਾ ਮਾਲਿਕ ਤੇ ਬਾਹਰਲੇ ਦੀ ਭੈਣ ਦਾ ਹੋਣ ਵਾਲਾ ਸਹੁਰਾ ਜਦੋਂ ਚੱਬੇਵਾਲ ਉਨ੍ਹਾਂ ਦੇ ਘਰ ਆਇਆ ਤਾਂ ਬਾਹਰਲੇ ਦੀ ਮਾਤਾ ਨੂੰ ਉਸ ਬੰਦੇ ਦਾ ਹਾਲ ਦੇਖ ਕੇ ਬਹੁਤ ਦੁੱਖ ਹੋਇਆ । ਮੁਰਬਿਆਂ ਦਾ ਮਾਲਕ ਸਿੱਖ ਸਰਦਾਰ ਸੀ ਪਰ ਸਿਗਰਟਾਂ ਪੀ ਪੀ ਕੇ ਦਮੇ ਨਾਲ ਮਾਰਿਆ ਪਿਆ ਸੀ । ਉਸ ਦੇ ਬਾਰ ਬਾਰ ਖੰਘਣ ਤੇ ਥੁੱਕੀ ਜਾਣ ਨੇ ਮਾਤਾ ਗੁਰਬਚਨ ਕੌਰ ਦੇ ਮਨ ਤੇ ਬਹੁਤ ਬੁਰਾ ਅਸਰ ਪਾਇਆ । ਉਹ ਅਜਿਹੇ ਘਰ ਵਿਚ ਆਪਣੀ ਧੀ ਨੂੰ ਕਿਵੇਂ ਸੁੱਟ ਸਕਦੀ ਸੀ ? ਅੱਖੀਂ ਦੇਖ ਕੇ ਮੱਖੀ ਨਿਗਲਣੀ ਬਹੁਤ ਮੁਸ਼ਕਲ ਕੰਮ ਹੈ ਭਾਵੇਂ ਕਿੰਨੇ ਵੀ ਵਧੀਆ ਖਾਣੇ ਵਿਚ ਕਿਉਂ ਨਾ ਡਿੱਗੀ ਹੋਵੇ । ਬਾਅਦ ਵਿਚ ਅਮਰ ਕੌਰ ਭਾਵੇਂ ਏਦੂੰ ਵੀ ਮਾੜੇ ਥਾਂ ਵਿਆਹੀ ਗਈ ਪਰ ਉਹ ਰਿਸ਼ਤਾ ਟੁੱਟ ਗਿਆ ।

ਬੇਲਾ ਸਿੰਘ ਨਸਰਾਲੀ ਵਿਚ ਆਪਣੇ ਭਰਾ ਤੇ ਹੋਰ ਸਾਥੀਆਂ ਨਾਲ ਸ਼ਰਾਬ ਵਿਚ ਡੁੱਬਿਆ ਪਿਆ ਸੀ, ਉਥੇ ਮਿਹਣਾ ਵੱਜਿਆ ਕਿ "ਚੱਬੇਵਾਲੀਆਂ ਨੇ ਉਨ੍ਹਾਂ ਦਾ ਸਾਕ ਛੱਡ ਦਿੱਤਾ ਹੈ" । ਬੇਲਾ ਸਿੰਘ ਨੇ ਭਰੋਸਾ ਦੁਆਇਆ ਕਿ 'ਕੁੜੀ ਚੁਕਾ ਦਿਆਂਗੇ' । ਤੇ ਇਉਂ ਦੰਮਾਂ ਵਾਲਿਆਂ ਦੀ ਸਭਾ ਵਿਚ ਹੋਏ ਇਸ ਮਤੇ ਨੂੰ ਖੰਭ ਲੱਗ ਗਏ ਤੇ ਬਾਹਰਲੇ ਦੀ ਮਾਸੀ ਰਾਹੀਂ ਇਹ ਖਬਰ ਚੱਬੇਵਾਲ ਵੀ ਪੁੱਜ ਗਈ ।

ਬਾਹਰਲੇ ਹੋਰਾਂ ਦੇ ਪਰਿਵਾਰ ਉਤੇ ਸਹਿਮ ਦੇ ਬੱਦਲ ਕੱਠੇ ਹੋਣ ਲੱਗੇ ਗਰੀਬ ਘਰਾਂ ਵਿਚ ਸੁਹਣੀਆਂ ਤੇ ਜਵਾਨ ਧੀਆਂ ਵਰ ਹੁੰਦੀਆਂ ਨੇ ਕਿ ਸਰਾਪ, ਕੁਝ ਪਤਾ ਨਹੀਂ ਲੱਗਦਾ । ਪਰ ਸਹਿਮ ਦੀ ਐਸੀ ਬੱਦਲਵਾਈ ਵਿਚ ਇਨਸਾਨ ਬਿਨ ਪਾਣੀਓਂ ਮੱਛੀ ਵਾਂਗ ਤੜਫ ਵੀ ਰਿਹਾ ਹੁੰਦਾ ਹੈ ਤੇ ਉਸ ਨੂੰ ਇਸ ਤੜਪ ਦੀ ਪੀੜਾ ਨੂੰ ਦਬਾ ਕੇ ਵੀ ਰੱਖਣਾ ਪੈਂਦਾ ਹੈ । ਮਾਂ ਨੇ ਕੁੜੀ ਦੀ ਰਾਖੀ ਕਰਨੀ ਸ਼ੁਰੂ ਕਰ ਦਿੱਤੀ । ਬਾਹਰਲਾ ਬਹੁਤ ਛੋਟਾ ਸੀ ਤੇ ਆਪਣੀ ਭੈਣ ਦੇ ਨਾਲ ਸੌਂਦਾ ਹੁੰਦਾ ਸੀ । ਜਦੋਂ ਭੈਣ ਨੂੰ ਸਾਰੀ ਗੱਲ ਸੋਚ ਕੇ ਡਰ ਲੱਗਣਾ ਤਾਂ ਉਸ ਉਠ ਕੇ ਮਾਂ ਦੇ ਕੋਲ ਚਲੇ ਜਾਣਾ । ਭਾਵੇਂ ਬਾਹਰਲੇ ਨੂੰ ਪੂਰੀ ਤਰ੍ਹਾਂ ਤਾਂ ਨਹੀਂ ਸੀ ਪਤਾ ਲੱਗਦਾ ਕਿ ਕੀ ਹੋ ਰਿਹਾ ਹੈ, ਪਰ ਇੰਨਾ ਕੁ ਜ਼ਰੂਰ ਪਤਾ ਲੱਗ ਜਾਂਦਾ ਕਿ 'ਕੁਝ ਹੋ ਰਿਹਾ ਹੈ' । ਬਾਹਰਲੇ ਦੀ ਤਾਈ ਦਾ ਭਰਾ ਬਦਮਾਸ਼ੀ ਵਿਚ ਪੈਰ ਰੱਖਦਾ ਸੀ ਪਰ ਨਿਹੰਗ ਬਾਣੇ ਵਿਚ ਰਹਿੰਦਾ ਸੀ । ਮਾਂ ਨੇ ਆਪਣਾ ਦੁੱਖ ਉਹਦੇ ਅੱਗੇ ਰੋਇਆ । ਨਿਹੰਗ ਨੇ ਵਿਸ਼ਵਾਸ ਦੁਆਇਆ ਕਿ ਉਹ ਨਸਰਾਲੀ ਵਾਲਿਆਂ ਨੂੰ ਨਜਿੱਠ ਲਵੇਗਾ ।

ਪਰ ਕੁਝ ਦਿਨਾਂ ਬਾਅਦ ਇਕ ਦਿਲਚਸਪ ਘਟਨਾ ਵਾਪਰੀ । ਬਾਹਰਲੇ ਦੀ ਮਾਂ ਤੇ ਉਹੀ ਭੈਣ ਸੰਝ ਨੂੰ ਜੰਗਲ-ਪਾਣੀ ਨੂੰ ਗਈਆਂ । ਬਾਹਰਲਾ ਵੀ ਉਨ੍ਹਾਂ ਦੇ ਨਾਲ ਸੀ । ਪਿੰਡ ਦੇ ਕੋਲ ਹੀ ਬਾਹਰਲੇ ਹੁਰਾਂ ਦੀ ਪੈਲੀ ਦੇ ਲਾਗੇ ਇਕ ਛੱਪੜ ਸੀ ਤੇ



ਉਸੇ ਟੋਭੇ ਦੇ ਗਿਰਦ ਝੰਗੀ ਸੀ । ਮਾਵਾਂ ਧੀਆਂ ਉਥੇ ਉਹਲੇ ਵਿਚ ਬਹਿ ਗਈਆਂ । ਬਾਹਰਲਾ ਥੜ੍ਹੇ ਵਾਲੀ ਟਾਹਲੀ ਕੋਲ ਪਿਸ਼ਾਬ ਕਰ ਰਿਹਾ ਸੀ । ਸ਼ਾਮ ਦੇ ਹਨੇਰੇ ਵਿਚ ਉਨ੍ਹਾਂ ਤੇ ਕੁਝ ਟਾਰਚਾਂ ਦੀ ਰੋਸ਼ਨੀ ਪਈ ਮਾਂ ਨੂੰ ਸ਼ੱਕ ਹੋ ਗਿਆ ਕਿ ਕੁੜੀ ਨੂੰ ਚੁੱਕਣ ਵਾਲੇ ਆ ਗਏ । ਉਸ ਝੱਟ ਪਟ ਕੁੜੀ ਨੂੰ ਸੁਚੇਤ ਕੀਤਾ ਤੇ ਮੁੰਡੇ ਨੂੰ ਚੁੱਕ ਕੇ ਘਰਾਂ ਨੂੰ ਦੌੜ ਜਾਣ ਲਈ ਆਖਿਆ । ਉਨਾਂ ਦੇ ਘਰ ਲਾਗੇ ਹੀ ਸਨ । ਘਬਰਾਈ ਹੋਈ ਮਾਂ ਕੁੜੀ ਨੂੰ ਲਾਗਲੀ ਪੱਤੀ ਵਿਚ ਰਹਿੰਦੀ ਆਪਣੀ ਦੂਰੋਂ-ਪਾਰੋਂ ਲੱਗਦੀ ਮਾਸੀ ਦੇ ਘਰ ਛਡ ਆਈ । ਪਰ ਬਾਹਰਲੇ ਦੇ ਘਰ ਵਿਚ ਸਹਿਮ ਛਾਇਆ ਹੋਇਆ ਸੀ ਬਾਹਰਲੇ ਨੂੰ ਭੈਣ ਤੋਂ ਬਿਨਾਂ ਨੀਂਦ ਨਹੀਂ ਸੀ ਆ ਰਹੀ । ਉਸਦਾ ਪਿਤਾ ਸਹਿਮ ਵਿਚ ਦੇਖਣ ਚਲਾ ਗਿਆ । ਉਸ ਨੇ ਆਪਣੇ ਡੰਗਿਆਂ ਦੇ ਖੇਤ ਦੇ ਕੋਲ ਇਕ ਲਾਸ਼ ਪਈ ਦੇਖੀ ਤੇ ਇਹ ਸਮਝ ਲਿਆ ਕਿ ਡੰਗਿਆਂ ਦੀ ਰਾਖੀ ਬੈਠਾ ਬਾਪੂ ਮਰ ਗਿਆ ਹੈ ਪਰ ਅਸਲੀਅਤ ਇਸ ਤੋਂ ਵੱਖਰੀ ਸੀ । ਉਹ ਲਾਸ਼ ਬੇਲਾ ਸਿੰਘ ਦੀ ਸੀ । ਪੁਲਿਸ ਆਈ, ਤਫਤੀਸ਼ ਹੋਈ ਤੇ ਮੁਕੱਦਮਾ ਚਲਦਾ ਰਿਹਾ ।

ਉਸ ਮੁਕੱਦਮੇ ਦਾ ਕੀ ਬਣਿਆਂ ਇਸ ਗੱਲ ਵਿਚ ਸਾਡੀ ਉਕਾ ਹੀ ਕੋਈ ਦਿਲ-ਚਸਪੀ ਨਹੀਂ, ਅਸੀਂ ਤਾਂ ਸਿਰਫ ਇਹ ਦੇਖਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਜੋਗਿੰਦਰ ਬਾਹਰਲੇ ਨੇ ਆਪਣੇ ਜੀਵਨ ਦੇ ਮੁਢਲੇ ਵਰ੍ਹੇ ਕਿਸ ਤਰ੍ਹਾਂ ਬਿਤਾਏ ਉਹ ਕਿਹੜੇ-ਕਿਹੜੇ ਹਾਦਸੇ ਹਨ ਜਿਹੜੇ ਉਸ ਦੀ ਜ਼ਿੰਦਗੀ ਨੂੰ ਕੋਈ ਸੇਧ ਜਾਂ ਦਿਸ਼ਾ ਦੇ ਰਹੇ ਹਨ । ਸਾਡੀ ਜਾਚੇ ਇਸ ਇਕ ਹਾਦਸੇ ਨੇ ਉਸ ਦੇ ਮਸਤਕ ਵਿਚ ਜੀਵਨ ਦਾ ਜਿਹੜਾ ਚਿਤਰ ਘੜਿਆ ਹੋਵੇਗਾ ਉਹ ਬਹੁਤ ਦਰਦਨਾਕ ਤੇ ਬੇਬਸੀ ਵਾਲਾ ਹੋਵੇਗਾ । ਉਸ ਦੀ ਸੂਝ ਦੇ ਨਾਲ ਨਾਲ ਇਹ ਦਰਦ ਤੇ ਬੇਚਾਰਗੀ ਵੀ ਵਧੀ ਹੋਵੇਗੀ ।

1933 ਤੋਂ ਬਾਅਦ ਅਸੀਂ ਉਸ ਦੇ ਜੀਵਨ ਦਾ ਇਕ ਹੋਰ ਕਾਂਡ ਫੋਲਦੇ ਹਾਂ ਜਿਹੜਾ 1942 ਵਿਚ ਵਾਪਰਿਆ । ਹੌਲੀ ਹੌਲੀ ਉਹ ਇਕ ਚੰਗਾ ਗਾਇਕ ਬਣਨ ਲੱਗ ਪਿਆ । ਗੁਰਦੁਆਰਾ ਧਾਰਮਕ ਥਾਂ ਦੇ ਨਾਲ ਨਾਲ ਪਿੰਡ ਦੇ ਸਭਿਆਚਾਰ ਦਾ ਕੇਂਦਰ ਵੀ ਹੁੰਦਾ ਹੈ । ਉਹ ਗੁਰਦੁਆਰਿਆਂ ਵਿਚ ਗਾਉਂਦਾ । ਧਰਮ ਦੇ ਗੀਤ ਵੀ ਗਾਉਂਦਾ ਤੇ ਦੇਸ਼-ਭਗਤੀ ਦੇ ਵੀ ਉਦੋਂ ਗੁਰਦਵਾਰੇ ਦੇਸ਼ ਭਗਤੀ ਦਾ ਪ੍ਰਤੀਕ ਵੀ ਸਨ । ਇਸ ਲਈ ਇਹ ਕਹਿਣਾ ਕਠਿਨ ਹੈ ਕਿ ਜੋਗਿੰਦਰ ਬਾਹਰਲੇ ਵਿਚ ਕਿਸੇ ਕਿਸਮ ਦਾ ਕੋਈ ਜਨੂੰਨੀ ਤੱਤ ਸੀ ਕਿਉਂਕਿ ਉਹ ਗੁਰਦਵਾਰਿਆਂ ਵਿਚ ਗਾਉਣ ਦੇ ਨਾਲ ਨਾਲ ਨਕਲਾਂ ਤੇ ਰਾਸਾਂ ਵੇਖਣ ਦਾ ਵੀ ਸ਼ੌਕੀਨ ਸੀ । ਉਹਨਾਂ ਦੀ ਜ਼ਮੀਨ ਦੇ ਲਾਗੇ ਚੱਬੇਵਾਲ ਵਿਚ ਇਕ ਨਕਲੀਆ ਵੀ ਰਹਿੰਦਾ ਸੀ : ਫਿਰੋਜ਼ੂ ਉਹਦੀਆਂ ਨਕਲਾਂ ਵੇਖਣ ਦਾ ਉਹਨੂੰ ਬੜਾ ਮੱਸ ਸੀ । ਉਹ ਗਤਕੇ ਦਾ ਵੀ ਸ਼ੌਕੀਨ ਸੀ ਪੰਡਤ ਮੁਨੀ ਲਾਲ ਗਤਕੇ ਵਾਲੇ ਕੋਲੋਂ ਉਸ ਨੇ ਗੱਤਕਾ ਸਿਖਿਆ ਸੀ ਤੇ ਗੁਰਦੁਆਰਿਆਂ ਵਿਚ ਉਸਨੇ ਗਤਕੇ ਦੇ ਜੌਹਰ ਦਿਖਾਏ ਸਨ । ਉਹਦੀ ਸਿੱਖੀ ਵਿਚ ਇਹ ਸਭ ਕੁਝ ਸ਼ਾਮਿਲ ਸੀ : ਪੰਡਿਤ ਮੁਨੀ ਲਾਲ ਤੇ ਨਕਲੀਆ ਫਿਰੋਜ਼ੂ । ਜਦੋਂ 46 ਵਿਚ ਦਿਲੋਂ, ਸ਼ਾਹ

ਨਿਵਾਜ਼ ਤੇ ਸਹਿਗਲ ਨੇ ਆਈ ਐਨ ਏ ਮੂਵਮੈਂਟ ਦੇ ਹੱਕ ਵਿਚ ਕੰਮ ਕਰਨਾ ਸ਼ੁਰੂ ਕੀਤਾ ਤਾਂ ਤਿੰਨਾਂ ਦੋਸਤਾਂ ਨੇ ਆਪਣੀ ਵਫ਼ਾ ਪਾਲਣ ਵਾਸਤੇ ਆਪਣੇ ਖ਼ੂਨ ਦੇ ਨਾਲ ਦਸਤਖਤ ਕਰਕੇ ਭੇਜੇ ਸਨ। ਤੇ ਇਹ ਤਿੰਨ ਦੋਸਤ ਸਨ: ਹਰਬੰਸ 'ਲਾਲ', ਬਜਵਾੜੇ ਵਾਲਾ ਆਰਿਫ ਅਲੀ 'ਸ਼ਾਹ' ਤੇ ਜੋਗਿੰਦਰ 'ਸਿੰਘ' ਬਾਹਰਲਾ। ਮਾਂ ਤੇ ਬਾਹਰਲੇ ਦੀ ਸਿੱਖੀ ਵਿਚ ਅੰਤਰ ਸੀ। ਉਦੋਂ ਸਕੂਲ ਦੀ ਪੜ੍ਹਾਈ ਲਈ ਬਾਹਰਲਾ ਬਜਵਾੜੇ ਵਿਚ ਬੋਰਡਿੰਗ ਹਾਊਸ ਵਿਚ ਰਹਿੰਦਾ ਹੁੰਦਾ ਸੀ ਤੇ ਨਾਲ ਹੀ ਆਰਿਫ ਦੀ ਆਲੀਸ਼ਾਨ ਕੋਠੀ ਸੀ। ਖ਼ੂਨ ਦੇ ਦਸਤਖਤਾਂ ਤੋਂ ਬਾਅਦ ਉਹ ਆਰਿਫ਼ ਨਾਲ ਉਨ੍ਹਾਂ ਦੇ ਘਰ ਚਲਾ ਗਿਆ, ਉਥੇ ਪੁਲਾਅ ਖਾਧੇ। ਮਾਂ ਨੂੰ ਇਸ ਗੱਲ ਦਾ ਵੀ ਗੁੱਸਾ ਆਇਆ ਸੀ ਪਰ ਬਾਹਰਲੇ ਦੀ ਸਿੱਖੀ ਕਾਇਮ ਸੀ।

ਹਾਂ, ਤੇ ਅਸੀਂ ਗੱਲ ਕਰ ਰਹੇ ਸਾਂ 1942 ਦੀ, ਜਦੋਂ ਬਾਹਰਲਾ ਇਕ ਇਨਸਾਨ ਦੇ ਰੂਪ ਵਿਚ ਤੇ ਇਕ ਕਲਾਕਾਰ ਦੇ ਰੂਪ ਵਿਚ ਉਭਰ ਰਿਹਾ ਸੀ। ਪਰ ਉਸ ਦੇ ਘਰੇਲੂ ਮਾਹੌਲ ਨੂੰ ਜਿਵੇਂ ਇਹ ਸਹਿਜ ਰੂਪ ਵਿਚ ਪੈਦਾ ਹੋ ਰਿਹਾ ਇਨਸਾਨ ਪ੍ਰਵਾਨ ਨਹੀਂ ਸੀ। ਉਹ ਮਾਹੌਲ ਵਿਚੋਂ ਉਹੋ ਜਿਹਾ ਹੀ ਇਕ ਹੋਰ ਵਿਅਕਤੀ ਘੜਨਾ ਚਾਹੁੰਦਾ ਸੀ ਜਿਹੜਾ ਹੁੰਦਿਆਂ-ਸੁੰਦਿਆਂ ਵੀ ਅਣਹੋਇਆ ਹੀ ਰਹੇ। 5 ਸਾਲਾਂ ਦਾ ਬਾਹਰਲਾ ਤਾਂ ਇਸ ਵਿਰੋਧ ਦਾ ਸਾਮ੍ਹਣਾ ਨਹੀਂ ਸੀ ਕਰ ਸਕਦਾ, ਤੇ ਆਓ ਦੇਖਦੇ ਹਾਂ ਕਿ 15 ਸਾਲਾਂ ਦੇ ਬਾਹਰਲੇ ਨੇ ਕੀ ਕੀਤਾ। ਹਾਜ਼ਿਰ ਹੈ ਕਿੱਸਾ ਉਸ ਦੀ ਸ਼ਾਦੀ ਦਾ, ਜਿਸ ਨੂੰ ਉਹ ਬਰਬਾਦੀ ਦੇ ਕਾਂਡ ਦੇ ਰੂਪ ਵਿਚ ਵੀ ਦੇਖਦਾ ਹੈ।

ਅਸੀਂ ਦੱਸ ਰਹੇ ਸੀ ਕਿ ਬਾਹਰਲੇ ਹੁਰੀਂ ਡੋਡਿਆਂ ਦੀ ਖੇਤੀ ਕਰਦੇ ਹੁੰਦੇ ਸਨ ਤੇ ਇਸ ਫ਼ਸਲ ਦੀ ਖੇਤੀ ਕਰਨ ਲਈ ਸਰਕਾਰ ਪਾਸੋਂ ਲਾਇਸੈਂਸ ਲੈਣਾ ਪੈਂਦਾ ਸੀ। ਤੇ ਇਹ ਲਾਇਸੈਂਸ ਆਪਣੇ ਆਲੇ ਦੁਆਲੇ ਵਿਚ ਕੇਵਲ ਉਨ੍ਹਾਂ ਕੋਲ ਹੀ ਸੀ। ਬੀਜੀ ਹੋਈ ਫਸਲ ਦੇ ਨਾਲ-ਨਾਲ ਡੰਡੀਆਂ ਵਾਲੇ ਡੋਡਿਆਂ ਦੀ ਕੋਠੜੀ ਭਰੀ ਹੁੰਦੀ ਸੀ। ਡੋਡੇ ਕੇਵਲ ਲਾਇਸੈਂਸ ਸ਼ੁਦਾ ਠੇਕੇਦਾਰਾਂ ਕੋਲ ਹੀ ਵੇਚੇ ਜਾ ਸਕਦੇ ਸਨ। ਇਸ ਲਈ ਖਰੀਦਦਾਰ ਠੇਕੇਦਾਰ ਦੀ ਇੰਤਜ਼ਾਰ ਕਰਨੀ ਹੀ ਪੈਂਦੀ ਸੀ। ਡੋਡਿਆਂ ਦਾ ਇਹ ਰਾਖਵਾਂ ਭੰਡਾਰ ਨਸ਼ਈਆਂ ਵਾਸਤੇ ਕਿਸੇ ਸਵਰਗ ਤੋਂ ਉਰਾਂ ਕਿਵੇਂ ਹੋ ਸਕਦਾ ਹੈ ? ਬਾਹਰਲੇ ਦੇ ਵੱਡੇ ਭਰਾ ਰਤਨ ਸਿੰਘ ਦਾ ਪਤਿਅਹੁਰਾ ਉਂਜ ਤਾਂ ਭਾਵੇਂ ਬਲਵਾਨ ਸੀ ਪਰ ਪਿੱਛਲੀ ਉਮਰੇ ਡੋਡੇ ਪੀਣ ਲੱਗ ਪਿਆ ਸੀ। ਉਹਨੂੰ ਰਿਸ਼ਤੇ ਕਰਾਉਣ ਦਾ ਵੀ ਭੁੱਸ ਸੀ। ਸ਼ਾਇਦ ਇਸੇ ਲਈ ਉਹ ਬਾਹਰਲੇ ਹੁਰਾਂ ਦੇ ਘਰ ਆਉਂਦਾ-ਜਾਂਦਾ ਸੀ। ਡੋਡੇ ਵੀ ਮਿਲ ਜਾਣ ਤੇ ਇਧਰ ਉਧਰ ਦਾ ਹਾਲ-ਹਵਾਲ ਵੀ।

ਬਲਵਾਨ ਨੇ ਕਿਸੇ ਕੁੜੀ ਦਾ ਪਿੰਡ ਜੈਨ ਵਿਚ ਰਿਸ਼ਤਾ ਪੱਕਾ ਕਰਵਾ ਦਿੱਤਾ। ਜਿੱਦਣ ਕੁੜੀ ਵਾਲੇ ਸਗਨ ਲੈਕੇ ਆਏ ਉਸ ਦਿਨ ਮੁੰਡੇ ਦੀ ਮਾਂ ਦਾ ਮਨ ਬਦਲ ਗਿਆ। ਉਸ ਦੇ ਮਨ ਵਿਚ ਕੋਈ ਬੁਰਾ ਵਿਚਾਰ ਨਹੀਂ ਸੀ ਸਗੋਂ ਚੰਗੀ ਹੀ ਭਾਵਨਾ ਸੀ। ਉਸ ਦਾ ਵੱਡਾ ਪੁੱਤ ਕਿਸੇ ਭਿਆਨਕ ਰੋਗ ਦਾ ਸ਼ਿਕਾਰ ਸੀ ਤੇ ਉਸ ਦੇ ਬਚਣ ਦੀ ਕੋਈ ਉਮੀਦ ਨਹੀਂ ਸੀ ਮਾਂ ਨੇ ਸੋਚਿਆ ਕਿ ਆਪਣੀ ਨੂੰਹ ਨੂੰ ਛੋਟੇ ਕੋਲ ਬਿਠਾ ਦੇਵੇਗੀ, ਇਸ ਲਈ



ਉਸ ਨੇ ਸ਼ਗਨ ਲੈਣ ਤੋਂ ਇਨਕਾਰ ਕਰ ਦਿੱਤਾ। ਬਾਹਰਲੇ ਦੀ ਮਾਂ ਦੀ ਵੀ ਉਹ ਸਹੇਲੀ ਸੀ, ਇਸ ਲਈ ਬਾਹਰਲੇ ਦੀ ਮਾਂ ਨੇ ਵੀ ਪੁੱਤ ਦੇ ਪਤਿਅਹੁਰੇ ਅੱਗੇ ਵਾਸਤਾ ਪਾਇਆ। ਪਰ ਕੁੜੀ ਵਾਲੇ ਸ਼ਗਨ ਲੈ ਕੇ ਆਏ ਹੋਏ ਸਨ। ਪਤਿਅਹੁਰੇ ਨੇ ਕਿਹਾ ਕਿ ਜੇ ਉਨ੍ਹਾਂ ਨੇ ਨਹੀਂ ਸ਼ਗਨ ਲੈਣਾ ਤਾਂ ਉਹ ਆਪ ਬਾਹਰਲੇ ਵਾਸਤੇ ਲੈ ਲਵੇ। ਤੇ ਮਾਂ ਮੰਨ ਗਈ। ਬਾਹਰਲੇ ਨੂੰ ਪੁੱਛਣ ਦੀ ਲੋੜ ਹੀ ਨਹੀਂ ਸਮਝੀ ਗਈ ਸੀ। ਉਹ ਤਾਂ ਕਿਸੇ ਹੋਰ ਕੁੜੀ ਦੀ ਆਸ ਵਿਚ ਬੈਠਾ ਹੋਇਆ ਸੀ ਜਿਸ ਦਾ ਰਿਸ਼ਤਾ ਪਿੰਡ ਦਾ ਸੰਤ ਲੈ ਕੇ ਆਇਆ ਸੀ। ਬਾਹਰਲਾ ਸੰਤਾਂ ਕੋਲ ਗਿਆ ਪਰ ਸੰਤ ਵੀ ਉਸ ਦੇ ਮਾਪਿਆਂ ਦੀ ਗੱਲ ਸਵੀਕਾਰ ਕਰ ਚੁੱਕਾ ਸੀ। 15 ਸਾਲਾਂ ਦੇ ਨੈਪੋਲੀਅਨ ਨੂੰ ਇਹ ਵਿਸ਼ਵ ਯੁੱਧ ਵਰਗੀ ਹਾਰ ਸਵੀਕਾਰ ਕਰਨੀ ਪਈ।

ਪਰ ਬਾਹਰਲਾ ਹਾਰਨਾ ਨਹੀਂ ਸੀ ਚਾਹੁੰਦਾ। ਉਹ ਇਸ ਉਲਝਣ ਵਿਚੋਂ ਨਿਕਲਣਾ ਚਾਹੁੰਦਾ ਸੀ। ਉਸ ਨੇ ਆਪਣਾ ਸਾਰਾ ਤਾਣ ਲਾਇਆ। ਇਹ ਵਿਚਾਰ ਵੀ ਪੈਦਾ ਹੋਈ ਕਿ ਵੱਡੇ ਭਰਾ ਦਾ, ਜਿਹਦਾ ਮੰਗਣਾ ਕੁਝ ਹੀ ਦਿਨ ਪਹਿਲਾਂ ਹੋਇਆ ਸੀ ਉਸ ਕੁੜੀ ਨੂੰ ਬਾਹਰਲੇ ਨਾਲ ਵਿਆਹ ਦਿੱਤਾ ਜਾਵੇ ਕਿਉਂਕਿ ਉਸ ਕੁੜੀ ਦੀ ਉਮਰ ਭਰਾ ਦੇ ਮੁਕਾਬਲੇ ਵਿਚ ਬਹੁਤ ਛੋਟੀ ਸੀ ਤੇ ਬਾਹਰਲੇ ਵਾਲੀ ਕੁੜੀ ਵੱਡੇ ਨਾਲ ਵਿਆਹ ਦਿੱਤੀ ਜਾਵੇ ਕਿਉਂਕਿ ਉਹ ਬਾਹਰਲੇ ਤੋਂ ਵੱਡੀ ਵੀ ਸੀ ਪਰ ਅਜਿਹਾ ਵੀ ਨਾ ਹੋ ਸਕਿਆ। ਭਰਾ ਚਰਨ ਸਿੰਘ ਨੂੰ ਇਹ ਮਨਜ਼ੂਰ ਨਹੀਂ ਸੀ ਕਿਉਂਕਿ ਉਸ ਨੂੰ ਛੋਟੀ ਉਮਰ ਵਾਲੀ ਪੜ੍ਹੀ-ਲਿਖੀ ਕੁੜੀ ਮਿਲ ਰਹੀ ਸੀ। ਇਹ ਗੱਲ ਬਾਹਰਲੇ ਨਾਲ ਮੰਗੀ ਬਗਸ਼ੀਸ਼ ਕੌਰ ਦੇ ਮਾਪਿਆਂ ਨੂੰ ਵੀ ਮਨਜ਼ੂਰ ਨਹੀਂ ਸੀ। ਕਿਉਂਕਿ ਚਰਨ ਸਿੰਘ ਦੀ ਲੱਤ ਸੁੱਕੀ ਹੋਈ ਸੀ ਤੇ ਉਹ ਲੰਗ ਮਾਰ ਕੇ ਤੁਰਦਾ ਸੀ। ਇਹ ਗੱਲ ਸਿਰਫ ਬਾਹਰਲੇ ਨੂੰ ਤੇ ਉਸ ਪੜ੍ਹੀ ਲਿਖੀ ਕੁੜੀ ਤੇ ਉਸਦੇ ਮਾਪਿਆਂ ਨੂੰ ਮਨਜ਼ੂਰ ਸੀ ਪਰ ਓਹ ਕੁਝ ਕਰ ਨਾ ਸਕੇ

ਬਖਸ਼ੀਸ਼ ਕੌਰ ਨਾਲ ਵਿਆਹ ਹੋਣ ਤੋਂ ਪਹਿਲਾਂ ਉਸ ਨੇ ਬਚਣ ਦਾ ਇਕ ਹੋਰ ਤਰਲਾ ਵੀ ਮਾਰਿਆ। ਪਿੰਡ ਵਿਚ ਕੁੜੀਆਂ ਦਾ ਇਕ ਪ੍ਰਾਇਮਰੀ ਸਕੂਲ ਵੀ ਸੀ। ਇਸ ਸਕੂਲ ਦਾ ਪ੍ਰਬੰਧ ਵੀ ਉਨਾਂ ਸੰਤਾਂ ਦੇ ਹੀ ਹੱਥ ਵਿਚ ਸੀ ਜਿਨ੍ਹਾਂ ਨੇ ਬਾਹਰਲੇ ਵਾਸਤੇ ਇਕ ਕੁੜੀ ਦੇਖੀ ਹੋਈ ਸੀ। ਸਕੂਲ ਨੂੰ ਬਾਹਰੋਂ ਵਾਹਵਾ ਪੈਸਾ ਆਉਂਦਾ ਸੀ ਤੇ ਕੰਮ-ਕਾਜ ਚਲਦਾ ਜਾਂਦਾ ਸੀ। ਸੰਤਾਂ ਦੀ ਸੇਵਕੀ ਵਿਚ ਇਕ ਸੰਸਾਰਪੁਰ ਦੀ ਤੀਵੀਂ ਵੀ ਸੀ, ਤੇ ਉਸਦੀ ਧੀ ਇਸ ਸਕੂਲ ਵਿਚ ਅਧਿਆਪਕ ਸੀ। ਕੁੜੀ ਦੀ ਉਮਰ ਲਗਪਗ 22 ਸਾਲ ਸੀ ਤੇ ਉਹ ਬਾਹਰਲੇ ਤੋਂ 7 ਸਾਲ ਵੱਡੀ ਸੀ। ਜਦੋਂ ਵੀ ਮਾਂ ਨੇ ਪਿੰਡ ਵਾਪਸ ਜਾਣਾ ਤਾਂ ਬਾਹਰਲੇ ਦੀ ਡਿਊਟੀ ਹੁੰਦੀ ਸੀ ਕਿ ਉਹ ਅਧਿਆਪਕਾ ਦੇ ਕੋਲ ਰਹੇਗਾ। ਕੁੜੀ ਦੀ ਕੋਈ ਆਪਣੀ ਫ਼ਸਟ੍ਰੇਸ਼ਨ ਵੀ ਜ਼ਰੂਰ ਹੋਵੇਗੀ। ਉਹ ਬਾਹਰਲੇ ਨੂੰ ਆਪਣੇ ਨਾਲ ਹੀ ਸੁਆ ਲੈਂਦੀ ਸੀ, ਬਾਹਰਲੇ ਨੂੰ ਬਹੁਤ ਚੰਗਾ ਲਗਦਾ। ਕਾਮ ਨਾ ਤਾਂ ਉਸ ਵਾਸਤੇ ਪੂਰੀ ਤਰ੍ਹਾਂ ਹਨੇਰਾ ਹੀ ਸੀ ਤੇ ਨਾ ਹੀ ਚਾਨਣਾ, ਕੁਝ ਘੁਸਮੁਸਾ ਸੀ ਜਿਸ ਵਿਚ ਕੁਝ ਦਿਸਦਾ ਵੀ ਸੀ ਤੇ ਜੋ ਦਿਸਦਾ ਸੀ ਉਹ ਸਪਸ਼ਟ ਵੀ ਨਹੀਂ ਸੀ।

ਜਿਵੇਂ ਪੰਜ ਸਾਲਾਂ ਦੇ ਬਾਹਰਲੇ ਨੂੰ ਇਹ ਨਹੀਂ ਸੀ ਪਤਾ ਲਗਾ ਕਿ ਉਸ ਦੇ ਘਰ ਵਿਚ ਕੀ ਵਾਪਰ ਰਿਹਾ ਹੈ, ਹੁਣ 15 ਸਾਲ ਦੇ ਬਾਹਰਲੇ ਨੂੰ ਇਹ ਨਹੀਂ ਸੀ ਪਤਾ ਲਗਦਾ ਕਿ ਉਸ ਦੇ ਮਨ ਵਿਚ ਕੀ ਵਾਪਰ ਰਿਹਾ ਹੈ, ਇੰਨਾ ਕੁ ਇਹਸਾਸ ਜ਼ਰੂਰ ਸੀ ਕਿ ਕੁਝ ਵਾਪਰ ਰਿਹਾ ਹੈ। ਕੁੜੀ ਵੱਡੀ ਸੀ, ਉਸ ਨੂੰ ਪਿਆਰ ਕਰਦੀ ਸੀ, ਸਹਿਲਾਉਂਦੀ ਸੀ ਚੁੰਮਦੀ-ਚੱਟਦੀ ਸੀ ਇਸ ਲਈ ਚੰਗੀ ਵੀ ਲੱਗਦੀ ਸੀ। ਹੋਰ ਬਾਹਰਲੇ ਨੂੰ ਇੰਨਾ ਕੁਝ ਕੌਣ ਕਰਦਾ ਸੀ ? ਪਿਆਰ ਦੀ ਪਹਿਲੀ ਵੇਰ ਪਰਿਭਾਸ਼ਾ ਬਣਦੀ ਨਜ਼ਰ ਆਈ ਸੀ ਉਸ ਨੂੰ, ਇਸੇ ਲਈ ਸਭ ਕੁਝ ਚੰਗਾ-ਚੰਗਾ ਲਗਦਾ ਸੀ।

ਬੰਦਾ ਜਦੋਂ ਵੀ ਤਕਲੀਫ ਵਿਚ ਹੁੰਦਾ ਹੈ ਤਾਂ ਇਹੋ ਜਿਹੇ ਆਪਣਿਆਂ ਕੋਲ ਹੀ ਨੱਸਦਾ ਹੈ। ਬਾਹਰਲਾ ਉਸ ਕੁੜੀ ਕੋਲ ਗਿਆ ਤੇ ਆਪਣੇ ਹੋਣ ਵਾਲੇ ਵਿਆਹ ਦੀ ਖਬਰ ਖਬਰ ਦਿੱਤੀ। ਪਰ ਉਸ ਨੇ ਹੱਸ ਛੱਡਿਆ ਤੇ ਇੰਨਾ ਹੀ ਕਿਹਾ 'ਜਿੰਦੀ ਮੈਂ ਤਾਂ ਤੇਰੇ ਲਈ ਨਗਰੋਟੇ ਦੀ ਇਕ ਕੁੜੀ ਦੇਖ ਰੱਖੀ ਸੀ, ਉਹ ਮੇਰੇ ਨਾਲ ਗੁਰਦਾਸਪੁਰ ਵਿਚ ਜੇ ਏ ਵੀ ਦਾ ਕੋਰਸ ਕਰਦੀ ਹੁੰਦੀ ਸੀ।'' ਪਰ ਇਹ ਬਾਹਰਲੇ ਲਈ ਕਾਫੀ ਨਹੀਂ ਸੀ। ਉਹ ਉਥੋਂ ਭੱਜ ਕੇ ਜਲੰਧਰ ਛਾਉਣੀ ਚਲਾ ਗਿਆ। ਉਥੇ ਵੀ ਉਸ ਦੀ ਮਾਂ ਦੀ ਇਕ ਮੂੰਹ-ਬੋਲੀ ਭੈਣ ਰਹਿੰਦੀ ਸੀ, ਤੇ ਉਹ ਵੀ ਜੰਨ ਵਾਲੇ ਸੰਤਾਂ ਦੀ ਹੀ ਚੇਲੀ ਸੀ। ਪਰ ਛਾਉਣੀ ਵਾਲਾ ਮਾਮੜ ਤਾਂ ਬਾਹਰਲੇ ਦੇ ਵਿਆਹ ਵਿਚ ਜਾਣ ਦੀ ਤਿਆਰੀ ਕਰ ਚੁਕਾ ਸੀ। ਉਹ ਆਪ ਵੀ ਪਿੰਡ ਗਿਆ ਤੇ 'ਲਾੜੇ' ਨੂੰ ਵੀ ਨਾਲ ਲੈ ਗਿਆ।

ਕਹਿੰਦੇ ਨੇ ਬੱਕਰੇ ਦੀ ਮਾਂ ਬਹੁਤੀ ਦੇਰ ਤੱਕ ਉਸ ਦੀ ਖੈਰ ਨਹੀਂ ਮਨਾ ਸਕਦੀ। ਪਰ ਬਾਹਰਲੇ ਦੀ ਮਾਂ ਨੇ ਤਾਂ ਬਕਰਾ ਆਪਣੀ ਹੱਥੀ ਹੀ ਝਟਕਾ ਦਿੱਤਾ।

□

[ਜੋਗਿੰਦਰ ਬਾਹਰਲਾ ਦਾ ਇਹ ਜੀਵਨ ਨਾਟਕਕਾਰ ਆਤਮਜੀਤ ਨੇ ਬਾਹਰਲਾ ਵੱਲੋਂ ਦਿੱਤੀ ਜਾਣਕਾਰੀ ਦੇ ਆਧਾਰ ਤੇ ਲਿਖਿਆ ਹੈ ਜਿਸ ਨੂੰ 'ਮੰਚਣ' ਵਿਚ ਲੜੀਵਾਰ ਪੇਸ਼ ਕੀਤਾ ਜਾਵੇਗਾ। ਇਸ ਦਾ ਇਕ ਮੰਤਵ ਤਾਂ ਪੰਜਾਬੀ ਦੇ ਪ੍ਰਸਿੱਧ ਰੰਗਕਰਮੀ ਦੀਆਂ ਜੀਵਨ-ਘਟਨਾਵਾਂ ਪ੍ਰਾਪਤੀਆਂ, ਅਪ੍ਰਾਪਤੀਆਂ, ਇੱਛਾਵਾਂ ਜੁਗਤਾਂ, ਦ੍ਰਿਸ਼ਟੀ ਅਤੇ ਸਮੱਸਿਆਵਾਂ ਨੂੰ ਆਪ ਦੇ ਸਾਹਮਣੇ ਲੈ ਕੇ ਆਉਣਾ ਹੈ। ਦੂਸਰਾ ਮਨੋਰਥ ਆਪਣੇ ਸਭਿਆਚਾਰਕ ਤੇ ਸਮਾਜਿਕ ਇਤਿਹਾਸ ਦੇ ਮਹੱਤਵਪੂਰਣ ਤੱਥਾਂ ਨੂੰ ਯੋਗ ਤਰੀਕੇ ਨਾਲ ਸੰਭਾਲਣਾ ਹੈ। ਅੰਨ ਸੰਭਵ ਹੈ ਕਿ ਜੋਗਿੰਦਰ ਬਾਹਰਲਾ ਇਹਨਾਂ ਤੱਥਾਂ ਦੀ ਜਾਣਕਾਰੀ ਦੇਣ ਸਮੇਂ ਕਿਤੇ ਸੰਕੋਚ ਕਰ ਗਿਆ ਹੋਵੇ ਤੇ ਕਿਤੇ ਵਿਸਥਾਰ। ਪਾਠਕਾਂ ਨੂੰ ਬੇਨਤੀ ਹੈ ਕਿ ਜੇ ਇਸ ਸਮੁਚੇ ਜੀਵਨ ਵਿਚ ਉਹ ਕਿਤੇ ਇਹੋ ਜਿਹੀ ਵੱਡੀ ਉਕਾਈ ਦੇਖਣ ਤਾਂ ਲੇਖਕ ਨੂੰ ਜ਼ਰੂਰ ਸੂਚਿਤ ਕਰਨ ਤਾਂ ਜੋ ਇਸ ਸਮੱਗਰੀ ਨੂੰ ਪੁਸਤਕ ਰੂਪ ਵਿਚ ਛਾਪਣ ਸਮੇਂ ਸੁਧਾਰ ਕਰ ਲਿਆ ਜਾਵੇ।]





## ਉਦਾਸ ਲੋਕਾਂ ਦਾ ਨਜ਼ਾਮ ਸੱਕਾ

ਡਾ. ਆਤਮ ਹਮਰਾਹੀ

ਜਿਨ੍ਹਾਂ ਵਿਚ ਕੁਝ ਬਣਨ ਦੀ ਲਿਲ੍ਹ ਹੁੰਦੀ ਹੈ ਨਾ,
ਉਹ ਇੱਕ ਦਿਨ ਕੁਝ ਬਣਕੇ ਹੀ ਰਹਿੰਦੇ ਹਨ।
ਜਿਵੇਂ ਕਿਸੇ ਦਬਾਉ ਹੇਠ ਵਗਦਾ ਆਬੀ-ਵਹਿਣ,
ਦਾਬੇ ਦੀ ਜਕੜ ਢਿੱਲੀ ਪੈਂਦਿਆਂ ਹੀ ਤਤੀਹਰੀ ਬਣ ਫੁੱਟ ਪੈਂਦਾ ਹੈ,
ਚਸ਼ਮਾ, ਫੁਹਾਰਾ, ਗੈਜ਼ਰ ਤੇ ਝਰਨਾ ਬਣਕੇ,
ਹਯਾਤਵੀਂ ਤੀਖਣ ਗਤੀ ਬਣਦਾ ਹੈ
ਤਿਵੇਂ ਹੀ ਪ੍ਰਤਿਭਾ ਵੀ ਵਾਫ਼ਰ-ਸ਼ਕਤੀ ਦੀ ਪ੍ਰਤੀਕ ਹੁੰਦੀ ਹੈ।
ਜੋ ਕਿਸੇ ਵੀ ਬੰਧਨ, ਰੁਕਾਵਟ, ਠਲ੍ਹ, ਠੋਹਕਰ,
ਬੰਨ੍ਹ-ਸੁੱਬ ਜਾਂ ਪਾਬੰਦੀ ਦੀ ਕੈਦ 'ਚ ਨਹੀਂ ਰਹਿੰਦੀ।
ਜਦ ਬੀਜ ਫੁੱਟ ਹੀ ਪੈਂਦਾ ਹੈ
ਤਾਂ ਉਸਨੂੰ ਬੂਟ ਬਿਰਛ ਬਣਨੋਂ
ਕੋਈ ਵੀ ਸਿਲ-ਢੀਮ ਨਹੀਂ ਰੋਕ ਸਕਦੀ।
ਪ੍ਰਤਿਭਾ ਹੋਵੇ ਸਹੀ, ਉਸ ਨੂੰ ਆਪਣੇ ਪ੍ਰਗਟਾਵੇ ਦਾ ਰਾਹ ਮਿਲ ਹੀ ਜਾਂਦਾ ਹੈ।
ਹਿਲਦੀ ਹੋਈ ਕੁਤਬੀ-ਸੂਈ ਵਾਂਗ ਉਹ ਅਖੀਰ ਆਪਣੀ
ਦਰੁਸਤ-ਦਿਸ਼ਾ ਤੇ ਸਾਹਿੱਤ-ਵਿਧਾ ਲੱਭ ਹੀ ਲੈਂਦੀ ਹੈ।
ਰੁਕਾਵਟ ਸ਼ਕਤੀ ਦੀ ਪ੍ਰੀਖਿਆ ਦਾ ਨਾਂ ਹੈ।
ਪਰ ਨਕਲਚੀ-ਪ੍ਰਤਿਭਾ ਕਦਾਚਿਤ ਤੋੜ ਨਹੀਂ ਚੜ੍ਹਦੀ।
ਸੰਸਾਰ ਮੌਲਿਕਤਾ ਨੂੰ ਹੀ ਡੰਡਉਤ ਕਰਦਾ ਹੈ।
ਸੰਸਾਰਕ ਪ੍ਰਤਿਭਾ ਤਾਂ ਵਾਫ਼ਰ ਸ਼ਕਤੀ ਹੋਣ ਦਾ ਨਾਂ ਹੈ—
ਕਲਾਕਾਰ, ਸਾਹਿੱਤਕਾਰ, ਨਾਵਲਕਾਰ ਤੇ ਦਸਤਕਾਰ।
ਜਿਵੇਂ ਕਲੀ ਹੀ ਫੁੱਲ ਬਣਦੀ ਹੈ
ਤਿਵੇਂ ਪ੍ਰਤਿਭਾ ਹੀ ਕਲਾਕਾਰ ਹੋ ਨਿਬੜਦੀ ਹੈ
ਹੋਂਦ ਦੀ ਹੋਂਦ ਦਾ ਨਾਂ ਹੈ ਸਾਹਿੱਤਕਾਰੀ।
ਪ੍ਰਤਿਭਾ ਮਾਂ ਦੀ ਕੁੱਖੋਂ ਹੀ ਜਨਮਦੀ ਹੈ।
ਟਿਊਸ਼ਨੀਏ ਸੰਸਾਰਕ-ਗਿਆਨ ਤਾਂ ਦੇ ਸਕਦੇ ਹਨ ਪਰ ਪ੍ਰਤਿਭਾ ਨਹੀਂ।
ਮੇਰੀ ਇਹ ਕਾਵਿ-ਭੂਮਿਕਾ ਹਰਸਰਨ ਸਿੰਘ ਦੀ ਪ੍ਰਤਿਭਾ ਦੇ ਨਮਿੱਤ ਹੈ।

ਉਹ 'ਗੁਜਰ ਖ਼ਾਨੀ' ਪੋਠੋਹਾਰੀਆ ਹੈ।
ਗੁਜਰਖਾਨੀ ਠੇਠ-ਤਰਾਰੀ ਦਾ ਦੂਜਾ ਨਾਂ ਹੈ,
ਛੇਤੀਂ ਕੀਤਿਆਂ ਇਨ੍ਹਾਂ ਦੀ ਕੋਈ ਪਿੱਠ ਨਹੀਂ ਲਗਾ ਸਕਦਾ।
ਉਹ ਹਰ ਮੈਦਾਨ ਵਿੱਚ ਪੈਰਾਂ ਭਾਰ ਡਿਗਦੇ ਹਨ
ਤੇ ਦਾਣੇ ਨੂੰ ਸਿੱਟਾ ਤੇ ਫੇਰ ਬੋਹਲ ਬਣਾਉਣ ਜਾਣਦੇ ਹਨ।
ਉਹ ਮੈਥੋਂ ਸੱਤ ਸਾਲ ਪਹਿਲਾਂ ਤੇ ਇੱਕ ਦਿਨ ਮਗਰੋਂ
ਉਨੀ ਸੌ ਉੱਨਤੀ ਦੀ ਦਸ ਫ਼ਰਵਰੀ ਨੂੰ
ਸੂਬੇਦਾਰ ਤੀਰਥ ਸਿੰਘ ਤੇ ਮਾਂ ਸਤ ਭਰਾਈ ਦੇ ਘਰ
ਚੌਥੇ ਪੁੱਤਰ ਵਜੋਂ ਪ੍ਰਗਟ ਹੋਇਆ ਸੀ।
ਸੰਤਾਨ ਪੱਖੋਂ ਸੂਬੇਦਾਰ ਅੱਧੇ ਮੁਰੱਬੇ ਦਾ ਹੱਕਦਾਰ ਸੀ
ਤੇ ਉਹਦਾ ਸਹੁਰਾ ਸ਼ਾਇਦ ਪੂਰੇ ਦਾ।
ਫੌਜੀ ਪਰਿਵਾਰ ਤਕੜਾ ਹਮਕੋ-ਤੁਮਕੋ ਹੁੰਦੈ
ਫੌਜੀ ਸਭ ਨੂੰ ਮਾਵੇ ਵਾਂਗ ਅਕੜਾ ਕੇ ਤੇ ਪੇਟੀ-ਪਲੇਟ ਵਾਂਗ ਲਿਸ਼ਕਾ ਕੇ ਰੱਖਦੇ ਹਨ।
ਉਦੋਂ ਗੁਲਾਮ ਹਿੰਦੁਸਤਾਨੀ ਸੂਬੇਦਾਰ
ਅਜੋਕੇ ਬਰਗੇਡੀਅਰ ਜਿੰਨੀ ਲਿਆਕਤ ਦਾ ਮਾਲਿਕ ਸੀ।
ਮਸਤੂਆਣਾ-ਬ੍ਰਹਮ ਨਰੇਸ਼ ਪਰਮ ਸੰਤ ਅਤਰ ਸਿੰਘ ਜੀ ਮਹਾਰਾਜ ਨੇ
ਸਾਰੀ ਪੋਠੋਹਾਰ ਗੁਰਸਿੱਖੀ 'ਚ ਰੰਗੀਜ ਦਿੱਤੀ ਸੀ।
ਮਾਤਾ ਸਤ ਭਰਾਈ ਵੀ ਉਨ੍ਹਾਂ ਪੋਠੋਹਾਰੀ-ਸਿੰਘਣੀਆਂ ਵਿਚੋਂ ਸੀ
ਜੋ ਇਸ਼ਨਾਨ-ਪਾਠ ਕੀਤੇ ਤੇ ਗੁਰਦੁਆਰੇ ਜਾਏ ਬਗੈਰ
ਸੰਤਾਨ ਦਾ ਮੂੰਹ ਜੂਠਾ ਨਹੀਂ ਸੀ ਹੋਣ ਦਿੰਦੀਆਂ।
ਪਹਿਲੀ ਜੰਗ ਤੋਂ ਮਗਰੋਂ ਪਰਵਾਨ ਚੜ੍ਹਿਆ ਹਰੇਕ ਪੋਠੋਹਾਰੀ
ਗੁਰ-ਗ੍ਰੰਥੀ ਅੰਮ੍ਰਿਤ ਨਾਲ ਲਬਰੇਜ਼ ਹੈ।
ਸੰਤਾਂ ਦੀ ਮਿਹਰ ਬਖਸ਼ਿਸ਼ ਕਾਰਨ ਹੀ ਸਾਡੇ ਪੋਠੋਹਾਰੀ ਵਿਦਵਾਨ
ਗੁਰਮਤਿ ਤੇ ਸਾਹਿੱਤ ਦੇ ਪ੍ਰਕਾਂਡ ਪੰਡਿਤ ਹਨ।
ਦੇਸ਼-ਵੰਡ ਦਾ ਫਿਰਕੂ ਉਜਾੜਾ ਪੋਠੋਹਾਰ ਵਿਚ ਤਾਂ
ਅੱਠ ਮਾਰਚ ਨੂੰ ਹੀ ਸ਼ੁਰੂ ਹੋ ਗਿਆ ਸੀ।
ਵਤਨੋਂ ਉਜੜਨ ਦਾ ਅਰਥ ਵਤਨੋਂ ਉੱਜੜੇ ਹੀ ਜਾਣਦੇ ਹਨ।
ਰਮਣੀਕ ਪੋਠੋਹਾਰੋਂ ਉਜੜਿਆਂ ਦੀਆਂ ਕਲਮੀ ਤ੍ਰਾਟਾਂ
ਅੱਜ ਵੀ ਸੁਣੀਂਦੀਆਂ ਹਨ।
ਪੋਰਖ ਦਾ ਦੂਜਾ ਨਾਂ ਪੋਠੋਹਾਰੀਏ ਹੈ।
ਉਜਾੜੇ ਸਮੇਂ ਹਰਸਰਨ ਦੀ ਮੱਸ ਫੁਟ ਪਈ ਸੀ
ਅਤੇ ਉਹ ਜਲੰਧਰ ਆ ਟਿਕੇ ਸਨ।
ਸਰੀਰ ਦੇ ਨਾਲ ਮਨ ਮਸਤਕ ਤੇ ਪ੍ਰਤਿਭਾ ਸੱਭੇ ਹੀ ਜਵਾਨ ਹੋ ਜਾਂਦੇ ਹਨ।



ਜਿਵੇਂ ਮਸਤਾਨੜੀ ਅੱਖ ਹੁਸਨ ਦੀ ਮੁਤਲਾਸ਼ੀ ਹੁੰਦੀ ਹੈ,
ਤਿਵੇਂ ਪ੍ਰਤਿਭਾ ਵੀ ਆਪਣੇ ਜਲਵੇ ਦੇ ਪ੍ਰਗਟਾਵੇ ਦਾ ਮਾਧਿਅਮ ਢੂੰਡਦੀ ਹੈ।
ਬਾਜ਼ ਵਰਗੀ ਅੱਖ ਵਾਲੇ ਹਰਸਰਨ ਨੇ ਪਹਿਲਾਂ ਮਹਾਨ ਚਿਤਰਕਾਰ ਬਣਨਾ ਲੋਚਿਆ।
ਤੇ ਸਿਨੇਮੇ ਦੇ ਬੋਰਡ-ਬਾਜ਼ ਦੀ ਸ਼ਾਗਿਰਦੀ ਤੋਂ ਆਰੰਭ ਹੋਇਆ।
ਮਾਂ ਕੋਲ ਏਨੇ ਪੈਸੇ ਨਹੀਂ ਸਨ ਜੋ ਚਿਤਰ-ਸਾਮੱਗਰੀ ਦੇ ਦਾਅ ਤੇ ਲਾ ਸਕਦੀ।
ਤੇ ਹਰਸਰਨ ਕੋਲ ਏਨਾਂ ਠਰ੍ਹੰਮਾਂ ਨਹੀਂ ਸੀ ਕਿ ਉਹ,
ਬੁਰਸ਼ ਵਾਹੁੰਦਾ ਪ੍ਰਸਿੱਧੀ ਨੂੰ ਦੋ ਦਹਾਕੇ ਉਡੀਕਦਾ ਮਫ਼ਲਸੀ ਭੋਗ ਸਕਦਾ।
ਉਸ ਇਹ ਲਿਲ੍ਹ ਛੱਡ ਦਿੱਤੀ।
ਪਰ ਪਹਿਲੇ ਇਸ਼ਕ ਵਾਂਗ ਉਹ ਲਕੀਰ ਬਾਜ਼ੀ ਨੂੰ ਹਾਲੇ ਤੱਕ ਵੀ ਭੁੱਲ ਨਹੀਂ ਸਕਿਆ।
ਹੁਣ ਤਾਂ ਸੀਰੀ ਵੀ ਹਲ ਦੀ ਮੁੰਨੀ ਨਾਲ ਟ੍ਰਾਂਜ਼ਿਸਟਰ ਬੰਨ੍ਹੀ ਫਿਰਦੇ ਐ
ਇੱਕ ਸਮਾਂ ਸੀ ਜਦੋਂ ਗ੍ਰਾਮੋਫ਼ੋਨ ਤੇ ਰੇਡੀਉ ਅਮੀਰੀ ਤੇ ਇਯਾਸ਼ੀ ਦੇ ਪ੍ਰਤੀਕ ਸਨ।
ਨਵੇਂ ਲਿਆਂਦੇ ਰੇਡੀਓ ਨੇ ਉਸ ਨੂੰ ਗਵੱਈਆ ਬਣਨ ਲਈ ਪ੍ਰੇਰਿਆ।
ਤੇ ਉਸ ਇੱਕ ਭਲੇ ਲੋਕ ਸੰਗੀਤਾਚਾਰੀਆ ਤੋਂ ਰਿਆਜ਼ ਆਰੰਭ ਦਿੱਤਾ।
ਪਰ ਛੇਤੀਂ ਹੀ ਉਸਨੂੰ ਪਤਾ ਲੱਗ ਗਿਆ ਕਿ
ਢੱਡਰ ਕਾਂ ਤੇ ਕੋਇਲ ਦੇ ਗਲੇ ਵਿੱਚ ਕੀ ਅੰਤਰ ਹੁੰਦਾ ਹੈ।
ਉਸਨੂੰ ਸੰਗੀਤਕਾਰੀ ਵੀ ਛੱਡਣੀ ਪਈ।
ਪਰ ਆਪਣੇ ਨਿਰੰਤਰ ਮੁਆਸ਼ਕਿਆਂ ਤੇ ਦਾਰੂ-ਵਿਸਕੀ ਵਾਂਗ
ਗੁਣਗੁਨਾਉਣਾ ਤੇ ਸੰਗੀਤ ਸੁਣਨਾ ਵੀ ਉਸਦੇ ਵਜੂਦ ਦਾ ਅੰਗ ਬਣ ਗਿਆ।
ਉਹ ਇਕੱਲ ਵਿੱਚ ਗਾਉਂਦਾ ਹੈ
ਜਾਂ ਜਿਗਰੀ ਮਜਲਸੀ ਯਾਰਾਂ ਦੀ ਭਰਪੂਰ ਲੁਤਫ਼ੀ ਨਸ਼ੱਈ ਸੰਗਤ ਵਿਚ,
ਇਹ ਉਹ ਸਮਾਂ ਹੁੰਦਾ ਹੈ ਜਦੋਂ 'ਗੁਜਰਖਾਨੀ' ਉਹ ਨਹੀ ਰਹਿੰਦਾ।
ਉਸ ਦਸਵੀਂ ਕੀਤੀ ਹੀ ਸੀ ਕਿ ਉਸਦੇ ਸ਼ਹਿਰ ਚਿੱਠੀ ਰਸਾਨਾਂ ਦੀ ਹੜਤਾਲ ਹੋ ਗਈ।
ਡਾਕਖਾਨੇ ਅਣਵੰਡੀਆਂ ਚਿੱਠੀਆਂ ਦੇ ਅੰਬਾਰ ਲੱਗ ਗਏ।
ਲੋਕ ਆਪਣੀਆਂ ਲੱਭ ਤੇ ਲੋਕਾਂ ਦੀਆਂ ਖਿਸਕਾ ਲਿਆਉਂਦੇ।
ਹਰਸਰਨ ਇਸ ਬਹਾਨੇ ਲੋਕਾਂ ਦੇ ਨਾਂ ਆਏ ਰਸਾਲੇ ਚੁੱਕ ਲਿਆਉਂਦਾ।
ਕੁਝ ਰਸਾਲੇ ਕਿਤਾਬਾਂ ਉਸ ਖਰੀਦੀਆਂ ਵੀ
ਤੇ ਉਰਦੂ ਰਾਹੀਂ ਪੜ੍ਹੇ ਹਰਸਰਨ ਨੇ ਕੁਝ ਸ਼ਿਅਰਬਾਜ਼ੀ ਵੀ ਕੀਤੀ
ਜੋ ਸੰਪਾਦਕਾਂ ਨੇ ਬਰੰਗ ਚਿੱਠੀ ਵਾਂਗ ਮੋੜ ਦਿੱਤਾ।
ਜਦ ਉਸਨੂੰ ਆਪਣੀ ਸ਼ਾਇਰਾਨਾ ਤਰੁੱਟੀਆਂ ਪਤਾ ਲੱਗ ਗਿਆ
ਤਾਂ ਉਸ ਸੰਪਾਦਕਾਂ ਦੀ ਅਕਲ ਤੇ ਛਿੱਥਾ ਪੈਣਾਂ ਛੱਡ ਦਿੱਤਾ
ਤੇ ਨਾਲ ਸ਼ਾਇਰੀ ਵੀ।
ਉਸ ਪਿੰਗਲ ਤੇ ਅਰੂਜ਼ ਦੀ ਨਜ਼ਾਕਤੀ ਰਿਆਸਤ ਸਾਹਵੇਂ ਹਾਰ ਮੰਨ ਲਈ।
ਪਰ ਉਸ ਦਾ ਅੰਦਰਲਾ ਭੁੜਕਣੋਂ ਨਾ ਹਟਿਆ।

ਉਸ ਵਿਚ ਪਠੋਰ ਆਸ਼ਕੀ ਵਰਗੀ ਕੁਝ ਅਮੋੜਗੀ ਜਿਹੀ ਸੀ
ਉਹ ਨਿੱਕੀ ਕਹਾਣੀ ਦੇ ਦੁਆਲੇ ਹੋ ਗਿਆ।
ਲਗਦੈ ਉਸਦੀ ਰੁਚੀ ਕੁਝ ਬੀਮਾ-ਏਜੰਟਾਂ ਵਰਗੀ ਸੀ।
ਜਦ ਉਸਦਾ ਕੱਚਾ-ਪਿੱਲਾ ਸਾਰਾ ਹੀ ਮੁੱਢਲਾ ਕਹਾਣੀ-ਗਲਪ ਛਪ ਗਿਆ,
ਤਾਂ ਉਸ ਨੂੰ ਲੱਗਿਆ ਜਿਵੇਂ ਉਸਦੀ 'ਕੁਤਬੀ-ਸੂਈ' ਆਪਣੀ ਅਸਲ ਸੇਧੇ ਆ ਗਈ ਹੋਵੇ
ਉਸਨੂੰ ਆਪਣਾ ਮਨ-ਮਸਤਕ ਖ਼ੁਸ਼ਬੋਦੇ ਫੁੱਲ ਵਰਗਾ ਲੱਗਿਆ।
ਉਂਜ ਵੀ ਉਸਦੀ ਸੁਰਮੇਵਾਲੀ ਨਸ਼ੀਲੀ ਅੱਖ ਕੰਵਾਰੀਆਂ ਪੁੱਟਣ ਵਾਲੀ ਸੀ
ਉਹ ਭਲਾ ਦੁੱਗਲ ਨਾਲੋਂ ਘੱਟ ਸੀ!
ਉਸ ਨੂੰ ਇਕ ਮੱਦਾਹ ਰੇਡੀਓ-ਸਟੇਸ਼ਨ ਜਾਲੰਧਰ ਤੇ ਲੈ ਗਿਆ
ਤੇ ਪੈਸੇ ਆਪ ਤੇ ਲਿਖਤ ਉਹਦੀ ਦਾ ਸੌਦਾ ਕਰਕੇ ਪ੍ਰੋਗਰਾਮ ਦੁਆ ਲਿਆਇਆ।
ਉਹ ਗੁਜਰਖਾਨੀ ਤਾਂ ਸੀ ਹੀ
ਉਸ ਛੇਤੀ ਹੀ ਰੇਡੀਓ ਵਾਲਿਆਂ ਨਾਲ ਸੀਟੀ ਰਲਾ ਲਈ।
ਇੱਕ ਅੰਗਰੇਜ਼ੀ ਨਾਟਕ ਨੂੰ ਪੰਜਾਬੀ 'ਚ ਢਾਲਦਿਆਂ ਉਸਨੂੰ ਨਾਟ-ਕਲਾ
ਆਪਣੀ ਪ੍ਰਤਿਭਾ ਤੇ ਰੁਚੀ ਦੇ ਕੁਝ ਵਧੇਰੇ ਅਨੁਕੂਲ ਲੱਗੀ।
ਉਸ ਨੂੰ ਲੱਗਿਆ ਜਿਵੇਂ ਨਾਟਕੀ ਸੰਵਾਦਿਕਤਾ ਹੀ
ਉਸਦੇ ਅੰਤਹਕਰਣ ਦਾ ਸਹੀ ਪ੍ਰਗਟਾਵਾ ਹੋਵੇ,
ਉਸ ਜਲੰਧਰ ਰੇਡੀਓ ਲਈ 'ਵਾ-ਵਰੋਲੇ' ਵਗਾਏ
ਤੇ ਫਿਰ 'ਜੋਤ ਤੋਂ ਨਾਟਕੀ-ਜੋਤ' ਜਗਾਈ,
ਜਿਸ ਨੂੰ ਹਰਕਿਸ਼ਨ ਸਿੰਘ ਨੇ ਆਪਣੇ 'ਪੰਜਾਬੀ ਸਾਹਿੱਤ' ਦੀ
ਸਲਾਨਾ-ਹਿੱਕ ਉੱਤੇ ਬਾਲਿਆ।
ਜਦੋਂ ਉਸ ਇਕ ਅਬਲਾ ਨਾਰੀ ਦਾ 'ਇੱਕ ਵਿਚਾਰੀ ਮਾਂ' ਵਜੋਂ ਨਾਟਕ ਬਣਾਇਆ,
ਤਾਂ ਉਸਦੀ ਨਾਟ-ਪ੍ਰਤਿਭਾ ਭਟਕਦੀਆਂ ਡੰਡੀਆਂ ਤੋਂ ਸ਼ਾਹ ਰਾਹ ਉੱਤੇ ਆ ਗਈ।
ਸੰਤ ਸਿੰਘ ਸੇਖੋਂ ਨੇ ਇਸ ਦੁਖਿਆਰ-ਇਕਾਂਗੀ ਦਾ ਮੰਗਲਮ ਕੀਤਾ,
'ਕੋਈ ਅੱਖ ਨਹੀਂ ਸੀ ਜੋ ਇਸ ਇਕਾਂਗੀ ਨੂੰ ਵੇਖਕੇ ਘਰਾਲਾਂ ਨਾ ਬਣੀ ਹੋਵੇ।'
ਸਾਹਿੱਤ ਜ਼ਿੰਦਗੀ ਦੀਆਂ ਕਰੋੜਾਂ ਸਥਿਤੀਆਂ ਦਾ ਦਰਪਣ ਹੈ
ਪਰ ਹਰੇਕ ਬੁੱਧੀ ਹਰੇਕ ਸਾਹਿੱਤ ਵਿਧਾ ਦੀ ਜਿਰਜਕ ਨਹੀਂ ਹੋ ਸਕਦੀ।
ਕੇਵਲ ਪ੍ਰਤਿਭਾ ਹੀ ਸੁਣੀਆਂ-ਵੇਖੀਆਂ ਗੱਲਾਂ ਦੇ ਲੋਗੜ 'ਚੋਂ ਤੰਦ ਕੱਢ ਸਕਦੀ ਹੈ,
ਜਿਸਦੇ ਧਾਗਿਆਂ ਤੋਂ ਬਣੀ ਫੁਲਕਾਰੀ
ਜ਼ਿੰਦਗੀ ਦੇ ਰੂਪ ਨੂੰ ਹੋਰ ਵੀ ਸਰੂਪਤ ਬਣਾ ਦਿੰਦੀ ਹੈ
ਦੁਖਾਂਤ ਤੇ ਸੁਖਾਂਤ ਜ਼ਿੰਦਗੀ ਦੀ ਸਿੱਕੇ ਵਰਗੀ ਸਿੱਧ-ਪੁੱਠ ਹੈ।
ਕਿਸੇ ਨੂੰ ਵਿੱਤ ਤੇ ਦ੍ਰਿਸ਼ਟੀ ਅਨੁਸਾਰ ਸਿੱਧਾ ਪਾਸਾ ਦਿਸਦਾ ਹੈ ਤੇ ਕਿਸੇ ਨੂੰ ਪੁੱਠਾ।
ਕਿਸੇ-ਕਿਸੇ ਨੂੰ ਦੋਵੇਂ ਵੀ ਦਿਸ ਪੈਂਦੇ ਹਨ।
ਰੂਪਵਤੀਆਂ ਨੂੰ ਵਿਸ਼ਈ ਮਰਦ ਜਦ ਫਿਸਲਾ ਹੀ ਲੈਂਦੇ ਹਨ



ਤਾਂ ਸਮਾਜ ਉਹਨਾਂ ਨੂੰ ਗਟਰ ਦੀ ਸੰਦਗੀ ਸਮਝਣ ਲਗਦਾ ਹੈ।
ਇੱਕ ਅਜਿਹੀ ਹੀ ਦੁਖਿਆਰ ਅਧਿਆਪਕਾ ਦੇ ਅਨਭੋਲ ਕੁਕਰਮ ਨੂੰ
ਹਰਸਰਨ ਨੇ ਸਮਾਜ ਅੱਗੇ ਪੇਸ਼ ਕਰਨ ਦਾ 'ਜਿਗਰਾ' ਕੀਤਾ
ਔਰਤ ਦੇ ਕੁਕਰਮ ਦੀ ਅਨਭੋਲਤਾ ਦੀ ਉਸ ਜ਼ੋਰਦਾਰ ਵਕਾਲਤ ਕੀਤੀ,
ਜਿਵੇਂ ਅੰਜੀਲ ਵਿੱਚ ਪੈਗੰਬਰ ਨੇ ਵਿਭਚਾਰ ਦੀ ਦੋਸ਼ਣ ਔਰਤ ਨੂੰ
ਪੱਥਰਾਂ ਦੀ ਵਾਛੜੀ-ਮੌਤ ਤੋਂ ਇਕ ਕਹਿਕੇ ਬਚਾਇਆ ਸੀ
'ਬਈ ਪਹਿਲਾ ਪੱਥਰ ਉਹ ਹੀ ਮਾਰੇ ਜਿਸ ਨੇ ਖੁਦ ਕਦੇ ਕੋਈ ਗੁਨਾਹ ਨਾਂਹ ਕੀਤਾ ਹੋਵੇ।'
'ਜਿਗਰਾ' ਵਿੱਚ ਉਸਨੇ ਪਤੀ ਵੱਲੋਂ ਅਜਿਹੀ ਹੀ ਲਾਂਛਿਤ ਪਤਨੀ ਨੂੰ
ਮੁੜ ਅਪਨਾਉਣ ਦਾ ਜਿਗਰਾ ਕਰਦਿਆਂ ਦਿਖਾਇਆ ਸੀ।
ਉਸ ਵਿਰੁੱਧ ਅਜਿਹਾ ਹੀ ਤੂਫ਼ਾਨ ਉਠਿਆ
ਜਿਹਾ ਗੁਰਬਖਸ਼ ਸਿੰਘ ਪ੍ਰੀਤਲੜੀ ਵਿਰੁੱਧ 'ਪਰਮ ਮਨੁੱਖ' ਲਿਖਣ ਸਮੇਂ ਉਠਿਆ ਸੀ।
ਉਸ ਪਿਛਾਕੜੂ ਮਰਦਾਂ ਨੂੰ ਹਲੂਣ ਕੇ ਰੱਖ ਦਿੱਤਾ
ਅਤੇ ਮਰਦਾਂ ਨੂੰ ਉਹਨਾ ਦੇ ਆਪਣੇ 'ਵਿਭਚਾਰਾਂ' ਦਾ ਸ਼ੀਸ਼ਾ ਦਿਖਾਇਆ।
ਤਦ ਤੱਕ ਉਹ ਗੁਜਰਖਾਨੀ ਤੋਂ ਜਾਲੰਧਰੀ ਹੋ ਚੁੱਕਾ ਸੀ
ਮਗਰੋਂ ਹੀ 'ਚੰਡੀਗੜ੍ਹੀਆ' ਤੇ ਮੁਹਾਲੀਆ' ਬਣਿਆ।
ਪ੍ਰੋਫੈਸਰ ਮੋਹਨ ਸਿੰਘ ਨੇ ਉਸਦਾ ਇਕਾਂਗੀ 'ਤ੍ਰੇੜ' ਉੱਤਮ ਲਿਖਣ ਦੇ ਆਧਾਰ ਤੇ
ਪਰ 'ਜਾਸੂਸੇ' ਦਾ ਸਮਝਕੇ 'ਪੰਜ-ਦਰਿਆ' ਵਿਚ ਛਾਪਿਆ।
ਹਰਸਰਨ ਸਿੰਘ ਦੀ ਨਾਟ-ਪ੍ਰਤਿਭਾ ਉਸ ਹੰਸ ਵਰਗੀ ਹੈ
ਜੋ ਜੀਵਨ ਦੀ ਵਿਸ਼ੈਲੀ-ਗੰਧਲ ਵਿਚੋਂ
ਸਾਹਿੱਤ ਦਾ ਅੰਮਿਉਂ ਨਿਖੇੜ ਸਕਦੀ ਹੈ।
ਉਹ ਪਾਤਰ ਨੂੰ ਵਿਚਰਦਾ-ਬੋਲਦਾ ਵੇਖਕੇ
ਉਸਦੀ ਤ੍ਰੈ-ਕਾਲਤਾ ਦਾ ਦਰੁਸਤ ਅਨੁਮਾਨੀਆਂ ਹੈ।
ਉਸਨੇ ਇੱਕ ਨਾਰੀ ਨੂੰ ਅਸਲੋਂ ਹੀ ਨਵੇਲ ਤੇ ਦਿਲਕਸ਼ ਅੰਦਾਜ਼ ਵਿਚ ਵਿਚਰਦੀ ਵੇਖਿਆਂ
ਜਿਸ ਨੂੰ ਹਰੇਕ ਅੱਖ ਨਿਗਲ ਲੈਣਾ ਲੋਚਦੀ ਸੀ
ਉਸ ਵੇਖਿਆ ਕਿ ਸਮਾਜਕ-ਸੰਗ੍ਰਾਮ ਵਿੱਚ ਖੁਲ੍ਹਕੇ ਵਿਚਰਦੀ ਇਸਤਰੀ ਨੂੰ
ਉਜਾਂ ਦੀ ਖਲ-ਨਾਇਕਾ ਬਣਾਇਆ ਜਾਂਦਾ ਹੈ।
ਜੇਕਰ ਅਸੀਂ ਇਸਤਰੀ ਸੰਗ੍ਰਾਮ ਨੂੰ ਮੋਢਾ ਨਹੀਂ ਦਿੰਦੇ
ਅਸੀਂ ਜੀਵਨ-ਦੌੜ ਵਿਚ ਧੁਰ ਪੂਰਬ-ਪੱਛਮ ਨਾਲੋਂ
ਚਾਰ ਸਦੀਆਂ ਪਿੱਛੇ ਰਹਿ ਜਾਵਾਂਗੇ
ਹਰਸਰਨ ਨੇ 'ਫੁਲ ਕਮਲਾ ਗਿਆ' ਸਿਆਸੀ ਤੇ ਆਰਥਕ ਸੰਗ੍ਰਾਮ
ਲੜਦੀ ਦਰਸ਼ਨਾ ਨੂੰ ਪੈਰਾਂ ਤੇ ਖੜੋਂਦੀ ਦਰਸਾਇਆ ਹੈ।
ਨਾਰੀ ਨੂੰ ਜੀਵਨ-ਸਾਥੀ ਦੇ ਭਰੋਸੇ ਤੇ ਪ੍ਰੇਰਨਾ ਦੀ ਲੋੜ ਹੈ।
ਹਰਸਰਨ ਨੇ 'ਪੰਜਾਬੀ ਨਾਟੀਵਾਦ' ਨੂੰ 'ਨਾਰ' ਤੋਂ

'ਯਲਗਾਰ' ਤੇ 'ਵੰਗਾਰ' ਬਣਨ ਲਈ ਹਲੂਣਿਆ ਹੈ।
'ਅਪਰਾਧ' ਵਿੱਚ ਉਸਨੇ ਨਾਰੀ ਨੂੰ
ਮਰਦ ਦੇ ਸ਼ੱਕੀ-ਪੁਣੇ ਵਿਰੁੱਧ ਨਰੋਈ ਬਣਨ ਲਈ ਪ੍ਰੇਰਿਆ ਹੈ।
ਮੰਟੋ ਦੀ ਅਨੇਕਾਂ ਕਹਾਣੀਆਂ ਵਾਂਗ ਹਰਸਰਨ ਦੇ ਨਾਟਕਾਂ ਤੇ ਵੀ
ਰਤਾ ਕੁ ਮੱਠਾ ਵਾਵੇਲਾ ਜ਼ਰੂਰ ਮੱਚਿਆ।
ਅਸਲ ਵਿੱਚ ਫਰੇਬੀ ਸਮਾਜ ਚਿਣੌਤੀ ਤੋਂ, ਆਹ ਅਤੇ ਹੁੱਝ ਤੋਂ ਹੀ ਚੌਂਕਦਾ ਹੈ।
'ਉਦਾਸ ਲੋਕ' ਵਿਚਲੀ ਮੱਧ-ਵਰਗੀਆਂ ਦੀ ਸ੍ਵੈ-ਕੇਂਦਰਿਤ ਉਦਾਸੀਨਤਾ
ਹਰਸਰਨ ਦਾ ਸਦਾ ਪਰਵਾਨਿਆ ਅਕਾਦਮਿਕ ਜੀਵਨ-ਯਥਾਰਥ ਹੈ
ਕੁਝ ਵਰ੍ਹੇ ਉਸ ਨੂੰ ਇਉਂ ਪ੍ਰਤੀਤ ਹੋਇਆ ਜਿਵੇਂ ਉਸਦੀ ਕਲਮ
ਰਚਨਾਤਮਿਕ ਜਣੇਪਿਆਂ ਤੋਂ ਬਾਂਝ ਹੋ ਗਈ ਹੋਵੇ
ਇੱਕ ਅਜਿਹੀ ਸਿਥਲਤਾ ਜੋ ਪੁਨਰ-ਪ੍ਰਗਤੀ ਲਈ ਜ਼ਰੂਰੀ ਹੁੰਦੀ ਹੈ।
ਉਸ ਨੂੰ ਬੇਹੇ-ਤਿਬੇਹੇ ਰੁਮਾਂਟਿਕ ਵਿਸ਼ਿਆਂ ਤੇ ਲਿਖੀ ਜਾਣਾ
ਤਰਕ-ਸੰਗਤ ਨਾ ਲਗਦਾ
ਉਸ ਨੂੰ ਇਤਿਹਾਸ, ਮਿਥਿਹਾਸ ਜਾਂ ਵਰਤਮਾਨ ਦੇ ਹਾਵੀ ਵਿਸ਼ੇ ਦੀ ਤਲਾਸ਼ ਸੀ।
ਜਦ ਸਮਕਾਲੀ ਉਸਦੇ ਮੁੱਕੇ ਸੱਤੂਆਂ ਦਾ ਉਹਨੂੰ ਮਿਹਣਾ ਦਿੰਦੇ
ਤਾਂ ਉਹ ਤਿਲਮਿਲਾ ਉਠਦਾ।
ਉਸ ਨੂੰ ਲਗਦਾ ਜਿਵੇਂ ਉਸਦੀ ਕਲਮ ਗਵਾਚ ਗਈ ਹੋਵੇ
ਸਿਆਹੀ ਮੁੱਕ ਗਈ ਜਾਂ ਨਿੱਬ ਟੁੱਟ ਗਈ ਹੋਵੇ।
ਦਸ ਸਾਲ ਉਹ ਸਮਕਾਲੀ ਵਿਸੰਗਤੀਆਂ ਦੇ ਦਵੰਧ ਦੀ ਤਲਾਸ਼ ਵਿੱਚ ਭਟਕਿਆ।
ਉਹ ਸੱਤਾਧਾਰੀਆਂ ਦੇ ਉਸ ਲੋਕ-ਬਲਾਤਕਾਰ ਦਾ ਭਾਂਡਾ
ਚੁਰਾਹੇ ਵਿੱਚ ਭੰਨਣਾ ਲੋਚਦਾ ਸੀ
ਜਿਸ ਆਪਣੇ ਸਿਆਸੀ ਢਾਂਚੇ ਤੇ ਦਫਤਰੀ ਭ੍ਰਿਸ਼ਟਾਚਾਰ ਰਾਹੀਂ
ਲੋਕ-ਜੀਵਨ ਨੂੰ ਦਹਿਸ਼ਤੀ ਨਰਕ ਬਣਾ ਦਿੱਤਾ ਸੀ।
ਉਸ ਸਤਾਈ ਸਾਲਾ ਆਜ਼ਾਦੀ ਨੂੰ ਅਜਿਹੀ-ਦਬੰਗ ਦਲੇਰੀ ਨਾਲ
'ਲੰਮੇ ਸਮੇਂ ਦਾ ਨਰਕ' ਆਖਿਆ
ਕਿ ਢਿੱਲੀ ਪੂਛ ਵਾਲੇ ਉਸਦੇ ਸਮਕਾਲੀ ਸਰਕਾਰੀ ਮੁਲਾਜ਼ਮਤ ਦੇ ਬਾਵਜੂਦ
ਉਸਦੀ ਇਸ ਨਾਟ ਦੀਦਾ-ਦਲੇਰੀ ਉਤੇ ਦੰਗ ਰਹਿ ਗਏ।
ਉਸ ਦੱਸਿਆ ਕਿ ਇਸ ਲੋਕ-ਰਾਜ ਵਿੱਚ ਸੱਤਾਧਾਰੀ
ਈਮਾਨਦਾਰੀ ਨੂੰ ਕਿਵੇਂ ਪਾਗਲਖਾਨੇ ਵਿਚ ਧੱਕ ਦਿੰਦੇ ਰਹੇ ਹਨ।
ਸੰਕਟ-ਕਾਲ ਦੀ ਨਾਟਕੀ-ਸਥਿਤੀ ਵਿਚੋਂ ਉਹ
ਉਜਵਲ ਹੋ ਨਿਕਲਿਆ।
ਇਸ ਨਾਟਕ ਵਿਚਲੇ ਪਟਾਕਵੇਂ ਸੰਵਾਦ
ਹਰਸਰਨ ਦੀ ਨਾਟ-ਕਲਾ ਦੇ ਸਿਖਰ ਦੇ ਪ੍ਰਮਾਣ ਹਨ।



ਫਿਰ ਉਹ ਇਤਿਹਾਸ ਤੇ ਮਿਥਿਹਾਸ ਵੱਲ ਵੀ ਪਰਤਿਆ
'ਨਿਜ਼ਾਮ ਸੱਕਾ' ਤੇ 'ਰਾਜਾ' ਉਸਦੇ ਨਾਟਕ
ਵਰਤਮਾਨ ਨੂੰ ਇਤਿਹਾਸ ਦੇ ਦਰਪਣ ਨੂੰ ਝਲਕਾਉਣ ਦੇ ਉਪਰਾਲੇ ਹਨ।
ਮੁਲਾਜ਼ਮਾਂ ਤੇ ਕਾਮਗਾਰਾਂ ਦੇ ਪ੍ਰਤਿਨਿਧ ਹਰਸਰਨ ਨੇ
ਲੋਕਾਂ ਦੇ ਨਰਕੀ-ਜੀਵਨ ਲਈ
ਸਰਮਾਏਦਾਰਾਂ, ਸਰਕਾਰੀਆਂ ਤੇ ਧਰਮਾਂ ਦੇ ਠੇਕੇਦਾਰਾਂ ਦੀ
ਮਿਲੀ-ਭੁਗਤ ਨੂੰ ਦੋਸ਼ੀ ਠਹਿਰਾਇਆ ਹੈ।

ਸਭ ਨੇ ਵਿਆਪਕ ਸ਼ੜਯੰਤਰਾਂ ਰਾਹੀਂ ਅਜਿਹਾ ਹਨੇਰ ਤੇ ਘਚੋਲ ਮਚਾ ਰੱਖਿਆ ਹੈ
ਕਿ ਲੋਕ-ਭਰੋਸੇ ਨੂੰ ਸਮਾਜਵਾਦ ਦੀ ਕਿੱਲੀ ਬਹੁਤ ਦੂਰ ਦਿਸਦੀ ਹੈ।
'ਕੁਲੱਛਣੇ' ਉਸਦਾ ਇੱਕ ਹੋਰ ਚੌਂਕਾ ਦੇਣ ਵਾਲਾ ਸਮਾਜਕ-ਮਾਅਰਕਾ ਹੈ
ਉਸ ਜਸਵੰਤ ਸਿੰਘ ਕੰਵਲ ਦੇ 'ਜੇਰਾ' ਵਾਂਗ ਸੁਝਾਉ ਦਿੱਤਾ ਹੈ
ਕਿ ਨਾਮਰਦ ਪਤੀ ਨੂੰ ਸੰਤਾਨ ਲੈਣ ਲਈ
ਕਿਸੇ ਹੋਰ ਦੀਆਂ ਸੇਵਾਵਾਂ ਪ੍ਰਾਪਤ ਕਰਨ ਦੀ ਸਿਆਣਪ ਕਰ ਹੀ ਲੈਣੀ ਚਾਹੀਦੀ ਹੈ।
ਉਸਦਾ ਇਹ ਸੁਝਾਓ ਪ੍ਰਾਚੀਨ ਭਾਰਤੀ "ਨਿਯੋਗ' ਦੀ ਹੀ ਪੁਨਰ-ਸੁਰਜੀਤੀ ਹੈ।
ਮਨੁੱਖੀ ਸਮਾਜ 'ਪਰਿਆਰਤਾ' ਨੂੰ ਕਦੇ ਵੀ ਨਹੀਂ ਤਿਆਗ ਸਕਿਆ।

ਵਿਆਹੁਤਾ-ਬੰਧਨ ਪਰਾਏ-ਸਾਥ ਦੀ ਲੂਹਰ ਨੂੰ
ਕਦਾਚਿਤ ਨਹੀਂ ਵਰਜ ਸਕੇ।
'ਰਾਧਾ' ਤੇ 'ਰੁਕਮਣੀ' ਵਿਚਲੇ ਅੰਤਰ ਤੇ ਮਹੱਤਵ ਦੀ ਦੀਖਿਆ ਤਾਂ
ਭਾਰਤੀਆਂ ਨੂੰ ਭਗਵਾਨ ਕ੍ਰਿਸ਼ਨ ਨੇ ਤੀਹ ਸਦੀਆਂ ਪਹਿਲਾਂ ਦੇ ਦਿੱਤੀ ਸੀ।

ਮਰਦਾਨਗੀ ਤਾਂ ਮਨ ਦੀ 'ਰਾਧਾ' ਤੇ ਤਨ ਦੀ 'ਰੁਕਮਣੀ' ਵਿਚਕਾਰ
ਸੰਤੁਲਨ ਬਣਾਈ ਰੱਖਣ ਵਿੱਚ ਹੈ।
ਪ੍ਰੇਮਿਕਾ ਤੇ ਪਤਨੀ ਸੌਕਣਾਂ ਨਹੀਂ
ਸਗੋਂ ਇੱਕ ਸੰਪੂਰਨਤਾ ਦੀਆਂ ਦੋ ਪੂਰਕ-ਇਕਾਈਆਂ ਹੁੰਦੀਆਂ ਹਨ।

ਹਰਸਰਨ ਨੇ 'ਸੰਬੰਧ' ਨਾਟਕ ਵਿਚ ਇਸ ਯੁਗਾਂਤ੍ਰਿਕ-ਪਰਿਆਰਤਾ ਦਾ
ਹੀ ਯਥਾਰਥ ਗੁਰਬਚਨ 'ਭੁੱਲਰ' ਦੇ 'ਓਪਰੇ ਮਰਦ' ਵਾਂਗ ਚਿਤਰਿਆ ਹੈ।

ਹਰਸਰਨ ਨੂੰ 'ਰਾਜਾ ਰਸਾਲੂ' ਦੀ ਰਸੀਲਤਾ ਆਪਣੇ ਸੁਭਾਅ ਵਰਗੀ ਹੀ ਲੱਗੀ ਹੈ
ਜੋ ਪੰਜਾਬੀਆਂ ਦੀ ਟੱਬਰੀਂ ਮੁਹੱਬਤੀ ਸ਼ੀਂਹ-ਜ਼ੋਰੀ ਦਾ ਪ੍ਰਤੀਕ ਹੈ।
ਯਾਰਾਂ ਦਾ ਯਾਰ 'ਤਿਣਾਂ ਵਾਲਾ' ਹਰਸਰਨ
ਇੱਕ ਉੱਘਾ 'ਟੇਬਲ-ਟਾਕਰ ਹੈ।
ਚਾਹ ਜਾਂ ਦਾਰੂ ਦੀ ਟੇਬਲ ਉੱਤੇ ਉਸ
ਸਮਕਾਲੀਆਂ ਦੀਆਂ ਭੋਜ-ਪੱਤਰੀ ਪਰਤਾਂ ਨੂੰ
'ਟੇਬਲ-ਟਾਕ' ਰਾਹੀਂ ਖੂਬ ਉਧੇੜਿਆ ਹੈ।

ਇੱਕ ਡੂੰਘੀ ਮਿੱਤਰ ਚਾਰਤਾ ਦੇ ਭੰਗ ਹੋਣ ਦੀ ਕਥਾ ਉਪਰੰਤ ਮੈਂ ਬੱਸ ਕਰਾਂਗਾ :
ਹਰਸਰਨ ਤੇ ਜਸਵੰਤ ਸਿੰਘ ਵਿਰਦੀ ਦੀ ਮਿਸਾਲੀ ਸਾਹਿੱਤਕ ਯਾਰੀ ਸੀ ।
ਲੁਹਾਰ -ਤਰਖਾਣਾ ਕਰਦਾ ਕਰਦਾ ਵਿਰਦੀ ਚੋਖਾ ਪੜ੍ਹ ਗਿਆ
ਤੇ ਦਿੱਲੀ ਵਿਖੇ ਨੌਕਰੀ 'ਚ ਸੁਦਰਸ਼ਨ ਪਾਰਕ ਵਿਖੇ ਹੱਥੀਂ ਉਸਾਰੇ ਮਕਾਨ ਵਿਚ ਜਾ ਟਿਕਿਆ ।

ਵਿਰਦੀ ਦਾ ਮੁਸ਼ਾਹਦਾ ਅਸਮਾਨੀਂ ਉੱਡਦੀ ਇੱਲ ਵਰਗਾ ਹੈ
ਉਹ ਮਨੁੱਖਾ ਦੇ ਅੰਦਰ-ਬਾਹਰ ਦਾ ਅਵਲੋਕਨਕਾਰ
ਸੰਘੜੇ ਚਤੰਨ ਤੇ ਜੜ੍ਹ-ਵਿਸ਼ਿਆਂ ਦਾ ਗਿਆਨਵਾਨ ਗਲਪਕਾਰ ਹੈ ਉਹ ।

ਹਰਸਰਨ ਸਿੱਖਿਆ ਵਿਭਾਗ ਦਾ ਪੰਜਾਬੀ ਸੰਪਾਦਕ ਸੀ
ਜਿਸਦੇ ਸੋਘੇ ਰਾਹੀਂ ਪੰਜਾਬੀ ਪੁਸਤਕਾਂ ਸਕੂਲੀ-ਪੁਸਤਕਾਲਿਆਂ ਤੱਕ ਪੁੱਜਦੀਆਂ ਸਨ ।

ਸਰਕਾਰੀ ਗੁੱਟਾਂ ਦੇ ਮਾਹਰ ਨਿਸ਼ਾਨੇਬਾਜ਼ ਉਸ ਨਾਲ ਚੋਖਾ ਹੇਜ ਰੱਖਦੇ ਸਨ,
ਅਤੇ ਉਸਨੂੰ ਹਰ ਤਰ੍ਹਾਂ ਨਾਲ ਤਿਲਕਾ ਕੇ ਕੰਮ ਕੱਢ ਕੇ ਟਿਭਦੇ ਹੁੰਦੇ ।
ਪਰ ਹਰਸਰਨ ਏਨਾ ਸਾਊ ਨਹੀਂ ਸੀ
ਉਹ ਲੱਗਦੀ ਵਾਹ ਉਨ੍ਹਾਂ ਦੀ ਟੱਟਣ ਦੇ ਹੱਥ ਆਏ ਵਾਲ ਮੁੰਨ ਲੈਂਦਾ ।
ਉਸਦਾ ਵਿਸ਼ਵਾਸ ਹੈ ਕਿ ਸ਼ੈਤਾਨੀ ਨੂੰ ਭਲਮਾਣਸੀ ਦਿਖਾਉਣੀ
ਨਿਰੋਲ ਮੂਰਖਤਾ ਹੈ ।
ਹੱਥ ਨੂੰ ਸਵਾ ਹੱਥ ਹੋ ਕੇ ਮਿਲੋ ਤੇ ਚਾਪਲੂਸਾਂ ਦੇ ਅਸਲ ਬਾਪੂ ਬਣੋ !

ਹਰਸਰਨ ਵਿਰਦੀ ਨੂੰ ਦਿਲੀਉਂ
ਨਾਲ ਦੀ 'ਹਿੰਦੀ ਸੰਪਾਦਕ' ਖਾਲੀ ਪਈ ਕੁਰਸੀ ਤੇ ਲੈ ਆਇਆ ।

ਦੋਸਤੀ ਵਿੱਚ ਇਹ ਇੱਕ ਮਾਅਰਕਾ ਸੀ ।
ਇੱਕ ਕਮਰੇ 'ਚ ਦਰਬਾਰ ਤਾਂ ਕੇਵਲ ਇੱਕ ਹੀ ਲੱਗ ਸਕਦਾ ਹੈ ਨਾ
ਦੋਨੋਂ ਹੀ ਵਿਅਕਤੀਵਾਦੀ, ਹਉਮੈਂਵਾਦੀ ਤੇ ਉੱਡਦੇ ਤਿਲੀਅਰ ਫੜਨ ਵਾਲੇ ਸਨ ।
ਛੇਤੀ ਹੀ ਦੋਹਾਂ ਦੀ ਜਾਤੀ ਤੇ ਕਲਮੀ ਮਿੱਤਰਤਾ ਦੇ ਠੇਣੇ ਹੋ ਗਏ ।
ਮਿਸਤਰੀ ਲੱਕੜ ਨੂੰ ਵੱਢਣ ਤੋਂ ਪਹਿਲਾਂ ਦੱਸ ਵਾਰ ਮਿਣਦਾ ਹੈ
ਬਈ ਕਿਉਂਕਿ ਵੱਢਿਆਂ ਛੋਟੀ ਰਹਿ ਗਈ ਤਾਂ ਕੁੱਟ ਕੇ ਵਧਾਈ ਨਹੀਂ ਜਾ ਸਕਦੀ ।
ਵਿਰਦੀ ਨੇ ਜ਼ਰੂਰ ਸੋਚਿਆ ਹੋਣੈਂ ਬਈ ਨਾਂਹ ਤਿੜਕੇ,
ਹਰਸਰਨ ਦੀ ਅਨੁਭੂਤੀ ਕੁਝ ਹੋਰ ਹੋਣੀ ਐ
ਪਰ ਜਗਤਾਰ ਤੇ ਰਣਧੀਰ ਸਿੰਘ ਚੰਦ ਦੇ ਟੁੱਟਣ ਵਾਂਗ ਗੱਲ ਓਹੀ ਹੋਈ ।
'ਤੇਰੀ ਕੱਚਿਆ ਮਾਸ਼ੂਕਾ ਯਾਰੀ, ਮਿਹਣੋ ਮਿਹਣੀ ਹੋ ਕੇ ਟੁੱਟਗੀ ।'
ਦੋਹਾਂ ਦੀਆਂ ਕਲਮਾਂ ਫਨੀਅਰ ਬਣਕੇ ਰਚਨਾਵਾਂ ਰਾਹੀਂ
ਇੱਕ ਦੂਜੇ ਦੀ ਕੁੱਕੜ-ਖੋਹੀ ਕਰਨ ਲੱਗੀਆਂ ।
ਸਾਂਝੇ ਮਿਤਰ ਹਤਾਸ਼ ਸਨ ।



ਪਰ ਉਹਨਾਂ ਦੋਹਾਂ ਹੀ ਹਉਂ ਨੂੰ ਮਹਾਂਭਾਰਤ ਨਾਂਹ ਬਣਨ ਦਿੱਤਾ ।
ਜਿਉਂ ਹੀ ਸਬੱਬ ਬਣਿਆਂ ਵਿਰਦੀ ਕਾਲਜ ਪ੍ਰਾਧਿਆਪਕ ਬਣ ਗਿਆ ।
ਤੇ ਉਸ ਗਿਆਨ, ਗਲਪ, ਨਾਟ, ਜੀਵਨੀ, ਮਾਤੀ, ਦਰਿਆਈ
ਤੇ ਖੁੱਲ੍ਹੀ ਲਿਖਤਾਂ ਦਾ ਢੇਰ ਲਗਾ ਦਿੱਤਾ ।
ਹਰਸਰਨ ਆਪਣੇ ਦਫ਼ਤਰੀ ਕਿੱਲੇ ਤੇ ਟਿਕਿਆ ਆਪਣੇ ਨਾਟ-ਮੰਚ ਖੇਤਰ ਵਿੱਚ ਰੁੱਝ ਗਿਆ ।
ਇਹ ਕਹਾਣੀ ਅਜੋਕੀ ਵਿਗਿਆਨਕ ਟੁੱਟ-ਭਜ ਦੀ ਪ੍ਰਤੀਕ ਹੈ
ਸੇਵਾ-ਮੁਕਤ ਹੋਕੇ ਵੀ ਹਰਸਰਨ ਨੇ ਉਮਰ ਨੂੰ ਡਾਹ ਨਹੀਂ ਦਿੱਤੀ ।
ਉਸਦੀ ਦੋਸਤੀ ਦੀ ਸਰਸ਼ਾਰਤਾ ਕਲੀਆਂ ਦੀ ਨਖ਼ਰੀਲੀ ਖ਼ੁਸ਼ਬੋ ਵਰਗੀ ਹੈ
ਚਾਹੇ 'ਟੂਕੇ ਬਿੰਦੀ' ਵਾਲੇ ਜੀਤ ਅਰੋੜੇ ਨਾਲ ।
ਉਹ ਤਾਂ ਚਫੇਰਤਾ ਦੀ ਸੜ੍ਹਾਂਦ ਨੂੰ ਮੁਅੱਤਰੀ ਬਣਾਉਣ ਲਈ ਪ੍ਰਤੀਬੱਧ ਹੈ ।
ਓਮ, ਸਤਿਅਮ, ਸ਼ਿਵਮ, ਸੁੰਦਰਮ !

—0—

## ਪੰਜਾਬ ਦੇ ਲੋਕ-ਨਾਟਕ

### ਡਾ: ਵੀ. ਆਰ. ਵਿਨੋਦ

ਪੰਜਾਬ ਦੇ ਲੋਕ ਨਾਨਕ ਦੀ ਪਰੰਪਰਾ ਖਾਸੀ ਅਮੀਰ ਹੈ । ਆਧੁਨਿਕ ਕਾਲ ਤੋਂ ਪਹਿਲਾਂ ਦੀ ਪੰਜਾਬ ਦੀ ਸਮਾਜਿਕ ਸੰਸਕ੍ਰਿਤਿਕ ਸਥਿਤੀ ਹੀ ਕੁਝ ਇਸ ਭਾਂਤ ਦੀ ਰਹੀ ਹੈ ਕਿ ਆਧੁਨਿਕ ਭਾਸ਼ਾਵਾਂ ਵਿਚ ਵਿਸ਼ਿਸ਼ਟ ਨਾਟਕ ਦੀ ਪਰੰਪਰਾ ਪੈਦਾ ਹੀ ਨਹੀਂ ਹੋ ਸਕੀ । ਦਸਵੀਂ ਸਦੀ ਦੇ ਨੇੜੇ ਤੇੜੇ ਜਦੋਂ ਪੰਜਾਬੀ ਵਿਚ ਵੀ ਆਧੁਨਿਕ ਭਾਰਤੀ ਭਾਸ਼ਾਵਾਂ ਜਿਵੇਂ ਪੰਜਾਬੀ, ਹਿੰਦੀ ਅਤੇ ਉਰਦੂ ਜਾਂ ਸਾਧ ਭਾਸ਼ਾ ਬੋਲੀਆਂ ਜਾਣ ਲੱਗੀਆਂ ਤਾਂ ਇਨ੍ਹਾਂ ਵਿਚੋਂ ਕਿਸੇ ਭਾਸ਼ਾ ਵਿਚ ਵੀ ਵਿਸ਼ਿਸ਼ਟ ਨਾਟਕ ਨਾ ਲਿਖਿਆ ਗਿਆ, ਨਾ ਖੇਡਿਆ ਗਿਆ । ਸੋ ਨਾਟਕੀ ਸੁਹਜ ਦੀ ਤ੍ਰਿਪਤੀ ਦਾ ਕਾਰਜ ਸਦੀਆਂ-ਬੱਧੀ (ਉਨੀਵੀਂ ਸਦੀ ਦੇ ਅੰਤ ਤਕ) ਲੋਕ-ਨਾਟਕ ਹੀ ਨਿਭਾਉਂਦਾ ਰਿਹਾ । ਇਸ ਲੰਮੇ ਅਰਸੇ ਦੌਰਾਨ ਲੋਕ ਨਾਟਕ ਦੇ ਕਈ ਰੂਪ ਅਤੇ ਮੰਚਨ ਸ਼ੈਲੀਆਂ ਵਿਕਸਿਤ ਹੋਏ । ਬੇਕੀਆ ਲੋਕ ਨਾਟ ਮੰਡਲੀਆਂ ਤੋਂ ਇਲਾਵਾ ਪੰਜਾਬ ਵਿਚ ਨਕਲੀਆਂ ਅਤੇ ਭੰਡਾਂ ਦੀਆਂ ਕੁਝ ਪੇਸ਼ਾਵਰ ਜਾਤੀਆਂ ਵੀ ਪੈਦਾ ਹੋ ਗਈਆਂ ਜੋ ਵਿਸ਼ੇਸ਼ ਮੌਕਿਆਂ ਉਤੇ ਕਿੱਤੇ ਵਜੋਂ ਨਾਟਕ ਖੇਡਦੀਆਂ ਅਤੇ ਲੋਕਾਂ ਦਾ ਮਨੋਰੰਜਨ ਕਰਦੀਆਂ । ਇਹ ਪਰੰਪਰਾ ਅਜੇ ਤਕ ਵੀ ਕਾਇਮ ਹੈ । ਇਸ ਪਰੰਪਰਾ ਦੀ ਵਿਸਤ੍ਰਿਤ ਅਤੇ ਬਾਰੀਕ ਇਤਿਹਾਸਕਾਰੀ ਦਾ ਕਾਰਜ ਅਕਾਦਮਿਕ ਹਲਕਿਆਂ ਦਾ ਮਸਲਾ ਹੈ । ਇਸ ਪੱਤਰ ਵਿਚ ਮੈਂ ਤਾਂ ਮਹਿਜ਼ ਇਤਨਾ ਆਖਣਾ ਹੈ ਕਿ ਇਤਿਹਾਸਕ ਤੌਰ ਤੇ 'ਪੰਜਾਬ' ਦਾ ਅਰਥ ਪੰਜਾਬੀ ਭਾਸ਼ਾ/ਸਭਿਆਚਾਰ ਹੀ ਨਹੀਂ ਹੈ ਸਗੋਂ ਪੰਜਾਬ ਦੇ ਲੋਕ ਨਾਟਕ ਵਿਚ ਤਾਂ ਸਾਨੂੰ ਪੰਜਾਬੀ ਤੋਂ ਇਲਾਵਾ ਹੋਰ ਭਾਸ਼ਾਵਾਂ ਵਿਚ ਖੇਡਿਆ ਜਾਂਦਾ ਲੋਕ-ਨਾਟਕ ਵੀ ਸ਼ਾਮਿਲ ਕਰਨਾ ਪਵੇਗਾ ਜਿਸ ਦੀ ਕੇਂਦਰੀ

ਥੀਮ, ਸੰਭਵ ਹੈ, ਪੰਜਾਬ ਦੀ ਸੰਸਕ੍ਰਿਤੀ ਦੀ ਤਰਜਮਾਨੀ ਨਾ ਕਰਦਾ ਹੋਵੇ । ਮਿਸਾਲ ਵਜੋਂ ਪੰਜਾਬ ਵਿਚ 'ਰਾਮ ਲੀਲਾ' ਜਾਂ 'ਰਾਸਲੀਲਾ' ਮੁੱਖ ਤੌਰ ਉਤੇ ਹਿੰਦੀ/ਹਿੰਦਵੀ/ਹਿੰਦੁਸਤਾਨੀ ਵਿਚ ਖੇਡੀ ਜਾਂਦੀ ਰਹੀ ਹੈ । ਪੰਜਾਬ ਦੀ ਲੋਕ ਏਕਤਾ ਨੂੰ ਬ੍ਰਾਹਮਣੀ ਸੰਸਕ੍ਰਿਤੀ ਨਾਲ ਜੋੜ ਦੇਣ ਦੀ ਕੋਸ਼ਿਸ਼ ਕਰਦਾ ਇਹ ਨਾਟਕ ਕਿਉਂਕਿ ਪੰਜਾਬ ਦੀ ਧਰਤੀ ਉਤੇ ਪੰਜਾਬੀਆਂ ਦੁਆਰਾ ਪੰਜਾਬ ਦੀ ਵਸੋਂ ਨੂੰ ਦਿਖਾਇਆ ਜਾਂਦਾ ਰਿਹਾ ਹੈ, ਇਸ ਲਈ ਇਸ ਨੂੰ ਪੰਜਾਬ ਦੇ ਲੋਕ ਨਾਟਕ ਦੇ ਇਤਿਹਾਸ ਵਿਚੋਂ ਖਾਰਜ ਨਹੀਂ ਕੀਤਾ ਜਾ ਸਕਦਾ ।

## ਪਹੁੰਚ ਦ੍ਰਿਸ਼ਟੀ

ਪਿਛਲੀਆਂ ਤਿੰਨ ਕੁ ਸਦੀਆਂ ਵਿਚ ਆਧੁਨਿਕ ਵਿਗਿਆਨ ਅਤੇ ਤਕਨੀਕ ਦੀ ਜਿੰਨੀ ਤੇਜ਼ੀ ਨਾਲ ਤਰੱਕੀ ਹੋਈ ਹੈ, ਉਸ ਨੇ ਇਲਾਕਾਈ ਸੰਸਕ੍ਰਿਤੀਆਂ ਨੂੰ ਖੋਰ ਕੇ ਉਨ੍ਹਾਂ ਦੀ ਥਾਂ ਤੇ ਸੰਸਾਰ ਸੰਸਕ੍ਰਿਤੀ ਦੀ ਸਥਾਪਨਾ ਲਈ ਰਾਹ ਮੋਕਲਾ ਕੀਤਾ ਹੈ । ਸਿਰਫ ਇਹੀ ਨਹੀਂ ਇਸ ਨੇ ਮਨੁੱਖ ਦੀ ਮਾਨਸਿਕਤਾ ਨੂੰ ਇਹਲੌਕਿਕ ਵੀ ਬਣਾਇਆ ਹੈ ਤੇ ਜਟਿਲ ਵੀ । ਪਰ ਇਸ ਦਾ ਦੁਖਾਂਤ ਇਹ ਰਿਹਾ ਹੈ ਕਿ ਇਹ ਸਾਮਰਾਜੀ ਪ੍ਰੇਰਣਾਵਾਂ ਅਧੀਨ ਵਿਕਸਿਤ ਹੋਈ ਹੈ । ਇਸ ਦੇ ਸਿੱਟੇ ਵਜੋਂ ਤੀਜੀ ਦੁਨੀਆਂ ਦੇ ਦੇਸ਼ ਪਦਾਰਥਕ ਅਤੇ ਬੌਧਿਕ ਪਛੜੇਵੇਂ ਦੇ ਸ਼ਿਕਾਰ ਬਣ ਰਹੇ ਹਨ । ਇਸ ਨਾਲੋਂ ਵੀ ਵੱਧ ਮਾਯੂਸੀ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਦੇਸ਼ਾਂ ਦੇ ਅਧਿਕਾਰਸ਼ੀਲ ਵਰਗ ਲੋਕਾਂ ਵਾਸਤੇ ਇਸ ਪਛੜੇਵੇਂ ਨੂੰ ਹੀ ਆਦਰਸ਼ ਵਜੋਂ ਪੇਸ਼ ਕਰਦੇ ਰਹੇ ਹਨ । ਵਿਰਸੇ ਦੀ ਸਾਂਭ-ਸੰਭਾਲ ਦੀ ਜਿਹੜੀ ਵਕਾਲਤ ਇਨ੍ਹਾਂ ਧਿਰਾਂ ਵੱਲੋਂ ਕੀਤੀ ਜਾਂਦੀ ਹੈ ਉਹ, ਅਸਲ ਵਿਚ, ਪਛੜੀ ਹੋਈ ਲੋਕਚੇਤਨਾ ਨੂੰ ਥਾਂ ਸਿਰ ਰੱਖਣ ਦੀ ਸੋਚੀ ਸਮਝੀ ਲੋਕ-ਵਿਰੋਧੀ ਸਿਆਸਤ ਹੈ । ਇਹ ਧਿਰਾਂ ਚਾਹ ਹੀ ਨਹੀਂ ਸਕਦੀਆਂ ਕਿ ਲੋਕਾਂ ਵਿਚ ਵੀ ਖਾਣ-ਹੰਢਾਉਣ ਦਾ ਸ਼ੌਕ ਪੈਦਾ ਹੋਵੇ, ਉਨ੍ਹਾਂ ਦੀ ਸ਼ਖਸੀਅਤ ਵਿਚ ਨਿਖਾਰ ਆਵੇ ਜਾਂ ਉਹ ਵੀ ਸੂਖਮ ਸੂਹਜ-ਬੋਧ ਦੇ ਰਾਹੇ ਪੈਣ । ਪੁਰਾਣੀਆਂ ਬੱਦੀਆਂ ਹੋ ਚੁੱਕੀਆਂ ਸੰਸਥਾਵਾਂ, ਕੀਮਤਾਂ ਅਤੇ ਰਹੁ-ਰੀਤਾਂ ਨੂੰ ਕਾਇਮ ਰੱਖਣਾ ਇਨ੍ਹਾਂ ਦੇ ਹਿਤ ਵਿਚ ਜਾਂਦਾ ਹੈ । ਲੋਕ-ਕਲਾ ਦੀ ਸਾਂਭ-ਸੰਭਾਲ ਦੇ ਪਿੱਛੇ ਵੀ ਇਹੀ ਮਨੋਰਥ ਕੰਮ ਕਰਦਾ ਹੈ ।

ਸੋ ਲੋਕ ਨਾਟਕ ਦੀ ਸਾਂਭ ਸੰਭਾਲ ਇਸ ਦੀ ਪੁਨਰ ਸੁਰਜੀਤੀ ਇਹਦਾ ਵਿਗੋਚਾ — ਲੋਕ-ਪੱਖੀ ਦ੍ਰਿਸ਼ਟੀ ਤੋਂ ਤਾਂ ਪੱਖੀ ਨਹੀ ਹੋ ਸਕਦਾ, ਸਥਿਤੀ ਦੀ ਮਜਬੂਰੀ ਜ਼ਰੂਰ ਹੋ ਸਕਦਾ ਹੈ । ਮਿਸਾਲ ਵਜੋਂ ਪੰਜਾਬ ਵਿਚ ਰੰਗ-ਮੰਚੀ ਸਹੂਲਤਾਂ ਦਾ ਵਿਕਾਸ ਅਜੇ ਮੁਢਲੀ ਅਵਸਥਾ ਵਿਚ ਹੈ । ਇਸ ਅਵਸਥਾ ਉਤੇ ਵੀ ਖਾਂਦੇ ਪੀਂਦੇ ਲੋਕਾਂ ਦੀ ਇਜਾਰੇਦਾਰੀ ਹੈ । ਇਸ ਸੂਰਤ ਵਿਚ ਲੋਕ-ਪੱਖੀ ਨਾਟਕਕਾਰਾਂ ਅਤੇ ਰੰਗਮੰਚੀਆਂ ਨੂੰ ਲੋਕ-ਨਾਟਕੀ ਰੀਤੀਆਂ ਦੀ ਵਰਤੋਂ ਰਾਹੀਂ ਹੀ ਆਪਣਾ ਸੁਨੇਹਾ ਲੋਕਾਂ ਤਕ ਪਹੁੰਚਾਉਣਾ ਪਵੇਗਾ । ਹੋਰ ਕੋਈ ਚਾਰਾ ਹੀ ਨਹੀਂ ਹੈ ।



## ਸਮਕਾਲੀ ਸਥਿਤੀ

ਲੋਕ-ਨਾਟਕ ਅਤੇ ਲੋਕ-ਪੱਖੀ ਨਾਟਕ ਦੀ ਸੰਬਾਦਕਤਾ ਨੂੰ ਠੀਕ ਢੰਗ ਨਾਲ ਸਮਝਣ ਵਾਲਾ ਸਮਕਾਲੀ ਨਾਟਕਕਾਰ ਗੁਰਸ਼ਰਨ ਸਿੰਘ ਹੈ । ਉਸ ਨੇ ਪੰਜਾਬੀ ਵਿਚ ਵਿਦਰੋਹੀ ਸਿਆਸੀ ਨਾਟਕ ਦੀ ਸਿਰਜਨਾ ਕੀਤੀ ਅਤੇ ਲੋਕ-ਪੱਖੀ ਸਿਆਸਤ ਤੇ ਪ੍ਰਚਾਰ ਲਈ ਲੋਕ-ਨਾਟਕੀ ਰੀਤੀਆਂ ਨੂੰ ਰੂਪਾਂਤ੍ਰਿਤ ਕਰਕੇ ਵਰਤਿਆ । ਲੋਕਾਂ, ਖਾਸ ਕਰਕੇ ਪੇਂਡੂਆਂ, ਦੀ ਸੂਹਜ-ਚੇਤਨਾ ਦੇ ਪੱਧਰ ਅਨੁਸਾਰ ਉਸਨੇ ਉਨ੍ਹਾਂ ਦੇ ਨਾਟਕੀ ਮੁਹਾਵਰੇ ਵਿਚ ਅਤੇ ਪ੍ਰਾਪਤ ਰੰਗਮੰਚੀ ਪੱਧਰ ਅਨੁਸਾਰ ਨਾਟਕ ਲਿਖੇ ਵੀ ਅਤੇ ਪੇਸ਼ ਵੀ ਕੀਤੇ । ਸੂਖਮਤਾ, ਸ਼ਾਇਸਤਗੀ, ਪ੍ਰਤੀਕਾਤਮਕਤਾ, ਬੌਧਿਕਤਾ ਜਾਂ ਜਟਿਲ ਮਾਨਸਿਕਤਾ ਲੋਕ ਰੰਗ ਮੰਚ ਦੇ ਅਨੁਕੂਲ ਨਾ ਹੋਣ ਕਰਕੇ ਉਸ ਨੇ ਸਾਦਾ ਰੰਗਮੰਚ, ਸੂਤਰਧਾਰ-ਵਿਧੀ, ਉਚਸੁਰੀ ਭਾਵੁਕ ਸ਼ੈਲੀ, ਕਰੜੀ ਤੇ ਚੁਭਵੀਂ ਮਸ਼ਕਰੀ, ਨਾਇਕ-ਖਲਨਾਇਕ ਟਕਰਾਉ ਅਤੇ ਭਾਸ਼ਣੀ ਵਿਧੀ ਵਰਗੀਆਂ ਲੋਕ ਨਾਟਕੀ ਜੁਗਤਾਂ ਤੋਂ ਲੋਕ ਚੇਤਨਾ ਨੂੰ ਪ੍ਰਚੰਡ ਕਰਨ ਦਾ ਕੰਮ ਲਿਆ । ਇਹ ਲੋਕ ਨਾਟਕ ਦਾ ਅਨੁਕਰਨ ਨਹੀਂ, ਰੂਪਾਂਤਣ ਹੈ ਅਤੇ ਹਾਲਾਤ ਦੇ ਤਕਾਜ਼ੇ ਨੂੰ ਪੂਰਾ ਕਰਦਾ ਹੈ ।

ਗੁਰਸ਼ਰਨ ਸਿੰਘ ਨੇ ਰੋਸ਼ਨੀ, ਸੰਗੀਤ, ਮੰਚ-ਸੱਜਾ ਵਰਗੀਆਂ ਸਹੂਲਤਾਂ ਨੂੰ ਤਿਆਗਿਆ ਨਹੀਂ । ਸਗੋਂ ਉਹ ਆਧੁਨਿਕ ਰੰਗਮੰਚੀ ਵਿਧੀਆਂ ਅਤੇ ਤਕਨੀਕੀ ਜੁਗਤਾਂ ਤੋਂ ਪੂਰੀ ਤਰ੍ਹਾਂ ਸੁਚੇਤ ਹੈ । ਪਰ ਉਹ ਇਹ ਵੀ ਜਾਣਦਾ ਹੈ ਕਿ ਇਹ ਸਹੂਲਤਾਂ ਗਿਣਤੀ ਦੇ ਲੋਕਾਂ ਤਕ ਮਹਿਦੂਦ ਹਨ । ਇਸ ਲਈ ਉਹ ਅਜੇਹੀ ਤਕਨੀਕ ਦੀ ਵਰਤੋਂ ਕਰਦਾ ਹੈ । ਜਿਸ ਨਾਲ ਉਹਦਾ ਸੁਨੇਹਾ ਅਵਾਮ ਤਕ ਪਹੁੰਚ ਸਕੇ ।

ਅਜਮੇਰ ਔਲਖ ਗੁਰਸ਼ਰਨ ਸਿੰਘ ਦੀ ਕਲਾ ਦਾ ਦਰੁਸਤ ਵਾਰਸ ਹੈ ਜਿਸ ਨੇ ਆਪਣੇ ਨਾਟਕਾਂ ਵਿਚ ਦਿਸਦੀ ਅਤੇ ਲੁਕਵੀਂ ਹਕੀਕਤ ਨੂੰ ਲੋਕ-ਨਾਟਕੀ ਰੀਤੀਆਂ ਦੀ ਮਦਦ ਨਾਲ ਪੇਸ਼ ਕੀਤਾ । ਇਸ ਪ੍ਰਸੰਗ ਵਿਚ ਆਪਣਾ ਨੁਕਤਾ ਸਪਸ਼ਟ ਕਰਨ ਲਈ ਮੈਂ ਟੋਨੀ ਬਾਤਿਸ਼ ਦੀਆਂ ਅੱਖੀ ਵੇਖੀਆਂ ਪੇਸ਼ਕਾਰੀਆਂ ਦਾ ਜ਼ਿਕਰ ਕਦੇ ਫੇਰ ਕਰਾਂਗਾ ।

ਸਾਰ ਰੂਪ ਵਿਚ ਮੇਰੀ ਧਾਰਨਾ ਇਹ ਹੈ ਕਿ ਸਾਡੇ ਲਈ ਵਿਰਸਾ ਲੋਕ-ਮਾਨਸਿਕਤਾ ਨੂੰ ਸਮਝਣ ਦਾ ਵਸੀਲਾ ਹੋ ਸਕਦਾ ਹੈ, ਇਸ ਦੀਆਂ ਵਿਧੀਆਂ ਦੀ ਵਰਤੋਂ ਸਾਡੀ ਮਜਬੂਰੀ ਵੀ ਹੋ ਸਕਦੀ ਹੈ ਪਰ ਇਸ ਦਾ ਆਦਰਸ਼ੀਕਰਣ ਮਾਨਸਿਕ ਪਛੜੇਵੇਂ ਦੀ ਅਲਾਮਤ ਤੋਂ ਵਧ ਕੁਝ ਨਹੀਂ ਹੋ ਸਕਦਾ । ਆਧੁਨਿਕੀਕਰਣ ਸਾਡਾ ਆਦਰਸ਼ ਹੈ, ਇਸ ਤੋਂ ਬਿਨਾਂ ਅਸੀਂ ਸਾਮਰਾਜੀ ਦਾਸਤਾ ਅਤੇ ਕੁਦਰਤ ਦੀ ਗੁਲਾਮੀ ਤੋਂ ਆਪਣੇ ਲੋਕਾਂ ਨੂੰ ਨਿਜਾਤ ਨਹੀਂ ਦੁਆ ਸਕਦੇ । ਇਸ ਪੱਖੋਂ ਜਿਹੜੇ ਨਾਟਕਕਾਰ-ਰੰਗਕਰਮੀ ਆਧੁਨਿਕ ਨਾਟਕੀ ਤਕਨੀਕ ਦੀ ਵਰਤੋਂ ਕਰ ਰਹੇ ਹਨ, ਉਹ ਵੀ ਸਾਰਥਕ ਭੂਮਿਕਾ ਨਿਭਾ ਰਹੇ ਹਨ । ਇਸ ਪ੍ਰਸੰਗ ਵਿਚ ਆਤਮਜੀਤ ਦੇ ਨਾਟਕਾਂ ਦੀ ਮਿਸਾਲ ਲਈ ਜਾ

ਸਕਦੀ ਹੈ। ਲੋਕ-ਨਾਟਕ ਦੇ ਸਮਵਿੱਥ ਆਤਮਜੀਤ ਅਤੇ ਉਸ ਦੇ ਸਮਕਾਲੀ ਹੋਰ ਨਾਟਕਕਾਰ ਜਿਹੜੀ ਆਧੁਨਿਕ ਨਾਟਕ ਲਹਿਰ ਦੀ ਉਸਾਰੀ ਕਰ ਰਹੇ ਹਨ ਉਹ ਨਾ ਅਤੀਤਮੁਖੀ ਹੈ, ਨਾ ਆਧੁਨਿਕਵਾਦੀ। ਇਸ ਵਿਚ ਹੀ ਇਸ ਲਹਿਰ ਦੀ ਪ੍ਰਸੰਸਾਯੋਗ ਪ੍ਰਾਪਤੀ ਹੈ। ਇਉ ਸੰਖੇਪ ਵਿਚ ਕਿਹਾ ਜਾ ਸਕਦਾ ਹੈ : 1. ਲੋਕ ਨਾਟਕ ਸਾਡਾ ਅਤੀਤ ਹੈ, ਵਰਤਮਾਨ ਜਾਂ ਭਵਿੱਖ ਨਹੀਂ। 2. ਅਸੀਂ ਆਧੁਨਿਕ ਨਾਟਕ ਦਾ ਵਿਕਾਸ ਕਰਨਾ ਹੈ ਤਾਂ ਜੋ ਆਧੁਨਿਕ ਸਾਂਸਕ੍ਰਿਤਿਕ ਸਿਰਜਨਾਵਾਂ ਉਨ੍ਹਾਂ ਦੇ ਸਿਰਜਨਹਾਰਿਆਂ ਤਕ ਪਹੁੰਚ ਸਕਣ। ਢਾਰਾ-ਕਲਚਰ ਨੂੰ ਢਾਹ ਕੇ ਕੋਠੀ-ਕਲਚਰ ਦੀਆਂ ਸਹੂਲਤਾਂ ਲੋਕਾਂ ਤਕ ਪਹੁੰਚਾਉਣ ਲਈ ਸਾਨੂੰ ਲੋਕ ਚੇਤਨਾ ਦੇ ਪਛੇੜਵੇਂ ਨੂੰ ਧਿਆਨ ਵਿਚ ਰਖਦਿਆਂ ਲੋਕ-ਨਾਟਕ ਦੀਆਂ ਰੀਤੀਆਂ ਤੋਂ ਕੰਮ ਲੈਣਾ ਪਵੇਗਾ।

—0—

## ਬਾਬਾ ਬਰੈਖ਼ਤ ਨੇ ਕਿਹਾ ਸੀ

### ਐਪਿਕ ਥੀਏਟਰ ਅਤੇ ਉਸ ਦੀਆਂ ਮੁਸ਼ਕਲਾਂ

ਅਨੁ: ਸੁਖਦੇਵ ਸਿੰਘ

ਜਿਹੜਾ ਥਿਏਟਰ ਨਵੇਂ ਨਾਟਕਾਂ ਵਿਚੋਂ ਕਿਸੇ ਇਕ ਨਾਟਕ ਨੂੰ ਖੇਡਣ ਦਾ ਗੰਭੀਰ ਯਤਨ ਕਰਦਾ ਹੈ, ਉਹ ਆਪਣੇ ਖ਼ਮੀਰ ਵਿਚ ਬੁਨਿਆਦੀ ਪਰਿਵਰਤਨ ਦਾ ਖਤਰਾ ਸਹੇੜਦਾ ਹੈ। ਦਰਸ਼ਕ ਕੀ ਵੇਖਦੇ ਹਨ ? ਅਸਲ ਵਿਚ ਥੀਏਟਰ ਅਤੇ ਨਾਟਕ ਵਿਚਲਾ ਸੰਘਰਸ਼ ; ਇਕ ਅਜੇਹਾ ਅਕਾਦਮਿਕ ਪ੍ਰਯਤਨ ਜਿਸ ਵਿਚ ਥੀਏਟਰ ਦੀ ਸ਼ਕਤੀਵਰ ਰੂਪ ਵਿਚ ਮੁੜ-ਬਹਾਲੀ ਦੀ ਪ੍ਰਕਿਰਿਆ 'ਚ ਦਿਲਚਸਪੀ ਪੈਦਾ ਹੁੰਦੀ ਹੈ, ਇਸ ਸਾਰੇ ਅਮਲ ਵਿਚ ਦੇਖਣਾ ਇਹ ਹੁੰਦਾ ਹੈ ਕਿ ਕੀ ਥੀਏਟਰ ਇਸ ਘਾਤਕ ਟਕਰਾਉ ਵਿਚੋਂ ਵਿਜੈਈ ਜਾਂ ਜੇਤੂ ਹੋ ਕੇ ਉਭਰਦਾ ਹੈ ? ਮੋਟੇ ਤੌਰ ਤੇ ਕਿਹਾ ਜਾ ਸਕਦਾ ਕਿ ਥੀਏਟਰ ਕੇਵਲ ਤਾਂ ਹੀ ਨਾਟਕ ਉਪਰ ਵਿਜੈਈ ਹੋਕੇ ਉਭਰ ਸਕਦਾ ਹੈ, ਜੇਕਰ ਉਹ ਨਾਟਕ ਦੁਆਰਾ ਉਸਨੂੰ ਸੰਪੂਰਨ ਰੂਪ ਵਿਚ ਰੁਪਾਂਤ-ਰਿਤ ਕੀਤੇ ਜਾਣ ਦੇ ਖਤਰੇ ਤੋਂ ਬਚਾਉ ਦਾ ਰਾਹ ਲੱਭਦਾ ਹੈ – ਜਿਵੇਂ ਕਿ ਅਜੋਕਾ ਥੀਏਟਰ ਅਜਿਹਾ ਕਰਨ ਵਿਚ ਲਗਭਗ ਹਮੇਸ਼ਾਂ ਸਫ਼ਲ ਹੋ ਰਿਹਾ ਹੈ। ਇਸ ਸਮੇਂ ਫੈਸਲਾਕੁਨ ਤੱਤ ਨਾਟਕ ਦਾ ਦਰਸ਼ਕ ਉਪਰ ਪ੍ਰਭਾਵ ਨਹੀਂ, ਪਰੰਤੂ ਨਾਟਕ ਦਾ ਥੀਏਟਰ ਉਪਰ ਪ੍ਰਭਾਵ ਹੈ।

ਇਹ ਸਥਿਤੀ ਓਨੀ ਦੇਰ ਤਕ ਰਹੇਗੀ, ਜਿੰਨੀ ਦੇਰ ਤਕ ਸਾਡੇ ਥੀਏਟਰ ਨਾਟਕੀ-ਪ੍ਰਸਤੁਤੀ ਦੀ ਉਸ ਸ਼ੈਲੀ ਦੀ ਤਲਾਸ਼ ਨਹੀਂ ਕਰ ਲੈਂਦੇ, ਜੋ ਸਾਡੇ ਅਜੋਕੇ ਨਾਟਕਾਂ ਲਈ ਅਨਿਵਾਰੀ ਅਤੇ ਢੁਕਵੀਂ ਹੈ। ਇਸ ਦਾ ਇਹ ਉੱਤਰ ਉਚਿਤ ਨਹੀਂ ਹੋਵੇਗਾ ਕਿ ਅਜੋਕੇ ਥੀਏਟਰ ਨਵੇਂ ਨਾਟਕਾਂ ਦੀ ਪ੍ਰਸਤੁਤੀ (ਮੰਚਣ) ਲਈ ਠੀਕ ਉਸੇ ਤਰ੍ਹਾਂ ਕਿਸੇ ਵਿਸ਼ੇਸ਼ ਸ਼ੈਲੀ ਦੀ ਘਾੜਤ ਘੜ ਲੈਣ, ਜਿਸ ਤਰ੍ਹਾਂ ਸ਼ੇਕਸਪੀਅਰ ਦੇ ਨਾਟਕਾਂ ਦੀ ਮੰਚੀ ਪ੍ਰਸਤੁਤੀ ਲਈ ਤਥਾ ਕਥਿਤ ਮਿਊਨਿਖ ਸ਼ੇਕਸਪੀਅਰੀਅਨ (Munich Shakes-



pearean) ਸਟੇਜ ਈਜਾਦ ਹੋਈ ਸੀ, ਅਜੋਕੇ ਥੀਏਟਰ ਨੂੰ ਅਜੇਹੀ ਮੰਚ-ਸ਼ੈਲੀ ਦੀ ਸਿਰਜਣਾ ਕਰਨੀ ਪਵੇਗੀ ਜੋ ਉਸ ਸਮੁੱਚੇ ਥੀਏਟਰੀ ਨਾਟ-ਭੰਡਾਰ ਨੂੰ ਨਵੀਂ ਸ਼ਕਤੀ ਪ੍ਰਦਾਨ ਕਰ ਸਕੇ, ਜੋ ਅੱਜ ਵੀ ਜੀਵਨ ਲਈ ਅਰਥ-ਭਰਪੂਰ ਹੈ।

ਇਹ ਸਪਸ਼ਟ ਹੈ ਕਿ ਥੀਏਟਰ ਦੇ ਖ਼ਮੀਰ (ਸਾਰ) ਵਿਚਲਾ ਬੁਨਿਆਦੀ ਰੂਪਾਂਤਰਣ ਕਿਸੇ ਰਚਨਾਤਮਕ-ਖ਼ਬਤ ਦਾ ਸਿੱਟਾ ਨਹੀਂ ਹੋ ਸਕਦਾ। ਇਹ ਸਾਡੇ ਯੁੱਗ ਦੀ ਮਾਨਸਿ-ਕਤਾ ਦੇ ਸਮੁੱਚੇ ਮੂਲ ਭੂਤ ਰੂਪਾਂਤਰਣ ਦੇ ਅਨੁਰੂਪ ਇਕ ਹੁੰਗਾਰਾ ਹੈ। ਅਜੋਕੀ ਮਾਨ-ਸਿਕਤਾ ਦੇ ਇਸ ਰੂਪਾਂਤਰਣ ਦੇ ਇਹ ਚਿੰਨ੍ਹ ਕਾਫ਼ੀ ਜਾਣੇ-ਪਛਾਣੇ ਹਨ ਅਤੇ ਕੁਝ ਹੱਦ ਤਕ ਇਹਨਾਂ ਨੂੰ ਸਭਿਆਚਾਰਕ ਵਿਗਾੜ ਦੀ ਅਲਾਮਤ ਸਮਝਿਆ ਜਾਂਦਾ ਹੈ। ਅਜੇਹਾ ਸਮਝਣਾ ਕੁਝ ਹੱਦ ਤਕ ਉਚਿਤ ਵੀ ਹੈ, ਕਿਉਂਕਿ ਰੂਪਾਂਤਰਣ ਦੀ ਇਸ ਪ੍ਰਕਿਰਿਆ ਵਿਚ ਪਹਿਲੇ-ਪਹਿਲ ਮਨੁੱਖ ਨੂੰ, ਨਿਸ਼ਚੇ ਹੀ ਜੋ ਕੁਝ ਵੀ ਪੁਰਾਣਾ ਹੈ, ਉਸਦੇ ਪਤਨ ਦੇ ਚਿੰਨ੍ਹ ਹੀ ਦਿਖਾਈ ਦਿੰਦੇ ਹਨ। ਪਰੰਤੂ ਅਜੇਹੇ ਵਰਤਾਰਿਆਂ ਨੂੰ ਸਾਡੇ ਪੁਰਾਣੇ ਸਭਿਆ-ਚਾਰਕ ਪਰਪੰਚ ਵਿਚ ਅਸਲੋਂ ਨਵੇਂ ਮਨੋ-ਵਤੀਰੇ ਦੇ ਪ੍ਰਭਾਵਾਂ ਦੀ ਪ੍ਰੇਰਨਾ ਦੇ ਅਮਲ ਦੁਆਰਾ ਵਾਪਰੀਆਂ ਘਾਤਕ ਤਬਦੀਲੀਆਂ ਵਜੋਂ ਦੇਖਣਾ ਵੀ ਗਲਤ ਹੋਵੇਗਾ। ਨਵੇਂ ਵਿਚਾਰਾਂ ਪ੍ਰਤੀ ਇਸ ਤਰ੍ਹਾਂ ਦਾ ਵਤੀਰਾ ਧਾਰਨ ਕਰਨਾ ਕਿ ਜਿਵੇਂ ਉਹ ਵਿਚਾਰ ਅਤੇ ਮਨੋ-ਵਰਤਾਰਾ ਨਾ ਹੋਣ, ਅਤੇ ਉਹਨਾਂ ਦੇ ਵਿਰੋਧ ਵਿਚ ਥੀਏਟਰ ਨੂੰ ਮਨ ਦੀ ਓਟ ਦੇ ਰੂਪ ਵਿਚ ਉਸਾਰਨ ਦਾ ਯਤਨ ਕਰਨਾ ਇਹ ਵੀ ਗਲਤ ਹੋਵੇਗਾ। ਇਸ ਦੇ ਉਲਟ ਸਹੀ ਮਾਹਨਿਆਂ ਵਿਚ ਇਹ ਥੀਏਟਰ, ਕਲਾ ਅਤੇ ਸਾਹਿਤ ਹੀ ਹਨ, ਜਿਨ੍ਹਾਂ ਨੇ ਸਾਡੇ ਯੁੱਗ ਦੀ ਜੀਵਨ-ਜਾਚ (ਸਾਰ) ਦੇ ਠੋਸ, ਅਸਲੀ ਪੁਨਰ-ਵਿਵਸਥਾਪਨ ਵਾਸਤੇ 'ਵਿਚਾਰ-ਧਾਰਕ ਪਰਉਸਾਰ' ਦੀ ਸਿਰਜਣਾ ਕਰਨੀ ਹੁੰਦੀ ਹੈ।

ਨਾਟ-ਸਿਰਜਨਾ ਦੇ ਨਵੀਨ ਸਕੂਲ ਨੇ ਆਪਣੀਆਂ ਲਿਖਤਾਂ ਵਿਚ ਇਹ ਸਥਾਪਤ ਕੀਤਾ ਹੈ ਕਿ ਐਪਿਕ ਥੀਏਟਰ ਸਾਡੇ ਅਜੋਕੇ ਯੁੱਗ ਦੀ ਥੀਏਟਰੀ-ਸ਼ੈਲੀ ਹੈ। ਐਪਿਕ ਥੀਏਟਰ ਦੇ ਸਿਧਾਂਤਾਂ ਦੀਆਂ ਕੁਝ ਕੁ ਚਲੰਤ-ਉਕਤੀਆਂ ਵਿਚ ਵਿਆਖਿਆ ਸੰਭਵ ਨਹੀਂ। ਇਹਨਾਂ (ਸਿਧਾਂਤਾਂ) ਵਿਚੋਂ ਅਜੇ ਵੀ ਬਹੁਤਿਆਂ ਨੂੰ ਵਿਸਥਾਰ ਪੂਰਬਕ ਢੰਗ ਨਾਲ ਸੁਲਝਾਉਣ ਦੀ ਜ਼ਰੂਰਤ ਹੈ ਅਤੇ ਇਹਨਾਂ ਇਹਨਾਂ ਵਿਚ ਅਦਾਕਾਰ, ਮੰਚ-ਤਕਨੀਕ, ਨਾਟ-ਕਲਾ, ਮੰਚ-ਸੰਗੀਤ, ਪਰਦਿਆਂ ਦੀ ਵਰਤੋਂ ਆਦਿ ਦੇ ਯੋਗਦਾਨ ਨੂੰ ਸ਼ਾਮਲ ਕਰਨ ਦੀ ਵੀ ਜ਼ਰੂਰਤ ਹੈ। ਐਪਿਕ ਥੀਏਟਰ ਦਾ ਸਾਰ-ਤੱਤ ਸ਼ਾਇਦ ਇਹ ਨੁਕਤਾ ਹੈ ਹੈ ਕਿ ਇਹ ਦਰਸ਼ਕ ਦੇ ਜਜ਼ਬਿਆਂ ਨਾਲੋਂ ਉਸਦੇ ਵਿਵੇਕ ਨੂੰ ਵਧੇਰੇ ਪ੍ਰਭਾਵਿਤ ਕਰਦਾ ਹੈ। ਐਪਿਕ ਥੀਏਟਰ ਦਾ ਦਰਸ਼ਕ ਕਿਸੇ ਅਨੁਭਵ ਨੂੰ ਸਾਂਝਾ ਕਰਨ ਦੀ ਬਜਾਏ ਪੇਸ਼ ਵਾਸਤਵਿਕਤਾ (ਵਸਤੂਆਂ) ਨੂੰ ਵਧੇਰੇ ਸ਼ਿੱਦਤ ਨਾਲ ਮਹਿਸੂਸ ਕਰਦਾ ਹੈ। ਫਿਰ ਵੀ ਇਸ ਕਿਸਮ ਦੇ ਥੀਏਟਰ ਵਿਚ ਜਜ਼ਬਿਆਂ ਤੋਂ ਮੁਨਕਰ ਹੋਣ ਦਾ ਯਤਨ ਕਰਨਾ ਅਸਲੋਂ ਗਲਤ ਹੋਵੇਗਾ। ਇਹ ਆਧੁਨਿਕ ਵਿਗਿਆਨ ਲਈ ਮਨੁੱਖੀ ਜਜ਼ਬੇ ਦੇ ਮਹੱਤਵ ਤੋਂ ਮੁਨਕਰ ਹੋਣ ਦੇ ਯਤਨ ਵਰਗੀ ਭੁੱਲ ਹੋਵੇਗੀ।

## ਐਪਿਕ ਥੀਏਟਰ ਦਾ ਮੂਲ ਮਾਡਲ : ਗਲੀ ਦਾ ਦ੍ਰਿਸ਼

ਵਿਸ਼ਵ ਯੁੱਧ ਤੋਂ ਦਹਾਕਾ ਡੇਢ ਦਹਾਕਾ ਬਾਅਦ ਜਰਮਨੀ ਦੇ ਅਨੇਕ ਨਾਟ-ਘਰਾਂ ਵਿਚ ਅਦਾਕਾਰੀ ਦੇ ਇਕ ਅਸਲੋਂ ਨਵੇਂ ਅੰਦਾਜ਼ ਦੀ ਅਜ਼ਮਾਇਸ਼ ਹੋਣ ਲਗੀ । ਇਸ ਦੇ ਸਪਸ਼ਟ ਵਰਣਨ ਅਤੇ ਸੂਚਨਾ ਪਰਕ ਵਿਧੀ ਦੇ ਪ੍ਰਯੋਗ ਜਿਹੇ ਗੁਣਾਂ ਅਤੇ ਇਸ ਦੁਆਰਾ ਸਮੂਹ-ਗਾਣ (ਕੋਰਸ) ਅਤੇ ਫਿਲਮ ਜਾਂ ਪੋਸਟਰਾਂ ਆਦਿ ਦੀ ਪਰੋਜੈਕਸ਼ਨ ਦੀ ਸਮੀਖਿਆ ਟਿੱਪਣੀ ਵਜੋਂ ਵਰਤੋਂ ਦੇ ਪ੍ਰਯੋਗ ਕਾਰਨ ਇਸ ਨਵੀਂ ਥੀਏਟਰੀ ਸ਼ੈਲੀ ਦਾ ਨਾਂ 'ਐਪਿਕ ਥੀਏਟਰ' ਪੈ ਗਿਆ । ਅਦਾਕਾਰ ਦੁਆਰਾ ਨਿਭਾਏ ਗਏ ਕਿਰਦਾਰ ਨਾਲੋਂ ਵਿੱਥ ਸਥਾਪਿਤ ਕਰਨ ਵਾਸਤੇ ਕੁਝ ਕੁ ਜਟਿਲ ਤਕਨੀਕਾਂ ਦੀ ਵਰਤੋਂ ਕੀਤੀ ਜਾਣ ਲਗੀ, ਉਸਨੇ ਦਰਸ਼ਕ ਨੂੰ ਨਾਟਕੀ-ਦ੍ਰਿਸ਼ ਨੂੰ ਅਜੇਹੇ ਕੋਣ ਤੋਂ ਦੇਖਣ ਲਈ, ਜਿਸ ਨਾਲ ਉਹ ਉਸਦੇ ਵਿਵੇਚਨ ਦਾ ਲਾਲਸੀ ਦ੍ਰਿਸ਼ਾ ਬਣਨ ਲਗਾ । ਐਪਿਕ ਥੀਏਟਰ ਦੇ ਸਮਰਥਕ ਇਹ ਦਲੀਲ ਦਿੰਦੇ ਹਨ ਕਿ ਇਸ ਵਿਧੀ ਰਾਹੀਂ ਨਵੇਂ ਵਿਸ਼ੇ-ਵਸਤੂ; ਅਰਥਾਤ ਵਰਗ ਸੰਘਰਸ਼ ਦੇ ਅਤਿਅੰਤ ਪੇਚੀਦਾ ਘਟਨਾ-ਕ੍ਰਮ ਅਤੇ ਉਸ ਦੇ ਅਤਿ ਗੰਭੀਰ ਅਤੇ ਅਤਿਅੰਤ ਭਿਅੰਕਰ ਸਰੂਪ ਨੂੰ ਆਸਾਨੀ ਨਾਲ ਨਿਯੰਤ੍ਰਤ ਕੀਤਾ ਜਾ ਸਕਦਾ ਹੈ । ਇਸ ਤਰ੍ਹਾਂ ਸਮਾਜਕ ਪ੍ਰਕਿਰਿਆ ਦੇ ਅਮਲ ਨੂੰ ਉਸੇ ਤਰ੍ਹਾਂ ਰੂਪਮਾਨ ਕਰਨਾ ਸੰਭਵ ਹੋ ਸਕੇਗਾ, ਜਿਸ ਤਰ੍ਹਾਂ ਉਹ ਆਪਣੇ ਕਾਰਣ-ਕਾਰਜੀ ਸੰਬੰਧਾਂ ਵਿਚ ਨਜ਼ਰ ਆਉਂਦਾ ਹੈ ।

ਐਪਿਕ ਥੀਏਟਰ ਦੇ ਨਮੂਨੇ ਵਜੋਂ ਬੁਨਿਆਦੀ 'ਮਾਡਲ' ਪੇਸ਼ ਕਰਨਾ ਕਾਫੀ ਸੌਖਾ ਕੰਮ ਹੈ । ਵਿਹਾਰਕ ਪ੍ਰਯੋਗਾਂ ਲਈ ਮੈਂ ਅਕਸਰ ਬਹੁਤ ਹੀ ਸਧਾਰਨ, ਸੁਭਾਵਿਕ ਐਪਿਕ ਥੀਏਟਰ ਦੀ ਉਦਾਹਰਨ ਵਜੋਂ ਕਿਸੇ ਵੀ ਗਲੀ ਦੇ ਨੁੱਕਰ ਤੇ ਵਾਪਰੀ ਘਟਨਾ ਨੂੰ ਚੁਣਦਾ ਹਾਂ । ਦੁਰਘਟਨਾ ਕਿਵੇਂ ਵਾਪਰੀ ? ਇਕ ਚਸ਼ਮਦੀਦ ਗਵਾਹ ਲੋਕਾਂ ਤੇ ਇੱਕਠ ਅੱਗੇ ਉਸਦਾ ਪ੍ਰਦਰਸ਼ਨ ਕਰਦਾ ਹੈ । ਕੀ ਵਾਪਰਿਆ ਹੈ ਉਥੇ ਖੜੋਤੇ ਤਮਾਸ਼ਬੀਨਾਂ ਨੇ ਸ਼ਾਇਦ ਇਹ ਨਾ ਨੋਟ ਕੀਤਾ ਹੋਵੇ, ਜਾਂ ਉਹ ਘਟਨਾ ਦਾ ਵੇਰਵਾ ਦੇਣ ਵਾਲੇ ਨਾਲ ਸਹਿਮਤ ਨਾ ਹੋਣ, ਉਹ ਵਾਸਤਵਿਕਤਾ ਨੂੰ ਕਿਸੇ ਹੋਰ ਦ੍ਰਿਸ਼ਟੀ ਤੋਂ ਦੇਖਦੇ ਹੋਣ; ਮਹੱਤਵਪੂਰਨ ਨੁਕਤਾ ਇਹ ਹੈ ਕਿ ਘਟਨਾ ਦਾ ਬਿਆਨ ਕਰਨ ਵਾਲਾ ਡਰਾਈਵਰ ਜਾਂ ਦੁਰਘਟਨਾ ਦਾ ਸ਼ਿਕਾਰ ਹੋਣੇ ਵਾਲੇ ਬੰਦੇ ਜਾਂ ਉਹਨਾਂ ਦੋਹਾਂ ਦੇ ਵਿਵਹਾਰ ਨੂੰ ਇੰਜ ਨਿਭਾਉਂਦਾ ਹੈ ਕਿ ਉਥੇ ਖੜਤੇ ਤਮਾਸ਼ਬੀਨ ਵੀ ਉਸ ਦੁਰਘਟਨਾ ਬਾਰੇ ਆਪਣੀ ਸੁਤੰਤਰ ਰਾਇ ਬਣਾਉਣ ਦੇ ਯੋਗ ਹੋ ਜਾਂਦੇ ਹਨ ।

ਅਤਿਅੰਤ ਸਾਦਾ ਕਿਸਮ ਦੇ ਐਪਿਕ ਥੀਏਟਰ ਦੀ ਇਹ ਉਦਾਹਰਨ ਸਮਝਣੀ ਸੌਖੀ ਲਗਦੀ ਹੈ । ਫਿਰ ਵੀ ਤਜਰਬਾ ਇਹ ਦਸਦਾ ਹੈ ਕਿ ਜਦੋਂ ਗਲੀ ਦੀ ਨੁੱਕਰ ਤੇ ਘਟਿਤ ਹੋਣ ਵਾਲੇ ਅਜੇਹੇ ਪ੍ਰਦਰਸ਼ਨ ਨੂੰ ਅਜੋਕੇ ਵਿਗਿਆਨਕ ਯੁੱਗ ਦੀ ਮਹੱਤਵਪੂਰਨ ਥੀਏਟਰੀ ਵਿਧਾ ਵਜੋਂ ਪ੍ਰਵਾਨ ਕਰਦੇ ਹੋਏ ਇਸ ਦੀਆਂ ਮੁਸ਼ਕਲਾਂ/ਉਲਝਣਾਂ ਨੂੰ ਸਮਝਣ ਲਈ ਕਿਹਾ ਜਾਂਦਾ ਹੈ ਤਾਂ ਇਹ ਪਾਠਕਾਂ ਜਾਂ ਸਰੋਤਿਆਂ ਲਈ ਹੈਰਾਨ ਕਰ ਦੇਣ ਵਾਲੀਆਂ ਮੁਸ਼ਕਲਾਂ ਪੈਦਾ ਕਰਦਾ ਹੈ । ਨਿਰਸੰਦੇਹ, ਇਸਦਾ ਭਾਵ ਇਹ ਹੈ ਕਿ ਭਾਵੇਂ ਐਪਿਕ



ਥੀਏਟਰ ਹਰ ਪੱਖੋਂ ਵਧੇਰੇ ਭਰਪੂਰ, ਵਧੇਰੇ ਪੇਚੀਦਾ ਅਤੇ ਜਟਿਲ ਨਜ਼ਰ ਆਉਂਦਾ ਹੈ ਫੇਰ ਵੀ ਪ੍ਰਮੁੱਖ ਥੀਏਟਰ ਬਣਨ ਵਾਸਤੇ ਇਸਨੂੰ ਅਸਲ ਵਿਚ ਗਲੀ ਦੀ ਨੁੱਕਰ ਤੇ ਘਟਿਤ ਹੋਣ ਵਾਲੇ ਉਸ ਪ੍ਰਦਰਸ਼ਨ ਦੇ ਤੱਤਾਂ ਨੂੰ ਹਾਸਲ ਕਰਨਾ ਪਏਗਾ । ਨੁੱਕੜ-ਪ੍ਰਦਰਸ਼ਨ ਦੇ ਇਹਨਾਂ ਪ੍ਰਮੁੱਖ ਤੱਤਾਂ ਵਿਚੋਂ ਕਿਸੇ ਦੀ ਵੀ ਅਣਹੋਂਦ ਵਿਚ ਇਸ ਨੂੰ ਐਪਿਕ ਥੀਏਟਰ ਨਹੀਂ ਕਿਹਾ ਜਾ ਸਕੇਗਾ । ਜਿੰਨੀ ਦੇਰ ਤਕ ਇਸ ਤੱਥ ਨੂੰ ਨਹੀਂ ਸਮਝਿਆ ਜਾਂਦਾ ਓਨੀ ਦੇਰ ਤੱਕ ਇਸਦੇ ਸੰਭਾਵੀ ਸਰੂਪ ਨੂੰ ਸਮਝਣਾ ਸੱਚਮੁੱਚ ਅਸੰਭਵ ਹੋਵੇਗਾ । ਗਲੀ ਦੀ ਨੁੱਕਰ ਤੇ ਘਟਿਤ ਹੋਣ ਵਾਲਾ ਇਸ ਕਿਸਮ ਦਾ ਪ੍ਰਦਰਸ਼ਨ ਐਪਿਕ ਥੀਏਟਰ ਲਈ ਤਸੱਲੀ ਬਖਸ਼ ਬੁਨਿਆਦੀ ਮਾਡਲ ਦਾ ਕੰਮ ਸਾਰ ਸਕਦਾ ਹੈ - ਜਿੰਨੀ ਦੇਰ ਤਕ ਇਸ ਸੁਝਾਅ ਦੀ ਨਵੀਨਤਾ, ਵਿਲੱਖਣਤਾ, ਇਸਦੇ ਓਭੜਪਣ ਅਤੇ ਇਸਦੀ ਸਮੀਖਿਆਤਮਕ ਯੋਗਤਾ ਦੀ ਸਿੱਧੀ ਚੁਣੌਤੀ ਨੂੰ ਸਮਝਿਆ ਨਹੀਂ ਜਾਂਦਾ, ਉਨੀ ਦੇਰ ਤੱਕ ਇਸਦੇ ਸੰਭਾਵੀ ਸਰੂਪ ਨੂੰ ਸੱਚਮੁੱਚ ਨਹੀਂ ਸਮਝਿਆ ਜਾ ਸਕਦਾ ।

ਫਰਜ਼ ਕਰੋ ਇਹ ਘਟਨਾ ਕਲਾਤਮਕ ਪ੍ਰਦਰਸ਼ਨ ਤੋਂ ਸਪਸ਼ਟ ਤੌਰ ਤੇ ਬਹੁਤ ਵੱਖਰੀ ਹੈ । ਇਸ ਹਾਦਸੇ ਦਾ ਨਿਰੂਪਣ (ਪ੍ਰਦਰਸ਼ਨ) ਕਰਨ ਵਾਲੇ ਆਦਮੀ ਦਾ ਕਲਾਕਾਰ ਹੋਣਾ ਜ਼ਰੂਰੀ ਨਹੀਂ । ਆਪਣੇ ਮੰਤਵ ਦੀ ਪੂਰਤੀ ਲਈ ਉਸ ਨੂੰ ਜਿਸ ਯੋਗਤਾ ਦੀ ਜ਼ਰੂਰਤ ਹੈ ਉਹ ਅਸਲ ਵਿਚ ਸਰਵ-ਸਾਂਝੀ ਮਨੁੱਖੀ ਯੋਗਤਾ ਹੈ । ਫਰਜ਼ ਕਰੋ ਉਹ ਹਾਦਸੇ ਦਾ ਸ਼ਿਕਾਰ ਹੋਏ ਵਿਅਕਤੀ ਦੀਆਂ ਕੁਝ ਕੁ ਖਾਸ ਅਦਾਵਾਂ ਨੂੰ ਪੂਰੀ ਤੇਜ਼ੀ ਨਾਲ ਨਹੀਂ ਨਿਭਾ ਸਕਦਾ, ਜਿਸ ਦਾ ਕਿ ਉਹ ਅਨੁਕਰਣ ਕਰ ਰਿਹਾ ਹੈ; ਉਸ ਦੇ ਪ੍ਰਦਰਸ਼ਨ ਦੀ ਜ਼ਰੂਰਤ ਸਿਰਫ ਏਨੀ ਹੈ ਕਿ ਉਹ ਆਦਮੀ ਤੇਜ਼ੀ ਨਾਲ ਤਿੰਨ ਵਾਰ ਇਧਰ-ਉਧਰ ਹੋ ਜਾਵੇ, ਇਸ ਨਾਲ ਉਸਦੇ ਪ੍ਰਦਰਸ਼ਨ ਨੂੰ ਬੁਨਿਆਦੀ ਤੌਰ ਤੇ ਕੋਈ ਨੁਕਸਾਨ ਨਹੀਂ ਹੋਵੇਗਾ । ਇਸ ਦੇ ਵਿਪਰੀਤ ਇਹ ਜ਼ਰੂਰੀ ਹੈ ਕਿ ਉਹ ਅਸਲੋਂ ਮੁਕੰਮਲ (ਸੰਪੂਰਨ) ਨਾ ਹੋਵੇ । ਜੇਕਰ ਉਥੇ ਖੜੋਤੇ ਤਮਾਸ਼ਬੀਨਾਂ ਦਾ ਧਿਆਨ ਉਸਦੀ ਰੂਪਾਂਤਰਣ ਦੀ ਯੋਗਤਾ ਵਲ ਚਲਾ ਜਾਵੇਗਾ ਤਾਂ ਉਸ ਦਾ ਪ੍ਰਦਰਸ਼ਨ ਵਿਗੜ ਜਾਏਗਾ । ਉਸਨੂੰ ਆਪਣੇ ਆਪ ਨੂੰ ਇਸ ਰੂਪ ਵਿਚ ਪੇਸ਼ ਕਰਨ ਤੋਂ ਹਟਕਣਾ ਪਏਗਾ ਕਿ ਉਥੇ ਖਲੋਤਾ ਕੋਈ ਇਹ ਕਹਿ ਉਠੇ ਕਿ 'ਵਾਹ ! ਇਕ ਪੇਸ਼ਾਵਰ ਡਰਾਈਵਰ ਦਾ ਕਿੰਨਾ ਸੁਭਾਵਿਕ ਚਿਤਰਣ ਹੈ ।' ਉਸਨੂੰ ਕਿਸੇ ਉਪਰ ਵੀ ਆਪਣਾ ਜਾਦੂਮਈ ਪ੍ਰਭਾਵ ਨਹੀਂ ਛੱਡਣਾ ਚਾਹੀਦਾ । ਉਸਨੂੰ ਲੋਕਾਂ ਨੂੰ ਸਧਾਰਨ ਅਵਸਥਾ ਵਿਚੋਂ 'ਉਚੇਰੇ ਮੰਡਲ' ਵਿਚ ਨਹੀਂ ਲਿਜਾਣਾ ਚਾਹੀਦਾ । ਸੁਝਾਓ ਦੀਆਂ ਵਿਸ਼ੇਸ਼ ਸ਼ਕਤੀਆਂ ਵਿਚੋਂ ਉਸ ਨੂੰ ਕਿਸੇ ਨੂੰ ਵੀ ਨਹੀਂ ਵਰਤਣਾ ਚਾਹੀਦਾ ।

ਸਧਾਰਨ ਥੀਏਟਰ ਦੇ ਜਿਸ ਇਕ ਪ੍ਰਮੁੱਖ ਲੱਛਣ ਨੂੰ ਸਾਡੇ ਗਲੀ ਦੇ ਇਸ ਦ੍ਰਿਸ਼ ਵਿਚੋਂ ਬਾਹਰ ਰੱਖਣਾ ਬਹੁਤ ਜ਼ਰੂਰੀ ਹੈ, ਉਹ ਹੈ ਭਰਮ ਉਪਜਾਉਣ ਦੀ ਜੁਗਤ । ਗਲੀ ਦੇ ਦ੍ਰਿਸ਼ ਦੇ ਪ੍ਰਦਰਸ਼ਨਕਾਰ ਦੀ ਪੇਸ਼ਕਾਰੀ ਵਿਚ ਬੁਨਿਆਦੀ ਗੱਲ ਹੈ ਦੁਹਰਾਓ । ਹਾਦਸਾ ਵਾਪਰ ਚੁੱਕਾ ਹੈ, ਤੁਸੀਂ ਹੁਣ ਜੋ ਦੇਖ ਰਹੇ ਹੋ ਉਹ ਉਸਦਾ ਦੁਹਰਾਉ ਹੈ । ਇਸ ਸੰਦਰਭ

ਵਿਚ ਜੇਕਰ ਥੀਏਟਰ ਵਿਚਲਾ ਦ੍ਰਿਸ਼ ਗਲੀ ਦੇ ਦ੍ਰਿਸ਼ ਦੇ ਅਨੁਰੂਪ ਚਲਦਾ ਹੈ ਤਾਂ ਥੀਏਟਰ, ਥੀਏਟਰ ਨਾ ਹੋਣ ਦਾ ਦਿਖਾਵਾ ਕਰਨਾ ਬੰਦ ਕਰ ਦੇਵੇਗਾ, ਜਿਸ ਤਰ੍ਹਾਂ ਗਲੀ ਦੇ ਨੁਕਰ 'ਚ ਘਟਿਤ ਹੋਣ ਵਾਲਾ ਪ੍ਰਦਰਸ਼ਨ ਇਹ ਪ੍ਰਵਾਨ ਕਰਦਾ ਹੈ ਕਿ ਇਹ ਪ੍ਰਦਰਸ਼ਨ ਹੈ, ਅਤੇ ਅਸਲੀ ਘਟਨਾ ਹੋਣ ਦਾ ਵਿਖਾਵਾ ਨਹੀਂ ਕਰਦਾ। ਅਦਾਕਾਰੀ ਵਿਚ ਅਭਿਆਸ ਦਾ ਤੱਤ ਟੈਕਸਟ, ਨੂੰ ਜ਼ਬਾਨੀ ਯਾਦ ਕਰਨਾ, ਸਾਰੀਆਂ ਕਲਾ-ਤਰਤੀਬਾਂ ਅਤੇ ਪੇਸ਼ਕਾਰੀ ਦੀ ਤਿਆਰੀ ਦੀ ਪੂਰੀ ਪ੍ਰਕਿਰਿਆ; ਇਹ ਸਭ ਸਪਸ਼ਟ ਰੂਪ ਵਿਚ ਦ੍ਰਿਸ਼ਟਮਾਨ ਹੋ ਜਾਂਦੇ ਹਨ। ਅਨੁਭਵ ਦਾ ਕੀ ਮਹੱਤਵ ਰਹਿ ਜਾਂਦਾ ਹੈ ? ਕੀ ਰੂਪਮਾਨ ਹੋ ਰਿਹਾ ਯਥਾਰਥ ਕਿਸੇ ਪੱਧਰ ਤੇ ਅਨੁਭਵ ਜਾਂ ਸੰਵੇਦਨਾ ਦਾ ਹਿੱਸਾ ਬਣਦਾ ਹੈ ?

ਗਲੀ ਦੀ ਝਾਕੀ ਇਹ ਨਿਰਧਾਰਤ ਕਰਦੀ ਹੈ ਕਿ ਦਰਸ਼ਕਾਂ ਲਈ ਅਨੁਭਵ ਦੀ ਕਿਹੋ ਜਿਹੀ ਵੰਨਗੀ ਪੇਸ਼ ਕਰਨੀ ਹੈ। ਗਲੀ ਦੇ ਦ੍ਰਿਸ਼ ਦੇ ਪੇਸ਼ਕਾਰ ਲਈ ਇਹ ਜ਼ਰੂਰੀ ਨਹੀਂ ਕਿ ਉਸਦਾ ਪ੍ਰਦਰਸ਼ਨ ਦਰਸ਼ਕਾਂ ਲਈ 'ਅਨੁਭਵ' ਦਾ ਕੰਮ ਸਾਰੇ। ਸਗੋਂ ਉਸ ਦੁਆਰਾ ਪੇਸ਼ ਡਰਾਈਵਰ ਅਤੇ ਦੁਰਘਟਨਾ ਦਾ ਸ਼ਿਕਾਰ ਹੋਏ ਮਨੁੱਖ ਦਾ ਅਨੁਭਵ ਵੀ ਅੰਸ਼ਿਕ ਰੂਪ ਵਿਚ ਹੀ ਸੰਚਾਰਿਤ ਹੁੰਦਾ ਹੈ, ਅਤੇ ਉਹ ਕਿਸੇ ਵੀ ਕੀਮਤ ਉਤੇ ਇਸ ਅਨੁਭਵ ਨੂੰ ਦਰਸ਼ਕਾਂ ਲਈ ਅਨੰਦ ਦਾਇਕ ਅਨੁਭਵ ਬਣਾਉਣ ਦਾ ਯਤਨ ਨਹੀਂ ਕਰਦਾ, ਭਾਵੇਂ ਉਹ ਆਪਣੇ ਨਿਰੂਪਣ/ਪ੍ਰਦਰਸ਼ਨ ਨੂੰ ਕਿਨਾ ਵੀ ਸੁਭਾਵਿਕ ਕਿਉਂ ਨਾ ਬਣਾਵੇ। ਜੇਕਰ ਉਹ ਦੁਰਘਟਨਾ ਰਾਹੀਂ ਪੈਦਾ ਹੋਏ ਡਰ ਨੂੰ ਮੁੜ ਕੇ ਪੈਦਾ ਨਹੀਂ ਕਰਦਾ ਤਾਂ ਇਸ ਨਾਲ ਉਸਦੇ ਪ੍ਰਦਰਸ਼ਨ ਦੀ ਪ੍ਰਮਾਣਿਕਤਾ ਘਟਦੀ ਨਹੀਂ, ਇਸਦੇ ਵਿਪਰੀਤ ਜੇ ਉਹ ਅਜੇਹਾ ਕਰਦਾ ਹੈ ਤਾਂ ਉਸਦੀ ਪ੍ਰਮਾਣਿਕਤਾ ਖਤਮ ਹੋ ਜਾਵੇਗੀ। ਉਸਦੀ ਦਿਲਚਸਪੀ ਕੇਵਲ ਭਾਵਾਂ/ਜਜ਼ਬਿਆਂ ਦੀ ਸਿਰਜਣਾ ਵਿਚ ਨਹੀਂ। ਇਥੇ ਇਹ ਸਮਝਣਾ ਬਹੁਤ ਮਹੱਤਵਪੂਰਨ ਹੈ ਕਿ ਜਿਹੜਾ ਥੀਏਟਰ ਇਸ ਸੰਦਰਭ ਵਿਚ ਉਸਦੇ ਪੂਰਨਿਆਂ ਤੇ ਚਲਦਾ ਹੈ, ਉਹ ਆਪਣੇ ਪ੍ਰਕਾਰਜ ਵਿਚ ਇਕ ਹਾਂ-ਮੁਖੀ ਪਰਿਵਰਤਨ ਵਿਚੋਂ ਗੁਜ਼ਰਦਾ ਹੈ।

ਜੇ ਕਿਸੇ ਮੰਚੀ-ਦ੍ਰਿਸ਼ ਨੇ ਐਪਿਕ ਥੀਏਟਰ ਵਜੋਂ ਪ੍ਰਵਾਨ ਹੋਣਾ ਹੈ ਤਾਂ ਉਸ ਵਿਚ ਗਲੀ ਦੇ ਦ੍ਰਿਸ਼ ਦਾ ਜਿਹੜੇ ਇਕ ਅਨਿਵਾਰੀ ਤੱਤ ਹੋਣਾ ਚਾਹੀਦਾ ਹੈ, ਉਹ ਹੈ ਇਸਦਾ ਸਮਾਜਕ ਅਤੇ ਵਿਹਾਰਕ ਤੌਰ ਤੇ ਸਾਰਥਕ ਹੋਣਾ। ਭਾਵੇਂ ਸਾਡਾ ਗਲੀ ਦੇ ਦ੍ਰਿਸ਼ ਦਾ ਪ੍ਰਦਰਸ਼ਨਕਾਰ ਇਹ ਸਮਝਾਉਣਾ ਚਾਹੁੰਦਾ ਹੋਵੇ ਕਿ ਡਰਾਈਵਰ ਜਾਂ ਪੈਦਲ ਯਾਤਰੀ ਦਾ ਇਕ ਖਾਸ ਤਰ੍ਹਾਂ ਦਾ ਰਵੱਈਆ ਦੁਰਘਟਨਾ ਦੇ ਵਾਪਰਨ ਦਾ ਕਾਰਨ ਬਣਦਾ ਹੈ, ਅਤੇ ਦੂਜੇ ਤਰ੍ਹਾਂ ਦਾ ਰੱਵਈਆ ਅਜਿਹਾ ਵਾਪਰਨ ਤੋਂ ਬਚਾਉਂਦਾ ਹੈ, ਜਾਂ ਭਾਵੇਂ ਉਹ ਇਕ ਧਿਰ ਦੀ ਜ਼ਿੰਮੇਵਾਰੀ ਨਿਸ਼ਚਿਤ ਕਰਨ ਦੇ ਇਰਾਦੇ ਨਾਲ ਹਾਦਸੇ ਨੂੰ ਬਿਆਨ ਰਿਹਾ ਹੋਵੇ, ਉਸਦੇ ਪ੍ਰਦਰਸ਼ਨ ਦਾ ਇਕ ਵਿਹਾਰਕ ਉਦੇਸ਼ ਹੈ : ਉਹ ਹੈ ਸਮਾਜਕ ਭਾਗੀਦਾਰੀ।



ਪ੍ਰਦਰਸ਼ਨ ਕਰਤਾ ਦਾ ਉਦੇਸ਼ ਇਹ ਨਿਸ਼ਚਿਤ ਕਰਦਾ ਹੈ ਕਿ ਕਿਸ ਤਰ੍ਹਾਂ ਉਸਨੇ ਮੁਕੰਮਲ ਤੌਰ ਤੇ ਅਨੁਕਰਣ ਕਰਨਾ ਹੈ। ਪ੍ਰਦਰਸ਼ਨ ਕਰਤਾ ਲਈ ਆਪਣੇ ਕਿਰਦਾਰ ਦੇ ਚਰਿਤਰ ਦੇ ਹਰ ਪੱਖ ਅਤੇ ਉਸਦੇ ਸੰਪੂਰਨ ਰੱਵਈਏ ਦਾ ਅਨੁਕਰਣ ਕਰਨਾ ਜ਼ਰੂਰੀ ਨਹੀਂ, ਉਹ ਉਸਦਾ ਉਹੀ ਪੱਖ ਪੇਸ਼ ਕਰਦਾ ਹੈ ਜੋ ਉਸ ਦ੍ਰਿਸ਼ ਚੋਂ ਪ੍ਰਗਟ ਹੁੰਦਾ ਹੈ। ਅਮੂਮਨ ਥੀਏਟਰੀ ਦ੍ਰਿਸ਼ ਵਧੇਰੇ ਭਰਪੂਰ ਚਿਤਰ ਪੇਸ਼ ਕਰੇਗਾ, ਆਪਣੀ ਰੁਚੀ ਅਨੁਕੂਲ ਵਧੇਰੇ ਵਿਸ਼ਾਲ ਖੇਤਰ ਨੂੰ ਰੂਪਮਾਨ ਕਰੇਗਾ। ਗਲੀ ਦਾ ਦ੍ਰਿਸ਼ ਅਤੇ ਥੀਏਟਰ ਦਾ ਦ੍ਰਿਸ਼ ਕਿਸ ਤਰ੍ਹਾਂ ਮਿਲਦੇ ਹਨ ? ਵਿਸਥਾਰ ਦੇ ਨੁਕਤੇ ਨੂੰ ਲਈਏ, ਦੁਰਘਟਨਾ ਦਾ ਸ਼ਿਕਾਰ ਹੋਏ ਬੰਦੇ ਦੀ ਆਵਾਜ਼ ਨੇ ਦੁਰਘਟਨਾ ਦੇ ਵਾਪਰਨ 'ਚ ਕੋਈ ਸਿੱਧੀ ਭੂਮਿਕਾ ਨਹੀਂ ਨਿਭਾਈ ਹੋਵੇਗੀ। ਹੋ ਸਕਦਾ ਹੈ ਕਿ ਚਸ਼ਮਦੀਦ ਬੰਦੇ ਇਸ ਗੱਲ ਨਾਲ ਸਹਿਮਤ ਨਾ ਹੋਣ ਕਿ ਜਿਹੜੀ ਆਵਾਜ਼ ਉਹਨਾਂ ਨੇ ਸੁਣੀ ਹੈ ਉਹ ਦੁਰਘਟਨਾ ਦਾ ਸ਼ਿਕਾਰ ਹੋਏ ਬੰਦੇ ਦੀ ਹੈ ਜਾਂ ਕਿਸੇ ਹੋਰ ਦੀ, ਪਰ ਇਹ ਸਾਡੇ ਪ੍ਰਦਰਸ਼ਨਕਾਰ ਨੂੰ ਉਸ ਆਵਾਜ਼ ਦੇ ਅਨੁਕਰਣ ਕਰਨ ਦਾ ਮੌਕਾ ਦਿੰਦੀ ਹੈ। ਕੀ ਇਹ ਆਵਾਜ਼ ਕਿਸੇ ਬਿਰਧ ਆਦਮੀ ਦੀ ਸੀ ਜਾਂ ਔਰਤ ਦੀ ਜਾਂ ਸਿਰਫ਼ ਕੀ ਇਹ ਉੱਚੀ ਸੀ ਜਾਂ ਧੀਮੀ-ਇਸ ਦੇ ਪ੍ਰਦਰਸ਼ਨ ਰਾਹੀਂ ਇਹ ਪ੍ਰਸ਼ਨ ਸੁਲਝਾਇਆ ਜਾ ਸਕਦਾ ਹੈ। ਫੇਰ, ਉੱਤਰ ਇਸ ਗਲ ਉਪਰ ਵੀ ਨਿਰਭਰ ਕਰਦਾ ਹੈ ਕਿ ਕੀ ਇਹ ਆਵਾਜ਼ ਪੜ੍ਹੇ-ਲਿਖੇ ਮਨੁੱਖ ਦੀ ਸੀ ਜਾਂ ਅਨਪੜ੍ਹ ਦੀ। ਆਵਾਜ਼ ਦਾ ਉੱਚੀ ਜਾਂ ਧੀਮੀ ਹੋਣਾ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ, ਜਿਵੇਂ ਇਸਦੇ ਅਨੁਰੂਪ ਹੀ ਡਰਾਈਵਰ ਵੱਧ ਜਾਂ ਘੱਟ ਦੋਸ਼ੀ ਹੋ ਸਕਦਾ ਹੈ। ਦੁਰਘਟਨਾ ਗ੍ਰਸਤ ਬੰਦੇ ਦੇ ਲੱਛਣਾਂ ਦੀਆਂ ਸਾਰੀਆਂ ਲੜੀਆਂ ਨੂੰ ਰੂਪਮਾਨ ਕਰਨ ਲਈ ਕਿਹਾ ਜਾ ਸਕਦਾ ਹੈ। ਕੀ ਉਹ ਬੇਧਿਆਨਾ ਸੀ ? ਕੀ ਉਹ ਡੌਰ-ਭੌਰ ਹੋਇਆ ਹੋਇਆ ਸੀ ? ਜੇ ਕਰ ਇਸ ਤਰ੍ਹਾਂ ਸੀ ਤਾਂ ਕਿਉਂ ? ਕੀ ਉਸ ਦੇ ਵਿਵਹਾਰ ਦੀ ਗਵਾਹੀ ਦੇ ਆਧਾਰ ਉੱਤੇ ਉਸਦੇ ਹਾਲਾਤ ਨੂੰ ਉਸਦੀ ਪ੍ਰੇਸ਼ਾਨੀ ਦਾ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ ਅਤੇ ਕਿਸੇ ਹੋਰ ਨੂੰ ਨਹੀਂ ? ਵਗੈਰਾ.. ਵਗੈਰਾ। ਕਿਹਾ ਜਾ ਸਕਦਾ ਹੈ ਕਿ ਸਾਡਾ ਗਲੀ ਦੇ ਦ੍ਰਿਸ਼ ਦਾ ਇਹ ਪ੍ਰਦਰਸ਼ਨ ਮਨੁੱਖੀ ਸੁਭਾਅ ਦੇ ਮਨੋਹਰ, ਭਰਪੂਰ ਅਤੇ ਵਿਵਧ ਨਿਰੂਪਣ ਦੇ ਮੌਕੇ ਪ੍ਰਦਾਨ ਕਰਦਾ ਹੈ। ਫੇਰ ਵੀ ਜਿਹੜਾ ਥੀਏਟਰ ਗਲੀ ਦੇ ਦ੍ਰਿਸ਼ ਦੁਆਰਾ ਮੁਹੱਈਆ ਕੀਤੇ ਇਹਨਾਂ ਮੂਲਕ (ਅਨਿਵਾਰੀ) ਤੱਤਾਂ ਨੂੰ ਸੀਮਤ ਕਰਣ ਦਾ ਯਤਨ ਕਰਦਾ ਹੈ, ਉਸਨੂੰ ਅਨੁਕਰਣ ਕਰਨ ਦੀ ਆਪਣੀ ਸਮਰੱਥਾ ਦੀਆਂ ਕੁਝ ਸੀਮਾਵਾਂ ਨੂੰ ਪ੍ਰਵਾਨ ਕਰਨਾ ਪਏਗਾ।

ਉਦਾਹਰਨ ਵਜੋਂ ਦੁਰਘਟਨਾ ਗ੍ਰਸਤ ਵਿਅਕਤੀ ਲਈ ਮੁਆਵਜ਼ੇ ਦਾ ਪ੍ਰਸ਼ਨ ਇਸ ਪ੍ਰਦਰਸ਼ਨ ਵਿਚ ਹਾਵੀ ਹੋ ਸਕਦਾ ਹੈ। ਡਰਾਈਵਰ ਨੂੰ ਨੌਕਰੀ ਚਲੇ ਜਾਣ, ਲਾਇਸੈਂਸ ਜ਼ਬਤ ਹੋ ਜਾਣ, ਕੈਦ ਹੋ ਜਾਣ ਦਾ ਖ਼ਤਰਾ ਹੈ, ਦੁਰਘਟਨਾ ਦੇ ਸ਼ਿਕਾਰ ਬੰਦੇ ਨੂੰ ਹਸਪਤਾਲ ਦੇ ਭਾਰੀ ਖਰਚੇ, ਨੌਕਰੀ ਚਲੇ ਜਾਣ, ਸਦਾ ਲਈ ਅਪਾਹਜ ਹੋਣ

ਅਤੇ ਕੰਮ ਤੋਂ ਨਕਾਰਾ ਹੋ ਜਾਣ ਆਦਿ ਦੇ ਸੰਭਾਵੀ ਖਤਰੇ ਹਨ । ਇਹ ਉਹ ਪ੍ਰਸ਼ਨ (ਪ੍ਰਸੰਗ) ਹਨ ਜਿਹਨਾਂ ਦੇ ਸ਼ਿਕਾਰ ਹੋਣ ਵਾਲੇ ਦੇ ਨਾਲ ਸ਼ਾਇਦ ਉਹਦੀ ਸਾਥਣ ਸੀ, ਡਰਾਈਵਰ ਦੇ ਨਾਲ ਸ਼ਾਇਦ ਉਹਦੀ ਕੁੜੀ ਬੈਠੀ ਸੀ । ਇਹ ਗੱਲ ਇਸ ਪ੍ਰਦਰਸ਼ਨ ਵਿਚ ਸਮਾਜਕ ਅੰਸ਼ ਨੂੰ ਵਧੇਰੇ ਉਭਰੇਗੀ । ਅਤੇ ਪਾਤਰਾਂ ਨੂੰ ਹੋਰ ਵਧੇਰੇ ਵਿਕਸਤ ਹੋਣ ਦਾ ਮੌਕਾ ਦੇਵੇਗੀ ।

ਗਲੀ ਦੀ ਝਾਕੀ ਵਿਚ ਇਕ ਹੋਰ ਅਨਿਵਾਰੀ ਤੱਤ ਇਹ ਹੈ ਕਿ ਪ੍ਰਦਰਸ਼ਨ ਕਰਤਾ ਆਪਣੇ ਪਾਤਰਾਂ ਨੂੰ ਪੂਰੀ ਤਰ੍ਹਾਂ ਉਹਨਾਂ ਦੇ ਕਾਰਜਾਂ ਵਿਚੋਂ ਉਤਾਰੇਗਾ । ਉਹ ਉਹਨਾਂ ਦੇ ਕਾਰਜਾਂ ਦੀ ਨਕਲ ਕਰਦਾ ਹੈ ਅਤੇ ਸਿੱਟਿਆਂ ਨੂੰ ਉਹਨਾਂ ਵਿਚੋਂ ਨਿਕਲਣ ਦਿੰਦਾ ਹੈ । ਜਿਹੜਾ ਥੀਏਟਰ ਇਸ ਧਾਰਣਾ ਦੇ ਪੈਰ-ਚਿੰਨ੍ਹਾਂ ਤੇ ਚਲਦਾ ਹੈ ਉਹ ਸਨਾਤਨੀ ਥੀਏਟਰ ਦੀ ਉਸ ਧਾਰਨਾ ਨਾਲੋਂ ਵਿਆਪਕ ਰੂਪ ਵਿਚ ਤੋੜ-ਵਿਛੋੜਾ ਕਰ ਰਿਹਾ ਹੋਵੇਗਾ - ਜੋ ਕਾਰਜਾਂ ਨੂੰ ਪਾਤਰਾਂ ਉਤੇ ਅਧਾਰਿਤ ਕਰਦਾ ਹੈ ਅਤੇ ਪਾਤਰਾਂ ਨੂੰ ਇਸ ਆਧਾਰ ਉਤੇ ਆਲੋਚਨਾ ਤੋਂ ਬਚਾਉਂਦਾ ਹੈ ਕਿ ਜਿਵੇਂ ਕਾਰਜ, ਉਸ ਨੂੰ ਨਿਭਾਉਣ ਵਾਲੇ ਪਾਤਰਾਂ ਦੇ ਕੁਦਰਤੀ ਅਮਲ ਦਾ ਨਾ ਟਾਲਿਆ ਜਾਣ ਯੋਗ ਸਿੱਟਾ ਹੋਵੇ । ਗਲੀ ਦੇ ਦ੍ਰਿਸ਼ ਦੇ ਪ੍ਰਦਰਸ਼ਨ-ਕਰਤਾ ਲਈ ਪੇਸ਼ਕਾਰੀ ਦੌਰਾਨ ਮਨੁਖ ਦਾ ਚਰਿਤਰ ਇਕ ਗੁੱਝਾ ਰੌਹਸ ਹੀ ਰਹਿੰਦਾ ਹੈ, ਜਿਸਨੂੰ ਪੂਰੀ ਤਰ੍ਹਾਂ ਪਰਿਭਾਸ਼ਿਤ ਕਰਨ ਦੀ ਜ਼ਰੂਰਤ ਨਹੀਂ । ਕੁਝ ਖਾਸ ਸੀਮਾਵਾਂ ਦੇ ਅੰਤਰਗਤ ਉਹ ਇਕ ਜਾਂ ਦੂਜੀ ਤਰ੍ਹਾਂ ਦਾ ਹੋ ਸਕਦਾ ਹੈ; ਅਤੇ ਇਹ ਗੱਲ ਕੋਈ ਖਾਸ ਮਹੱਤਵ ਨਹੀਂ ਰਖਦੀ । ਪ੍ਰਦਰਸ਼ਨ ਕਰਤਾ ਲਈ ਜੋ ਮਹੱਤਵਪੂਰਨ ਹੈ ਉਹ ਹਨ ਉਸਦੀਆਂ ਹਾਦਸਾ-ਉਨਮੁਖ ਅਤੇ ਹਾਦਸਾ-ਮੁਕਤ ਵਿਸ਼ੇਸ਼ਤਾਵਾਂ । ਥੀਏਟਰੀ ਦ੍ਰਿਸ਼ ਪੂਰਨ ਰੂਪ ਵਿਚ ਪਰਿਭਾਸ਼ਤ ਵਿਅਕਤੀਆਂ ਨੂੰ ਵਧੇਰੇ ਚੰਗੀ ਤਰ੍ਹਾਂ ਦਰਸਾ ਸਕਦਾ ਹੈ । ਥੀਏਟਰੀ-ਦ੍ਰਿਸ਼ ਮਨੁਖ ਦੇ ਨਿੱਜਤਵ ਨੂੰ ਇਕ ਵਿਸ਼ੇਸ਼ ਮਾਮਲੇ ਵਜੋਂ ਪੇਸ਼ ਕਰਨ ਦੇ ਸਮਰੱਥ ਵੀ ਹੁੰਦਾ ਹੈ ਅਤੇ ਉਸ ਵਿਆਪਕ ਸੰਦਰਭ ਨੂੰ ਉਲੀਕਣ ਦੇ ਸਮਰੱਥ ਵੀ ਹੁੰਦਾ ਹੈ ਜਿਸ ਵਿਚ ਸਮਾਜਕ ਤੌਰ ਤੇ ਵਧੇਰੇ ਸਾਰਥਕ ਪ੍ਰਭਾਵਾਂ ਨੂੰ ਫੇਰ ਤੋਂ ਸਿਰਜਣ ਦੀ ਸ਼ਕਤੀ ਹੁੰਦੀ ਹੈ । ਗਲੀ ਦੇ ਦ੍ਰਿਸ਼ ਦੇ ਪ੍ਰਦਰਸ਼ਨ-ਕਰਤਾ ਦੇ ਪ੍ਰਦਰਸ਼ਨ ਦੀਆਂ ਸੰਭਾਵਨਾਵਾਂ ਰਤਾ ਕੁ ਸੀਮਤ ਹਨ । ਜੇਕਰ ਥੀਏਟਰੀ-ਦ੍ਰਿਸ਼ ਦੇ ਅਨਿਵਾਰੀ ਤੱਤ ਗਲੀ ਦੀ ਝਾਕੀ ਦੇ ਮੂਲਕ ਤੱਤਾਂ ਦੇ ਮੁਕਾਬਲੇ ਸੀਮਤ ਹਨ ਤਾਂ ਥੀਏਟਰੀ ਦ੍ਰਿਸ਼ ਦੀ ਅਮੀਰੀ ਕੇਵਲ ਇਕ ਵਾਧਾ ਮਾਤਰ ਹੈ । ਇਹਨਾਂ ਵਿਚਕਾਰ ਸੀਮਾ-ਰੇਖਾ ਦਾ ਪ੍ਰਸ਼ਨ ਬਹੁਤ ਨਾਜ਼ਕ ਮਸਲਾ ਬਣ ਜਾਂਦਾ ਹੈ ।

ਆਓ ਇਕ ਵਿਸ਼ੇਸ਼ ਵੇਰਵਾ ਲਈਏ । ਕੀ ਸਾਡਾ ਨੁੱਕੜ ਦਾ ਪ੍ਰਦਰਸ਼ਨ ਕਰਤਾ ਡਰਾਈਵਰ ਦੇ ਬਿਆਨ ਨੂੰ ਦੁਹਰਾਉਂਦੇ ਸਮੇਂ— ਕਿ ਉਹ ਕੰਮ ਦੀ ਲੰਮੀ ਡਿਊਟੀ (ਵਾਰੀ) ਦਾ ਝੰਬਿਆ ਹੋਇਆ ਸੀ—ਕਦੇ ਵੀ ਉਤੇਜਿਤ ਧੁਨੀ ਵਾਲੀ ਆਵਾਜ਼ ਨੂੰ ਵਰਤਣ ਦਾ ਹੱਕਦਾਰ ਹੋ ਸਕਦਾ ਹੈ ? ਇਹ ਕੇਵਲ ਤਾਂ ਹੀ ਸੰਭਵ ਹੋ ਸਕਦਾ ਹੈ, ਜੇ ਕਰ ਕੋਈ



ਗਲੀ ਦੀ ਸਥਿਤੀ ਦੀ ਕਲਪਣਾ ਕਰੋ, ਜਿਥੇ ਅਜੇਹੇ ਮਾਮਲਿਆਂ ਵਿਚ ਅਜੇਹੀ ਉਤੇਜਨਾ ਵਿਸ਼ੇਸ਼ ਭੂਮਿਕਾ ਨਿਭਾਉਂਦੀ ਹੈ । ਅਸੀਂ ਆਪਣੇ ਪ੍ਰਦਰਸ਼ਨ ਕਰਤਾ ਲਈ ਉਹ ਨੁਕਤਾ-ਨਿਗਾਹ ਢੂੰਡਣਾ ਹੈ ਜੋ ਉਸਨੂੰ ਇਸ ਉਤੇਜਨਾ ਨੂੰ ਵਿਵੇਚਨ ਲਈ ਪ੍ਰਸਤੁਤ ਕਰਨ ਦੀ ਆਗਿਆ ਦੇਵੇ । ਜੇਕਰ ਉਹ ਇਹ ਵਿਸ਼ੇਸ਼ ਨਜ਼ਰੀਆ ਧਾਰਨ ਕਰਦਾ ਹੈ ਤਾਂ ਹੀ ਉਹ ਡਰਾਈਵਰ ਦੀ ਉਤੇਜਿਤ ਆਵਾਜ਼ ਦੀ ਨਕਲ ਉਤਾਰਨ ਦਾ ਅਧਿਕਾਰੀ (ਹੱਕਦਾਰ) ਹੋ ਸਕਦਾ ਹੈ । ਅਰਥਾਤ ਜੇਕਰ ਉਹ ਡਰਾਈਵਰ ਨੂੰ ਘੱਟ ਕੰਮ ਕਰਨ ਲਈ ਕੋਸਦਾ ਹੈ । (ਇਹਦੇ ਵਲ ਦੇਖੋ ! ਇਹ ਜੱਥੇਬੰਦੀ ਦਾ ਮੈਂਬਰ ਵੀ ਨਹੀ, ਪਰੰਤੂ ਦੁਰਘਟਨਾ ਵਾਪਰਦਿਆਂ ਹੀ ਇਸਨੇ ਬੜੀ ਫੁਰਤੀ ਨਾਲ ਬਚਾਅ ਦੀ ਗੋਂਦ ਗੁੰਦ ਲਈ ।' [ਉਹ ਭੜਕ ਕੇ ਕਹੇਗਾ ] "ਮੈਂ ਦਸ ਘੰਟੇ ਤੋਂ ਗੱਡੀ ਚਲਾ ਰਿਹਾ ਹਾਂ ।")

ਇਸ ਤੋਂ ਪਹਿਲਾਂ ਕਿ ਉਹ ਅਦਾਕਾਰ ਨੂੰ ਕੋਈ ਨਜ਼ਰੀਆ ਧਾਰਨ ਕਰਨ ਦਾ ਸੁਝਾਅ ਦੇਣ ਦੇ ਯੋਗ ਹੋਵੇ, ਥੀਏਟਰ ਨੂੰ ਹੋਰ ਬਹੁਤ ਸਾਰੇ ਕਦਮ ਉਠਾਉਣ ਦੀ ਜ਼ਰੂਰਤ ਹੁੰਦੀ ਹੈ । ਆਪਣੇ ਖੇਤਰ ਦੀ ਦ੍ਰਿਸ਼ਟੀ ਨੂੰ ਵਿਸਤਾਰਦਿਆਂ ਅਤੇ ਡਰਾਈਵਰ ਨੂੰ ਇਸ ਦੁਰਘਟਨਾ ਤੋਂ ਪਰੇ ਹੋਰ ਸਥਿਤੀਆਂ ਵਿਚ ਵਿਚਰਦੇ ਦਿਖਾਉਂਦਿਆ ਥੀਏਟਰ ਕਿਸੇ ਵੀ ਸੂਰਤ ਵਿਚ ਆਪਣੇ ਮਾਡਲ ਤੋਂ ਪਰੇ (ਪਾਰ) ਨਹੀਂ ਜਾਂਦਾ, ਇਹ ਕੇਵਲ ਉਸੇ ਤਰਜ਼ ਦੀ ਇਕ ਹੋਰ ਅਗਲੇਰੀ ਸਥਿਤੀ ਸਿਰਜਦਾ ਹੈ । ਮਨੁੱਖ ਗਲੀ ਦੇ ਦ੍ਰਿਸ਼ ਦੀ ਤਰਜ਼ ਦੇ ਹੋਰ ਦ੍ਰਿਸ਼ ਦੀ ਕਲਪਣਾ ਕਰ ਸਕਦਾ ਹੈ ਜੋ ਇਹ ਦਰਸਾਉਂਦਾ ਹੋਇਆ, ਕਿ ਡਰਾਈਵਰ ਦੇ ਭਾਵਾਂ ਵਰਗੇ ਜਜ਼ਬੇ ਕਿਵੇਂ ਵਿਕਸਤ ਹੁੰਦੇ ਹਨ, ਇਕ ਵਿਵੇਕ-ਪੂਰਨ ਪ੍ਰਦਰਸ਼ਨ ਪ੍ਰਦਾਨ ਕਰਦਾ ਹੈ । ਜਾਂ ਹੋਰ ਦ੍ਰਿਸ਼ ਜੋ ਆਵਾਜ਼ਾਂ ਦੀਆਂ ਧੁਨੀਆਂ ਦੀ ਤੁਲਨਾ ਪੇਸ਼ ਕਰਨ ਚ ਖਚਿਤ ਹੋਵੇ । ਮਾਡਲ-ਦ੍ਰਿਸ਼ ਦੀ ਸੀਮਾ ਤੋਂ ਪਾਰ ਨਾ ਜਾਣ ਲਈ ਥੀਏਟਰ ਵਾਸਤੇ ਜ਼ਰੂਰੀ ਹੈ ਕਿ ਉਹ ਜਜ਼ਬਿਆਂ ਨੂੰ ਦਰਸ਼ਕ ਦੇ ਵਿਵੇਚਨ ਲਈ ਪੇਸ਼ ਕਰਨ ਦੀ ਤਕਨੀਕ ਨੂੰ ਵਿਕਸਤ ਕਰੇ । ਨਿਰਸੰਦੇਹ ਇਸ ਦਾ ਭਾਵ ਇਹ ਨਹੀਂ ਕਿ ਦਰਸ਼ਕ ਆਪਣੇ ਸਾਹਮਣੇ ਪ੍ਰਸਤੁਤ ਕੁਝ ਭਾਵਾਂ ਨੂੰ ਮਾਣਨ ਤੋਂ ਅਸੂਲੀ ਤੌਰ ਤੇ ਵਰਜਿਆ ਹੋਇਆ ਹੁੰਦਾ ਹੈ; ਤਾਂ ਵੀ ਭਾਵਾਂ ਦਾ ਸੰਚਾਰ ਵਿਵੇਚਨ ਦਾ ਇਕੋ ਇਕ ਵਿਸ਼ੇਸ਼ ਰੂਪ ਹੈ । ਥੀਏਟਰ ਦੇ ਪ੍ਰਦਰਸ਼ਨ ਕਾਰ ਅਦਾਕਾਰ ਨੂੰ ਆਪਣੇ ਦੁਆਰਾ ਪ੍ਰਦਰਸ਼ਿਤ ਵਸਤੂ ਦੀ ਧੁਨੀ ਨੂੰ ਮੁੜ-ਸਿਰਜਣ ਸਮੇਂ ਅਜੇਹੀ ਤਕਨੀਕ ਦੀ ਵਰਤੋਂ ਕਰਨੀ ਚਾਹੀਦੀ ਹੈ ਜੋ ਉਸਨੂੰ ਥੋੜੇ ਜਿਹੇ ਸੰਕੋਚ ਅਤੇ ਨਿਰਪੱਖਤਾ ਨਾਲ ਸਿਰਜ ਸਕਣ ਦੀ ਜਾਚ ਦਸੇ । ਸੰਖੇਪ ਵਿਚ ਅਦਾਕਾਰ ਨੂੰ ਇਕ ਪ੍ਰਦਰਸ਼ਨ-ਕਰਤਾ ਹੀ ਰਹਿਣਾ ਚਾਹੀਦਾ ਹੈ; ਉਸਨੂੰ ਆਪਣੇ ਦੁਆਰਾ ਪ੍ਰਦਰਸ਼ਿਤ ਹੋ ਰਹੇ ਵਿਅਕਤੀ ਨੂੰ ਇਕ ਅਜਨਬੀ ਵਜੋਂ ਹੀ ਪੇਸ਼ ਕਰਨਾ ਚਾਹੀਦਾ ਹੈ, ਉਸਨੂੰ ਆਪਣੀ ਪੇਸ਼ਕਾਰੀ ਸਮੇਂ "ਉਸਨੇ ਇਹ ਕਿਹਾ", "ਉਸ ਨੇ ਇਹ ਕੀਤਾ" ਆਦਿ ਤੱਤਾਂ ਨੂੰ ਦਬਾਉਣਾ ਨਹੀਂ ਚਾਹੀਦਾ । ਜਿਥੋਂ ਤਕ ਹੋ ਸਕੇ ਉਸ ਨੂੰ ਪ੍ਰਦਰਸ਼ਿਤ ਹੋ ਰਹੇ ਵਿਅਕਤੀ ਵਿਚ ਪੂਰੀ ਤਰ੍ਹਾਂ ਰੂਪਾਂਤਰਿਤ ਨਹੀਂ ਹੋ ਜਾਣਾ ਚਾਹੀਦਾ ।

ਗਲੀ ਦੇ ਦ੍ਰਿਸ਼ ਦਾ ਇਕ ਅਨਿਵਾਰੀ ਤੱਤ ਪ੍ਰਦਰਸ਼ਨ ਕਰਤਾ ਦੁਆਰਾ ਧਾਰਨ ਕੀਤੇ ਕੁਦਰਤੀ (ਸੁਭਾਵਿਕ) ਰੱਵਈਏ ਵਿਚ ਨਿਹਿਤ ਹੈ; ਜੋ ਦੋ-ਪਰਤੀ ਹੈ, ਉਹ ਹਮੇਸ਼ਾਂ ਦੋ ਸਥਿਤੀਆਂ ਨੂੰ ਧਿਆਨ ਗੋਚਰੇ ਰਖਦਾ ਹੈ । ਇਕ ਪ੍ਰਦਰਸ਼ਨ ਕਰਤਾ ਵਜੋਂ ਉਹ ਸੁਭਾਵਿਕ ਰੂਪ ਵਿਚ ਵਿਵਹਾਰ ਕਰਦਾ ਹੈ ਅਤੇ ਪ੍ਰਦਰਸ਼ਨ ਦੇ ਵਸਤੂ ਨੂੰ ਵੀ ਸੁਭਾਵਿਕ ਵਰਤਾਉ ਕਰਨ ਦਿੰਦਾ ਹੈ । ਉਹ ਇਹ ਗਲ ਕਦੇ ਨਹੀਂ ਭੁੱਲਦਾ ਅਤੇ ਨਾ ਹੀ ਭੁਲਣ ਦੀ ਆਗਿਆ ਦਿੰਦਾ ਹੈ ਕਿ ਉਹ ਵਸਤੂ ਨਹੀਂ, ਪਰੰਤੂ ਪ੍ਰਦਰਸ਼ਨ-ਕਰਤਾ ਹੈ । ਕਹਿਣ ਦਾ ਭਾਵ ਇਹ ਹੈ ਕਿ ਦਰਸ਼ਕ ਜੋ ਦੇਖਦੇ ਹਨ ਉਹ ਪ੍ਰਦਰਸ਼ਨ-ਕਰਤਾ ਅਤੇ ਵਸਤੂ ਦਾ ਸੰਸਲੇਸ਼ਣ ਨਹੀ, ਅਤੇ ਨਾ ਹੀ ਕੋਈ ਤੀਜੀ, ਸੁਤੰਤਰ, ਅਖੰਡ ਹੋਂਦ ਹੁੰਦੀ ਹੈ ਜੋ ਪ੍ਰਦਰਸ਼ਨ-ਕਰਤਾ ਅਤੇ ਵਸਤੂ ਦੇ ਵੱਖਰੇ ਵੱਖਰੇ ਲੱਛਣਾਂ ਦਾ ਜੋੜ ਹੋਵੇ, ਜਿਵੇਂ ਕਿ ਸਨਾਤਨੀ (ਪਰੰਪਰਕ) ਥੀਏਟਰ ਦੀਆਂ ਪੇਸ਼ਕਾਰੀਆਂ ਵਿਚ ਵਾਪਰਦਾ ਸੀ । ਪ੍ਰਦਰਸ਼ਨ ਦੇ ਵਸਤੂ ਬਣੇ ਮਨੁੱਖ ਦੀਆਂ ਭਾਵਨਾਵਾਂ ਅਤੇ ਰਾਵਾਂ ਇਕ ਦੂਜੇ ਨਾਲ ਖਲਤ ਮਲਤ ਨਹੀਂ ਹੁੰਦੀਆਂ ।

ਅਸੀਂ ਹੁਣ ਉਹਨਾਂ ਤੱਤਾਂ ਵਿਚੋਂ ਇਕ ਬਾਰੇ ਗੱਲ ਕਰਦੇ ਹਾਂ ਜੋ ਐਪਿਕ ਥੀਏਟਰ ਦੇ ਵਿਸ਼ੇਸ਼ ਲੱਛਣ ਹਨ ਉਹ ਤੱਤ ਹੈ : 'ਵਿਸੰਗਤੀ ਪ੍ਰਭਾਵ' । ਇਸ ਵਿਚ ਕੀ ਕੁਝ ਸੰਮਿਲਿਤ ਹੈ, ਸੰਖੇਪ ਵਿਚ, ਸਮਾਜਕ ਮਨੁੱਖੀ ਘਟਨਾਵਾਂ ਨੂੰ ਰੂਪਮਾਨ ਕਰਨ ਦੀ ਤਕਨੀਕ ਜੋ ਉਹਨਾਂ ਦੇ ਅਨੂਠੇਪਣ ਨੂੰ ਚਿੰਨ੍ਹਤ/ਅੰਕਿਤ ਕਰਦਾਂ ਹੈ ਅਤੇ ਅਜੇਹਾ ਅਨੁਭਵ ਜਿਸਦੇ ਵਿਵੇਚਨ ਜਾਂ ਵਿਆਖਿਆ ਦੀ ਜ਼ਰੂਰਤ ਹੈ ਜਿਸਨੂੰ ਪਹਿਲਾਂ ਹੀ ਮੰਨ ਨਹੀਂ ਮਿਥਿਆ ਜਾ ਸਕਦਾ, ਨਾ ਨਿਰਾ ਸੁਭਾਵਿਕ ਹੁੰਦਾ ਹੈ । ਦਰਸ਼ਕ ਨੂੰ ਸਮਾਜਕ ਦ੍ਰਿਸ਼ਟੀ ਤੋਂ ਉਸਾਰੂ ਆਲੋਚਨਾ ਕਰਨ ਦੀ ਇਜਾਜ਼ਤ ਦੇਣੀ ਇਸ 'ਪ੍ਰਭਾਵ' ਦਾ ਵਸਤੂ ਹੈ । ਕੀ ਅਸੀਂ ਇਹ ਦਰਸਾ ਸਕਦੇ ਹਾਂ ਕਿ ਇਹ 'ਵਿਸੰਗਤੀ-ਪ੍ਰਭਾਵ' ਸਾਡੇ ਗਲੀ/ਨੁੱਕੜ ਪ੍ਰਦਰਸ਼ਨ-ਕਰਤਾ ਲਈ ਸਾਰਥਕ ਹੈ ?

ਜੇਕਰ ਉਹ ਇਸ ਦੀ ਵਰਤੋਂ ਕਰਨ ਤੋਂ ਅਸਫ਼ਲ ਰਹਿੰਦਾ ਹੈ ਤਾਂ ਕੀ ਵਾਪਰਦਾ ਹੈ, ਅਸੀਂ ਇਹ ਦਰਸਾ ਸਕਦੇ ਹਾਂ । ਇਹ ਸਥਿਤੀ ਵਾਪਰ ਸਕਦੀ ਹੈ ਕਿ ਦਰਸ਼ਕਾਂ ਵਿਚੋਂ ਸ਼ਾਇਦ ਕੋਈ ਕਹੇ : ਪਰੰਤੂ ਜੇਕਰ ਘਟਨਾ ਦਾ ਸ਼ਿਕਾਰ ਹੋਣ ਵਾਲੇ ਆਦਮੀ ਦਾ ਪਟੜੀ ਤੋਂ ਉਤੱਰਨ-ਸਮੇਂ ਸੱਜਾ ਪੈਰ ਥੱਲੇ ਸੀ, ਜਿਵੇ ਤੁਸੀਂ ਦਿਖਾਇਆ ਹੈ . ...... ।" ਪ੍ਰਦਰਸ਼ਨ ਕਰਤਾ ਇਕਦਮ ਇਹ ਕਹਿੰਦਾ ਹੋਇਆ ਟੋਕੇਗਾ, "ਮੈਂ ਉਸਨੂੰ ਖੱਬੇ ਪੈਰ ਨਾਲ ਉਤਰਦਾ ਦਿਖਾਇਆ ਹੈ ।' ਇਹ ਦਲੀਲ ਦਿੰਦਿਆਂ ਕਿ ਉਸਦੇ ਪ੍ਰਦਰਸ਼ਨ ਵਿਚ ਉਹ ਸੱਚਮੁੱਚ ਕਿਸ ਪੈਰ ਨਾਲ ਪਟੜੀ ਤੋਂ ਉਤਰਿਆ ਸੀ, ਅਤੇ ਇਸ ਤੋਂ ਅੱਗੇ, ਦੁਰਘਟਨਾ ਗ੍ਰਸਤ ਹੋਣ ਵਾਲੇ ਵਿਅਕਤੀ ਨੇ ਆਪ ਕਿਹੜਾ ਪੈਰ ਵਰਤਿਆ ਸੀ, ਪੇਸ਼-ਕਾਰੀ ਇੰਨੀ ਬਦਲ (ਰੂਪਾਂਤਰਿਤ ਹੋ ਸਕਦੀ) ਸਕਦੀ ਹੈ ਕਿ ਵਿਸੰਗਤੀ ਪ੍ਰਭਾਵ ਵਾਪਰਦਾ ਹੈ । ਪ੍ਰਦਰਸ਼ਨ ਕਰਤਾ ਇਸ ਪ੍ਰਭਾਵ ਨੂੰ ਪ੍ਰਾਪਤ ਕਰਨ ਲਈ ਆਪਣੀਆਂ ਹਰਕਤਾਂ



(ਹਿਲਜੁਲ) ਵੱਲ ਪੂਰਾ ਧਿਆਨ ਦਿੰਦਾ ਹੈ, ਉਹਨਾਂ ਨੂੰ ਬੜੇ ਧਿਆਨ ਨਾਲ ਹੌਲੀ ਹੌਲੀ ਅਮਲ 'ਚ ਲਿਆਉਂਦਾ ਹੈ ਇਸ ਤਰ੍ਹਾਂ ਉਹ ਛੋਟੀ ਜਿਹੀ ਉਪ-ਘਟਨਾ ਨੂੰ ਨਿਖੇੜ ਲੈਂਦਾ ਹੈ, ਉਸਦੇ ਮਹੱਤਵ ਉਪਰ ਜ਼ੋਰ ਦਿੰਦਾ ਹੈ, ਅਤੇ ਉਸਨੂੰ ਧਿਆਨ ਦੇ ਕਾਬਲ ਬਣਾਉਂਦਾ ਹੈ । ਅਤੇ ਇਸ ਤਰ੍ਹਾਂ ਐਪਿਕ ਥੀਏਟਰ ਦੀ ਵਿਸੰਗਤੀ ਪ੍ਰਭਾਵ ਦੀ ਜੁਗਤ ਸਾਡੇ ਗਲੀ ਦੇ ਨੁੱਕੜ ਪ੍ਰਦਰਸ਼ਨ ਲਈ ਵੀ ਲਾਹੇਵੰਦ ਸਿੱਧ ਹੁੰਦੀ ਹੈ । ਦੂਜੇ ਸ਼ਬਦਾਂ ਵਿਚ ਇਹ ਰੋਜ਼ਮਰਾ ਦੇ ਨਿੱਕੇ ਜਿਹੇ ਸੁਭਾਵਿਕ/ਕੁਦਰਤੀ ਨੁੱਕੜ ਥੀਏਟਰ ਵਿਚ ਵੀ ਦੇਖੀ ਜਾ ਸਕਦੀ ਹੈ, ਜਿਸ ਦਾ ਕਲਾ ਨਾਲ ਬਹੁਤਾ ਲਾਗਾ-ਦੇਗਾ ਨਹੀਂ । ਪੇਸ਼ਕਾਰੀ ਦੀ ਪ੍ਰਣਾਲੀ ਵਿਚ ਪ੍ਰਤੀਰੂਪਣ ਤੋਂ ਟਿੱਪਣੀ ਤਕ ਦੀ ਸਿੱਧੀ ਤਬਦੀਲੀ ਐਪਿਕ ਥੀਏਟਰ ਦਾ ਉਹ ਲੱਛਣ ਹੈ, ਜਿਸਨੂੰ ਅਜੇ ਵੀ ਕਿਸੇ ਨੁੱਕੜ ਪ੍ਰਦਰਸ਼ਨ ਦੇ ਤੱਤ ਵਜੋਂ ਵਧੇਰੇ ਆਸਾਨੀ ਨਾਲ ਪਛਾਣਿਆ ਜਾ ਸਕਦਾ ਹੈ । ਪ੍ਰਦਰਸ਼ਨ ਕਰਤਾ ਆਪਣੀ ਪੇਸ਼ਕਾਰੀ ਦੌਰਾਨ ਜਿਥੇ ਵੀ ਚਾਹੇ ਸਪਸ਼ਟੀਕਰਨ ਦੇਣ ਲਈ ਆਪਣੇ ਅਨੁਕਰਣ ਦੀ ਲੜੀ ਤੋੜ ਸਕਦਾ ਹੈ । ਐਪਿਕ ਥੀਏਟਰ ਦੇ ਕੋਰਸ-ਗੀਤ, ਦਸਤਾਵੇਜ਼ਾਂ ਨੂੰ ਪ੍ਰਕਾਸ਼ਮਾਨ ਕਰਨਾ ਅਤੇ ਅਦਾਕਾਰਾਂ ਦੁਆਰਾ ਦਰਸ਼ਕਾਂ ਨੂੰ ਸਿੱਧਾ ਮੁਖਾਤਿਬ ਹੋਣਾ ਆਦਿ ਅਸਲ ਵਿਚ ਅਜੇਹੀਆਂ ਜੁਗਤਾਂ ਹੀ ਹਨ ।

ਮੈਨੂੰ ਆਸ ਹੈ ਕਿ ਇਹ ਹੈਰਾਨੀ ਨਾਲ ਦੇਖਿਆ ਗਿਆ ਹੋਵੇਗਾ ਕਿ ਕਿ ਗਲੀ ਦੇ ਦ੍ਰਿਸ਼, ਅਤੇ ਇਸਦੇ ਨਾਲ ਹੀ ਐਪਿਕ ਥੀਏਟਰ ਦੇ ਗੁਣਾਂ ਨੂੰ ਬਿਆਨ ਕਰਦਿਆਂ ਮੈਂ ਪੂਰੀ ਤਰ੍ਹਾਂ ਕਲਾਤਮਕ ਤੱਤਾਂ ਵਿਚੋਂ ਕਿਸੇ ਇਕ ਦਾ ਵੀ ਨਾਂ ਨਹੀਂ ਲਿਆ । ਅਸਲ ਵਿਚ ਗਲੀ/ਨੁੱਕੜ ਦਾ ਪ੍ਰਦਰਸ਼ਨ ਕਰਤਾ ਉਹਨਾਂ ਯੋਗਤਾਵਾਂ ਨਾਲ ਸਫ਼ਲ ਪ੍ਰਦਰਸ਼ਨ ਕਰ ਸਕਦਾ ਹੈ, ਜੋ ਸਧਾਰਨ ਆਦਮੀਆਂ ਵਿਚ ਹੁੰਦੀਆਂ ਹਨ । ਕਲਾ ਵਜੋਂ ਐਪਿਕ ਥੀਏਟਰ ਦਾ ਮਹੱਤਵ ਕੀ ਹੈ ?

ਐਪਿਕ ਥੀਏਟਰ ਆਪਣਾ ਮੂਲ ਮਾਡਲ ਗਲੀ ਦੇ ਨੁੱਕੜ ਤੇ ਸਥਾਪਤ ਕਰਨਾ ਚਾਹੁੰਦਾ ਹੈ; ਅਰਥਾਤ ਇਹ ਬਹੁਤ ਸਰਲ 'ਪ੍ਰਕਿਰਤਕ' ਥੀਏਟਰ ਵਲ ਪਰਤਣਾ ਚਾਹੁੰਦਾ ਹੈ; ਇਕ ਸਮਾਜਕ ਮੁਹਿੰਮ ਜਿਸਦੇ ਸਰੋਤ, ਸਾਧਨ ਅਤੇ ਮਨੋਰਥ ਵਿਵਹਾਰਕ ਹਨ ਅਤੇ ਧਰਤੀ ਅਰਥਾਤ ਜੀਵਨ ਨਾਲ ਜੁੜੇ ਹਨ । ਥੀਏਟਰ ਦਾ ਇਹ ਮਾਡਲ — 'ਸਵੈ-ਪ੍ਰਗਟਾਵੇ ਦੀ ਤਾਂਘ', 'ਪਰਾਏ ਅਨੁਭਵ ਨੂੰ ਆਪਣਾ ਬਣਾਉਣਾ', 'ਆਤਮਿਕ ਅਨੁਭਵ', 'ਨਾਟਕ ਦੀ ਅੰਤਰ-ਪ੍ਰੇਰਨਾ', 'ਕਥਾ-ਵਾਚਕ ਦੀ ਕਲਾ' ਆਦਿ ਵਿਉਂਤਬਧ ਥੀਏਟਰੀ ਉਕਤੀਆਂ ਦੇ ਪ੍ਰਯੋਗ ਤੋਂ ਬਿਨਾ ਹੀ ਆਪਣਾ ਕੰਮ ਚਲਾਉਂਦਾ ਹੈ । ਕੀ ਇਸਦਾ ਭਾਵ ਇਹ ਹੈ ਕਿ ਐਪਿਕ ਥੀਏਟਰ ਕਲਾ ਨਾਲ ਸੰਬੰਧਤ ਨਹੀਂ ?

ਇਸ ਪ੍ਰਸ਼ਨ ਨੂੰ ਦੂਸਰੀ ਤਰ੍ਹਾਂ ਵੀ ਪੁੱਛਿਆ ਜਾ ਸਕਦਾ ਹੈ, ਉਹ ਇਹ ਕਿ ਕੀ ਅਸੀਂ ਆਪਣੇ ਨੁੱਕੜ ਪ੍ਰਦਰਸ਼ਨ ਲਈ ਕਲਾਤਮਕ ਯੋਗਤਾਵਾਂ ਦੀ ਵਰਤੋਂ ਕਰ ਸਕਦੇ ਹਾਂ ? ਸਪਸ਼ਟ ਤੌਰ ਤੇ ਕਰ ਸਕਦੇ ਹਾਂ । ਨੁੱਕੜ-ਪ੍ਰਦਸ਼ਨ ਵਿਚ ਵੀ ਕਲਾਤਮਿਕਤਾ ਦੇ

ਅੰਸ਼ ਸਾਮਿਲ ਹੁੰਦੇ ਹਨ। ਹਰ ਇਕ ਆਦਮੀ ਵਿਚ ਕੁਝ ਹੱਦ ਤੱਕ ਕਲਾਤਮਕ ਯੋਗਤਾਵਾਂ ਹੁੰਦੀਆਂ ਹਨ। ਜਦੋਂ ਅਸੀਂ ਮਹਾਨ ਕਲਾ ਦੇ ਸਨਮੁਖ ਹੁੰਦੇ ਹਾਂ, ਉਦੋਂ ਇਹ ਯਾਦ ਰੱਖਣਾ ਕੋਈ ਨੁਕਸਾਨ ਨਹੀਂ ਪਹੁੰਚਾਉਂਦਾ। ਨਿਰਸੰਦੇਹ, ਜਿਹਨਾਂ ਨੂੰ ਅਸੀਂ ਕਲਾਤਮਿਕ ਯੋਗਤਾਵਾਂ ਕਹਿੰਦੇ ਹਾਂ ਉਹਨਾਂ ਦੀ ਵਰਤੋਂ ਗਲੀ ਦੇ ਦ੍ਰਿਸ਼ ਦੇ ਮਾਡਲ ਦੁਆਰਾ ਆਰੋਪਿਤ ਸੀਮਾਵਾਂ ਦੇ ਅੰਦਰ ਰਹਿੰਦਿਆਂ ਕਿਸੇ ਵੀ ਸਮੇਂ ਕੀਤੀ ਜਾ ਸਕਦੀ ਹੈ। ਭਾਵੇਂ ਉਹ ਇਹਨਾਂ ਹੱਦਾਂ ਨੂੰ ਨਾ ਉਲੰਘਣ, ਉਹ ਕਲਾਤਮਕ ਯੋਗਤਾਵਾਂ ਵਜੋਂ ਹੀ ਆਪਣੀ ਭੂਮਿਕਾ ਨਿਭਾਉਣਗੀਆਂ। ਸੱਚ ਤਾਂ ਇਹ ਹੈ ਕਿ ਐਪਿਕ ਥੀਏਟਰ ਪੂਰੀ ਤਰ੍ਹਾਂ ਕਲਾਤਮਕ ਮਸਲਾ ਹੈ, ਕਲਾਕਾਰਾਂ, ਕਲਾ-ਪ੍ਰਬੀਨਤਾ, ਕਲਪਣਾ, ਮਸਖਰੀ ਅਤੇ ਹਮਦਰਦੀ ਆਦਿ ਤੋਂ ਬਿਨਾਂ ਇਹਦੇ ਬਾਰੇ ਸੋਚਿਆ ਹੀ ਨਹੀਂ ਜਾ ਸਕਦਾ। ਨਾ ਇਹਨਾਂ ਤੋਂ ਬਿਨਾ ਇਸ ਨੂੰ ਅਮਲ ਵਿਚ ਲਿਆਂਦਾ ਜਾ ਸਕਦਾ ਹੈ ਨਾ ਇਸਨੂੰ ਇਹਨਾਂ ਤੋਂ ਵਧੇਰੇ ਕਿਸੇ ਹੋਰ ਚੀਜ਼ ਦੀ ਜ਼ਰੂਰਤ ਹੈ। ਇਹ ਅਨੰਦ ਮਈ ਹੋਣਾ ਚਾਹੀਦਾ ਹੈ ਅਤੇ ਸਿੱਖਿਆ-ਦਾਇਕ ਵੀ। ਤਾਂ ਫੇਰ ਗਲੀ ਦੇ ਦ੍ਰਿਸ਼ ਦੇ ਤੱਤਾਂ ਵਿਚੋਂ, ਬਿਨਾ ਕੁਝ ਛੱਡੇ ਅਤੇ ਇਹਨਾਂ 'ਚ ਬਿਨਾ ਕੁਝ ਜੋੜੇ ਕਲਾ ਕਿਵੇਂ ਵਿਕਸਤ ਕੀਤੀ ਜਾ ਸਕਦੀ ਹੈ ? ਆਪਣੀ ਮਨ-ਘੜਤ ਕਹਾਣੀ, ਆਪਣੇ ਸੁਸਿਖਿਅਤ ਅਦਾਕਾਰਾਂ, ਬੋਲਣ ਦੇ ਗੌਰਵਮਈ ਅੰਦਾਜ਼, ਵੇਸ-ਭੂਸ਼ਾ, ਅਦਾਕਾਰਾਂ ਦੇ ਸਮੂਹ ਦੀ ਸਾਂਝੀ ਪੇਸ਼ਕਾਰੀ ਆਦਿ ਦੁਆਰਾ ਇਹ ਗਲੀ/ਨੁੱਕੜ ਦਾ ਦ੍ਰਿਸ਼ ਇਕ ਮੰਚੀ ਦ੍ਰਿਸ਼ ਵਿਚ ਕਿਵੇਂ ਵਿਕਸਤ ਹੁੰਦਾ ਹੈ। ਕੀ ਸੁਭਾਵਿਕ (ਪ੍ਰਕਿਰਤਕ) ਪ੍ਰਦਰਸ਼ਨ ਤੋਂ ਕਲਾਤਮਿਕ (ਨਿਰਮਿਤ) ਪ੍ਰਦਰਸ਼ਨ ਤਕ ਪਹੁੰਚਣ ਲਈ ਇਸ ਵਿਚ ਹੋਰ ਤੱਤਾਂ ਦਾ ਵਾਧਾ ਕਰਨਾ ਜ਼ਰੂਰੀ ਹੈ ?

ਕੀ ਇਹ ਸੱਚ ਨਹੀਂ ਕਿ ਐਪਿਕ ਥੀਏਟਰ ਤਕ ਪਹੁੰਚਣ ਲਈ ਅਸੀਂ ਆਪਣੇ ਮਾਡਲ ਵਿਚ ਜਿਹੜੇ ਜ਼ਰੂਰੀ ਵਾਧੇ ਕਰਨੇ ਹਨ, ਉਹ ਬੁਨਿਆਦੀ ਕਿਸਮ ਦੇ ਹਨ ? ਕੋਈ ਸੰਖੇਪ ਜਿਹਾ ਨਿਰੀਖਣ ਹੀ ਇਹ ਦਰਸਾ ਦੇਵੇਗਾ ਕਿ ਇਹ ਅਜੇਹੇ ਨਹੀਂ ਹਨ। ਕੋਈ ਵੀ ਕਹਾਣੀ ਲਵੋ। ਗਲੀ ਵਿਚ ਵਾਪਰੀ ਘਟਨਾ ਬਾਰੇ ਕੁਝ ਵੀ ਮਨ-ਘੜਤ ਨਹੀਂ ਸੀ। ਨਾ ਹੀ ਰੀਤੀਵਾਦੀ ਥੀਏਟਰ ਕੇਵਲ ਮਨ-ਘੜਤ ਕਹਾਣੀਆਂ ਨਾਲ ਨਿਪਟਦਾ/ਸੁਲਝਦਾ ਹੈ, ਉਦਾਹਰਨ ਵਜੋਂ ਇਤਿਹਾਸਕ ਨਾਟਕ ਬਾਰੇ ਸੋਚੋ। ਫੇਰ ਵੀ ਕਹਾਣੀ ਨੂੰ ਗਲੀ ਦੀ ਨੁੱਕਰ ਤੇ ਵੀ ਪ੍ਰਸਤੁਤ ਕੀਤਾ ਜਾ ਸਕਦਾ ਹੈ। ਸਾਡਾ ਨੁੱਕਰ ਦਾ ਪ੍ਰਦਰਸ਼ਨ ਕਰਤਾ ਕਿਸੇ ਵੀ ਸਮੇਂ ਇਹ ਕਹਿਣ ਦੀ ਸਥਿਤੀ ਵਿਚ ਹੋ ਸਕਦਾ ਹੈ ਕਿ, "ਕਸੂਰਵਾਰ ਡਰਾਈਵਰ ਸੀ, ਕਿਉਂਕਿ ਇਹ ਸਾਰਾ ਉਸੇ ਤਰ੍ਹਾਂ ਵਾਪਰਿਆ ਹੈ, ਜਿਵੇਂ ਮੈਂ ਤੁਹਾਨੂੰ ਦਰਸਾਇਆ ਹੈ। ਉਹ ਕਸੂਰਵਾਰ ਨਾ ਹੁੰਦਾ, ਜੇਕਰ ਇਹ ਇਸ ਤਰ੍ਹਾਂ ਵਾਪਰਿਆ ਹੁੰਦਾ ਜਿਵੇਂ ਕਿ ਮੈਂ ਹੁਣ ਦਰਸਾਉਣ ਜਾ ਰਿਹਾ ਹਾਂ।" ਅਤੇ ਉਹ ਕਿਸੇ ਘਟਨਾ ਦੀ ਘਾੜਤ ਘੜ ਸਕਦਾ ਹੈ ਅਤੇ ਉਸਨੂੰ ਪ੍ਰਸਤੁਤ ਕਰ ਸਕਦਾ ਹੈ। ਜਾਂ ਇਸ ਤੱਥ ਨੂੰ ਧਿਆਨ 'ਚ ਰਖੋ ਕਿ ਉਸਨੂੰ ਟੈਕਸਟ ਮੂੰਹ-ਜ਼ਬਾਨੀ ਯਾਦ ਹੈ। ਕਚਹਿਰੀ ਦੇ ਗਵਾਹ ਵਾਂਗ ਪ੍ਰਦਰਸ਼ਨ



ਕਾਰ ਨੇ ਸ਼ਾਇਦ ਵਿਸ਼ੇ ਦੇ ਸ਼ਬਦਾਂ ਨੂੰ ਸਹੀ ਸਹੀ ਲਿਖਿਆ ਹੋਵੇ, ਉਹਨਾਂ ਨੂੰ ਜ਼ਬਾਨੀ ਯਾਦ ਕੀਤਾ ਹੋਵੇ ਅਤੇ ਉਹਨਾਂ ਦਾ ਪੂਰਵ-ਅਭਿਆਸ ਕੀਤਾ ਹੋਵੇ, ਇਸ ਸਥਿਤੀ ਵਿਚ ਵੀ ਉਹ ਆਪਣੇ ਦੁਆਰਾ ਗਿਆਤ ਟੈਕਸਟ (ਪਾਠ) ਨੂੰ ਪ੍ਰਸਤੁਤ ਹੀ ਕਰ ਰਿਹਾ ਹੋਵੇਗਾ ਜਾਂ ਕਈ ਅਦਾਕਾਰਾਂ ਦੁਆਰਾ ਪੂਰਵ-ਅਭਿਆਸੇ (ਤਿਆਰ ਕੀਤੇ) ਪ੍ਰੋਗਰਾਮ ਨੂੰ ਲਵੋ, ਇਸ ਕਿਸਮ ਦੇ ਅਭਿਆਸ ਜੋ ਅਜੇਹੀ ਪ੍ਰਸਤੁਤੀ ਨੂੰ ਸਿਰਜਦੇ ਹਨ ਹਮੇਸ਼ਾਂ ਕਲਾਤਮਕ ਉਦੇਸ਼ ਲਈ ਹੋਂਦ 'ਚ ਨਹੀਂ ਆਉਂਦੇ। ਉਦਾਹਰਨ ਲਈ ਫਰਾਂਸੀਸੀ ਪੁਲਿਸ ਦੀ ਕਾਰਜ-ਸ਼ੈਲੀ ਦੇਖੀ ਜਾ ਸਕਦੀ ਹੈ ਜੋ ਕਿਸੇ ਫੌਜਦਾਰੀ ਘਟਨਾ ਦੇ ਅਹਿਮ ਦਸਤਾਵੇਜ਼ਾਂ ਦੀ ਤਿਆਰੀ ਸਮੇਂ ਪੁਲੀਸ ਦਰਸ਼ਕਾਂ (ਨਿਰੀਖਕਾਂ) ਸਾਹਮਣੇ ਵਾਰਦਾਤ ਦੀਆਂ ਨਿਰਣੈਕਾਰੀ ਸਥਿਤੀਆਂ ਨੂੰ ਮੁੜ ਕੇ ਖੇਡ ਦਿਖਾਉਂਦੀ ਹੈ। ਜਾਂ ਮੇਕ-ਅੱਪ ਕਰਨ ਨੂੰ ਲਵੋ। ਦਿਖ ਵਿਚ ਮਾਮੂਲੀ ਤਬਦੀਲੀਆਂ — ਜਿਵੇਂ ਕਿਸੇ ਦੇ ਕੇਸਾਂ/ਵਾਲਾਂ ਨੂੰ ਉਲਝਾਅ ਦੇਣਾ — ਗੈਰ ਕਲਾਤਮਿਕ ਕਿਸਮ ਦੇ ਪ੍ਰਦਰਸ਼ਨ ਦੇ ਚੌਖਟੇ ਵਿਚ ਕਦੇ ਵੀ ਵਾਪਰ ਸਕਦੀਆਂ ਹਨ। ਨਾ ਹੀ ਇੱਕਲੀ ਮੇਕ-ਅੱਪ ਨੂੰ ਆਪਣੇ ਆਪ ਹੀ ਥੀਏਟਰੀ ਉਦੇਸ਼ਾਂ ਲਈ ਵਰਤਿਆ ਜਾ ਸਕਦਾ। ਗਲੀ/ਨੁੱਕੜ ਦੇ ਸੀਨ ਵਿਚ ਡਰਾਈਵਰ ਦੀਆਂ ਮੁੱਛਾਂ ਭਾਵੇਂ ਵਿਸ਼ੇਸ਼ ਤੌਰ ਤੇ ਸਾਰਥਕ ਹੋਣ। ਉਹਨਾਂ ਨੇ ਸ਼ਾਇਦ ਪਹਿਲਾਂ ਸੁਝਾਈ ਗਈ ਸੰਭਾਵਿਤ ਸਾਥਣ ਕੁੜੀ ਦੀ ਗਵਾਹੀ ਨੂੰ ਪ੍ਰਭਾਵਿਤ ਕੀਤਾ ਹੋਵੇ। ਸਾਡਾ ਪ੍ਰਦਰਸ਼ਨ ਕਰਤਾ ਉਸਦੇ ਸਾਥੀ ਨੂੰ ਗਵਾਹੀ ਦਾ ਰੋਲ ਯਾਦ ਕਰਾਉਂਦਿਆ (ਅਨੁਬੋਧਨ-ਪਰੌਂਪਟਿੰਗ) ਡਰਾਈਵਰ ਨੂੰ ਕਲਪਿਤ ਮੁੱਛਾਂ ਤੇ ਹੱਥ ਫੇਰਦਿਆਂ ਦਿਖਾ ਕੇ ਇਸਨੂੰ ਪੁਨਰ-ਸਿਰਜ ਸਕਦਾ ਹੈ। ਇਸ ਤਰ੍ਹਾਂ ਪ੍ਰਦਰਸ਼ਨਕਾਰ ਇਕ ਗਵਾਹ ਵਜੋਂ ਉਸ ਕੁੜੀ ਦੀ ਸਾਖ ਘਟਾਉਣ ਲਈ ਕਾਫੀ ਕੁਝ ਕਰ ਸਕਦਾ ਹੈ। ਥੀਏਟਰ ਵਿਚ ਅਸਲੀ ਮੁੱਛ ਦੀ ਵਰਤੋਂ ਦੇ ਸੁਆਲ ਵੱਲ ਚਲੋ, ਐਪਰ ਇਹ ਵੀ ਪੂਰੀ ਤਰ੍ਹਾਂ ਆਸਾਨ ਤਬਦੀਲੀ ਨਹੀਂ, ਇਹੀ ਮੁਸ਼ਕਲ ਵੇਸ-ਭੂਸ਼ਾ ਦੇ ਸੰਬੰਧ ਵਿਚ ਆਉਂਦੀ ਹੈ। ਸਾਡਾ ਪ੍ਰਦਰਸ਼ਨ-ਕਰਤਾ ਖਾਸ ਪਰਿਸਥਿਤੀਆਂ ਵਿਚ ਸ਼ਾਇਦ ਡਰਾਈਵਰ ਦੀ ਟੋਪੀ ਵਲ ਧਿਆਨ ਦੇਵੇ, ਉਦਾਹਰਨ ਵਜੋਂ, ਜੇ ਉਸਨੇ ਇਹ ਦਰਸਾਉਣਾ ਹੋਵੇ ਕਿ ਉਹ ਸ਼ਰਾਬੀ ਸੀ ਤਾਂ ਉਹ ਟੋਪੀ ਨੂੰ ਬੇਢਬੇ ਢੰਗ ਨਾਲ ਲਈ ਹੋਈ ਦਿਖਾਏਗਾ। ਖਾਸ ਪ੍ਰਸਥਿਤੀਆਂ ਵਿਚ ਉਹ ਅਜੇਹਾ ਕੇਵਲ ਕੁਝ ਸ਼ਰਤਾਂ ਅਧੀਨ ਹੀ ਕਰ ਸਕਦਾ ਹੈ। ਐਪਰ ਅਸਾਂ ਉਪਰ ਦਰਸਾਏ ਗਏ ਅਜੇਹੇ ਪ੍ਰਦਰਸ਼ਨ, ਜਿਸ ਵਿਚ ਬਹੁਤ ਸਾਰੇ ਪ੍ਰਦਰਸ਼ਨ ਕਰਤਾ ਕਾਰਜਸ਼ੀਲ ਹੋਣ, ਕਿਰਦਾਰਾਂ ਨੂੰ ਇਕ ਦੂਜੇ ਤੋਂ ਨਿਖੇੜਨ ਲਈ ਕਾਸਟਿਊਮਜ਼ ਦੀ ਵਰਤੋਂ ਕਰ ਸਕਦੇ ਹਾਂ। ਇਹ ਵੀ ਕਾਸਟਿਊਮਜ਼ ਦੀ ਸੀਮਤ ਜਿਹੀ ਵਰਤੋਂ ਹੀ ਹੋਵੇਗੀ। ਜਿਥੇ ਵੀ ਅਜੇਹਾ ਭਰਮ/ਪ੍ਰਭਾਵ ਸਿਰਜਨ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ ਕਿ ਪ੍ਰਦਰਸ਼ਨਕਾਰ ਸੱਚੀਮੁੱਚੀ ਦੇ ਕਿਰਦਾਰ ਹਨ। (ਬੇਹਿਸਾਬ ਵਧਾਏ ਕਾਸਟਿਊਮਜ਼ ਤੇ ਪੋਸ਼ਾਕਾਂ, ਜਿਹਨਾਂ ਦੀ ਪ੍ਰਦਰਸ਼ਨ ਦੀਆਂ ਵਸਤੂਆਂ ਵਜੋਂ ਨਿਸ਼ਾਨ ਦੇਹੀ ਕੀਤੀ ਗਈ ਹੋਵੇ, ਦੁਆਰਾ

ਐਪਿਕ ਥੀਏਟਰ ਅਜੇਹੇ ਪ੍ਰਭਾਵ ਭਰਮ ਨੂੰ ਨਕਾਰਾ ਬਣਾ ਜਾਂ ਰੋਕ ਸਕਦਾ ਹੈ) ਇਸ ਵਿਸ਼ੇ ਤੇ ਅਸੀਂ ਇਸ ਤੋਂ ਇਲਾਵਾ ਆਪਣੇ ਮਾਡਲ ਦੇ ਬਦਲ ਵਜੋਂ ਇਕ ਹੋਰ ਨਮੂਨਾ ਸੁਝਾਅ ਸਕਦੇ ਹਾਂ, ਉਹ ਹੈ ਫੇਰੀ ਵਾਲਿਆਂ ਦੇ ਗਲੀ ਦੇ ਦਿਤੇ ਹੋਕੇ (ਪ੍ਰਦਰਸ਼ਨ) ਦੀ ਵੰਨਗੀ। ਆਪਣੀਆਂ ਟਾਈਆਂ ਵੇਚਣ ਲਈ ਉਹ ਇਕ ਸਜੇ-ਫਬੇ ਅਤੇ ਇਕ ਢਿੱਲੜ-ਲਿਬਾਸ ਵਾਲੇ ਬੰਦੇ ਨੂੰ ਚਿਤਰਨਗੇ, ਕੁਝ ਕੁ ਟੰਗਣਿਆਂ ਅਤੇ ਤਕਨੀਕੀ ਦਾਅ-ਪੇਚਾਂ ਰਾਹੀਂ ਉਹ ਅਹਿਮ ਛੋਟੇ ਦ੍ਰਿਸ਼ਾਂ ਨੂੰ ਨਿਭਾ ਸਕਦੇ ਹਨ, ਜਿਥੇ ਉਹ ਲਾਜ਼ਮੀ ਤੌਰ ਤੇ ਅਜਿਹੀਆਂ ਪਾਬੰਦੀਆਂ ਨੂੰ ਪੇਸ਼ ਕਰਦੇ ਹਨ ਜਿਹੋ ਜਿਹੀਆਂ ਸਾਡੇ ਗਲੀ ਦੇ ਦ੍ਰਿਸ਼ ਦੇ ਪ੍ਰਦਰਸ਼ਨ-ਕਰਤਾ ਉਪਰ ਲਾਗੂ ਹੁੰਦੀਆਂ ਹਨ। ਉਹ ਟਾਈ, ਟਪੀ, ਖੂੰਡੀ ਦਸਤਾਨੇ ਚੁੱਕਣਗੇ ਅਤੇ ਸੰਸਾਰ ਦੇ ਮਨੁੱਖ ਦੀਆਂ ਨਕਲਾਂ ਦੇ ਕੁਝ ਅਹਿਮ ਨਮੂਨੇ ਪੇਸ਼ ਕਰਨਗੇ, ਅਤੇ ਸਾਰਾ ਸਮਾਂ ਉਸਨੂੰ ਬਤੌਰ 'ਉਹ' ਹਵਾਲੇ ਨਾਲ ਪੇਸ਼ ਕਰਨਗੇ। ਸਾਡੇ ਬੁਨਿਆਦੀ ਮਾਡਲ ਦੇ ਚੌਖਟੇ ਵਾਂਗ ਅਸੀਂ ਫੇਰੀ ਵਾਲਿਆਂ ਦੇ ਪ੍ਰਦਰਸ਼ਨ ਵਿਚ 'ਪਦ' ਦੀ ਵਰਤੋਂ ਨੂੰ ਵੀ ਦੇਖਦੇ ਹਾਂ। ਉਹ ਡੋਰੀਆਂ ਅਤੇ ਅਖਬਾਰਾਂ ਨੂੰ ਵੇਚਣ ਲਈ ਠੋਸ, ਅਨਿਯਮਤ ਤਾਲਾਂ ਦੀ ਵਰਤੋਂ ਇਕੋ ਤਰ੍ਹਾਂ ਕਰਦੇ ਹਨ।

ਇਹਨਾਂ ਸਤਰਾਂ ਅਨੁਸਾਰ ਵਿਚਾਰ ਕਰਦਿਆਂ ਅਸੀਂ ਦੇਖਦੇ ਹਾਂ ਕਿ ਸਾਡਾ ਬੁਨਿਆਦੀ ਮਾਡਲ (ਨਮੂਨਾ) ਪ੍ਰਭਾਵ ਪਾਵੇਗਾ। ਕੁਦਰਤੀ ਅਤੇ ਨਿਰਮਿਤ (ਸਿਰਜਤ) ਐਪਿਕ ਥੀਏਟਰ ਦੇ ਤੱਤ ਇਕੋ/ਸਮਾਨ ਹਨ। ਸਾਡਾ ਗਲੀ ਦਾ/ਨੁੱਕੜ ਥੀਏਟਰ ਮੁਢਲਾ ਜਾਂ ਕਦੀਮੀ ਹੈ। ਇਸ ਦੀ ਪ੍ਰਸਤੁਤੀ ਦੇ ਸਰੋਤ, ਉਦੇਸ਼ ਅਤੇ ਵਿਧੀਆਂ ਘਰੇਲੂ ਕਲਾ ਦੇ ਨੇੜੇ ਦੀਆਂ ਹਨ। ਪਰੰਤੂ, ਨਿਰਸੰਦੇਹ ਇਹ ਅਜਿਹਾ ਸਾਰਥਕ ਵਰਤਾਰਾ ਹੈ, ਜਿਸ ਦਾ ਸਪਸ਼ਟ ਸਮਾਜਕ ਪ੍ਰਕਾਰਜ ਇਸਦੇ ਸਾਰੇ ਤੱਤਾਂ ਉਤੇ ਹਾਵੀ ਹੁੰਦਾ ਹੈ। ਪ੍ਰਸਤੁਤੀ ਦਾ ਆਧਾਰ ਇਕ ਘਟਨਾ ਹੁੰਦੀ ਹੈ, ਜਿਸਨੂੰ ਇਕ ਜਾਂ ਦੂਜੇ ਦ੍ਰਿਸ਼ਟੀਕੋਣ ਤੋਂ ਵਾਚਿਆ ਜਾ ਸਕਦਾ ਹੈ, ਇਹ ਵਿਭਿੰਨ ਰੂਪਾਂ ਵਿਚ ਦੁਹਰਾਈ ਜਾ ਸਕਦੀ ਹੈ ਅਤੇ ਇਸ ਦਾ ਕੋਈ ਵੀ ਰੂਪ ਅੰਤਿਮ ਨਹੀਂ ਹੁੰਦਾ, ਪਰੰਤੂ ਇਹ ਨਤੀਜਿਆਂ (ਸਿੱਟਿਆਂ) ਲਈ ਪਾਬੰਦ ਹੁੰਦੀ ਹੈ, ਇਸ ਲਈ ਘਟਨਾ ਦੇ ਅਜੇਹੇ ਵਿਵੇਚਨ (ਨਿਰੀਖਣ) ਦਾ ਕੁਝ ਮਹੱਤਵ ਹੁੰਦਾ ਹੈ। ਪ੍ਰਸਤੁਤੀ ਦਾ ਉਦੇਸ਼ ਘਟਨਾ ਬਾਰੇ ਰਾਇ ਬਣਾਉਣ ਨੂੰ ਸੁਖਾਲਾ ਬਣਾਉਣਾ ਹੈ। ਇਸਦੇ ਸਾਧਨ ਉਸਦੇ ਅਨੁਸਾਰੀ ਹੁੰਦੇ ਹਨ! ਐਪਿਕ ਥੀਏਟਰ, ਜਟਿਲ ਵਸਤੂ ਅਤੇ ਦੂਰ-ਰਸ ਸਮਾਜੀ ਲਕਸ਼ਾਂ ਵਾਲਾ ਬਹੁਤ ਸਧਿਆ ਹੁਨਰੀ ਥੀਏਟਰ ਹੈ। ਗਲੀ ਦੇ ਦ੍ਰਿਸ਼ ਨੂੰ ਐਪਿਕ ਥੀਏਟਰ ਦੇ ਬੁਨਿਆਦੀ ਨਮੂਨੇ ਵਜੋਂ ਸਥਾਪਿਤ ਕਰਦਿਆਂ ਅਸੀਂ ਇਸਦੇ ਸਪਸ਼ਟ ਸਮਾਜਕ ਪ੍ਰਕਾਰਜ ਨੂੰ ਪ੍ਰਵਾਨ ਕਰਦੇ ਹਾਂ ਅਤੇ ਐਪਿਕ ਥੀਏਟਰ ਨੂੰ ਉਹ ਕਸੌਟੀ ਪ੍ਰਦਾਨ ਕਰਦੇ ਹਾਂ ਜਿਸ ਦੁਆਰਾ ਇਹ ਨਿਰਣਾ ਕਰਨਾ ਹੈ ਕਿ ਕੀ ਕੋਈ ਘਟਨਾ ਅਰਥ ਪੂਰਨ ਹੈ ਜਾਂ ਨਹੀਂ। ਇਸ ਬੁਨਿਆਦੀ ਮਾਡਲ ਦਾ ਵਿਵਹਾਰਕ ਮਹੱਤਵ ਹੈ।



## ਪੰਜਾਬੀ ਨਾਟਕ ਦਾ ਇਤਿਹਾਸ

### 1940 ਤੋਂ 1947 ਤੱਕ ਦਾ ਪੰਜਾਬੀ ਨਾਟਕ-ਭਾਗ ਦੂਜਾ

ਸਬਿੰਦਰ ਜੀਤ ਸਾਗਰ (ਡਾ:)

1946-47 ਵਿਚ ਪ੍ਰਕਾਸ਼ਿਤ ਨਾਟਕਾਂ ਵਿਚ ਸਥਿਤੀ ਬਦਲੀ ਹੋਈ ਹੈ। ਇਹਨਾਂ ਨਾਟਕਾਂ ਵਿਚ ਮੱਧ-ਵਰਗੀ ਰਾਜਨੀਤੀ ਦਾ ਅਸਲੀ ਖਾਸਾ ਉਭਰ ਕੇ ਸਾਹਮਣੇ ਆਉਂਦਾ ਹੈ, ਉਸ ਦੇ ਨਤੀਜੇ ਵਜੋਂ ਆਮ ਲੋਕਾਂ ਵਿਚ ਮੋਹ ਭੰਗ ਦੀ ਸਥਿਤੀ ਪੈਦਾ ਹੁੰਦੀ। ਨਾਟਕਾਂ ਵਿਚ ਇਹ ਸਥਿਤੀ ਗੁੱਸੇ ਤੇ ਨਿਰਾਸ਼ਾ ਦੇ ਭਾਵ ਨੂੰ ਉਭਰਦੀ ਹੈ। 1946 ਵਿਚ ਲਿਖੇ ਗੁਰਬਖਸ਼ ਸਿੰਘ ਦੇ ਨਾਟਕ 'ਸਾਡੀ ਹੋਣੀ ਦਾ ਲਿਸ਼ਕਾਰਾ' ਦਾ ਵਿਸ਼ਾ ਉਸੇ ਸਾਲ ਮਦਰਾਸ ਵਿਚ ਹੋਈ ਰੇਲਵੇ ਹੜਤਾਲ ਤੋੜਨ ਲਈ ਕਾਂਗਰਸ ਵਲੋਂ ਕੀਤੇ ਗਏ ਤਸ਼ੱਦਦ ਬਾਰੇ ਹੈ। ਨਾਟਕਕਾਰ ਨੇ ਨਾਟਕ ਦੀ ਭੂਮਿਕਾ ਵਿਚ ਲਿਖਿਆ ਹੈ, "ਦੋ ਹਫ਼ਤਿਆਂ ਦੀ ਗਲ ਹੈ ਕਿ ਮਦਰਾਸ ਦੀ ਮਨਿਸਟਰੀ ਹੇਠਾਂ ਰੇਲਵੇ ਦੀ ਸਟਰਾਇਕ ਤੋੜਨ ਲਈ ਉਹ ਜ਼ੁਲਮ ਕੀਤੇ ਹਨ, ਜਿਹੜੇ ਮੰਨੇ ਨਾ ਜਾਣ ਦੇ ਡਰੋਂ ਏਥੇ ਲਿਖਣੋਂ ਸੰਕੋਚ ਕੀਤਾ ਜਾਂਦਾ ਹੈ।"

1945-46 ਵਿਚ ਕਾਂਗਰਸ ਤੇ ਹੋਰ ਪਾਰਟੀਆਂ ਨੇ ਸੰਗਠਿਤ ਟੱਕਰ ਦਾ ਰਾਹ ਛੱਡ ਕੇ ਸਾਰਾ ਧਿਆਨ ਚੋਣਾਂ ਵੱਲ ਲਾ ਦਿੱਤਾ ਸੀ। 1946 ਦੇ ਅਰੰਭ ਵਿਚ ਹੋਈਆਂ ਚੋਣਾਂ ਵਿਚ ਬੰਗਾਲ, ਸਿੰਧ ਤੇ ਪੰਜਾਬ ਨੂੰ ਛੱਡ ਕੇ ਕਾਂਗਰਸ ਦੀ ਹਰ ਥਾਂ ਬਹੁ-ਗਿਣਤੀ ਸੀ। ਮੁਸਲਿਮ ਲੀਗ ਨੇ ਬੰਗਾਲ, ਸਿੰਧ ਤੇ ਪੰਜਾਬ ਵਿਚ ਵੱਡੀ ਗਿਣਤੀ ਵਿਚ ਸਫ਼ਲਤਾ ਹਾਸਲ ਕੀਤੀ। ਪਰ ਛੇਤੀ ਹੀ ਰਾਜਨੀਤਕ ਉਤਸ਼ਾਹ ਮੱਠਾ ਪੈਣ ਲਗ ਪਿਆ। ਆਮ ਲੋਕਾਂ ਦੇ ਸੰਘਰਸ਼ ਉਭਰਨੇ ਸ਼ੁਰੂ ਹੋ ਗਏ। ਇਕ ਪਾਸੇ ਲੋਕਾਂ ਦਾ ਸੰਘਰਸ਼ ਤੇਜ਼ ਹੋ ਰਿਹਾ ਸੀ ਤੇ ਲੋਕਾਂ ਵਿਚ ਫਿਰਕੂ ਏਕਾ ਵਧ ਰਿਹਾ ਸੀ, ਦੂਜੇ ਪਾਸੇ ਅੰਗਰੇਜ਼ ਤੇ ਉਹਨਾਂ ਦੇ ਭਾਈਵਾਲ ਕਾਂਗਰਸ ਤੇ ਮੁਸਲਿਮ ਲੀਗ ਇਹਨਾਂ ਸੰਘਰਸ਼ਾਂ ਦੇ ਵਿਰੁੱਧ ਸਨ ਤੇ ਫਿਰਕੂ ਏਕੇ ਨੂੰ ਤੋੜਨ ਲਈ ਜਤਨ ਕਰ ਰਹੇ ਸਨ। ਰੇਲਵੇ ਦੀ ਇਸ ਹੜਤਾਲ ਬਾਰੇ ਨਾਟਕਕਾਰ ਲਿਖਦਾ ਹੈ, "ਪਰ ਅਜ ਹਰ ਥਾਂ ਹਰ ਸ਼੍ਰੇਣੀ ਦੇ ਹੜਤਾਲੀਆਂ ਉਤੇ ਅਕਹਿ ਤਸ਼ੱਦਦ ਕੀਤਾ ਜਾ ਰਿਹਾ ਹੈ ਕਿਉਂਕਿ ਨਾ ਕਾਂਗਰਸ, ਨਾ ਲੀਗ, ਨਾ ਕੌਮੀ ਪ੍ਰੈਸ ਹੜਤਾਲੀਆਂ ਨਾਲ ਹਮਦਰਦੀ ਪ੍ਰਗਟ ਕਰਦੇ ਹਨ।" ਇਸ ਸਥਿਤੀ ਵਿਚ ਸੁਚੇਤਨ ਲੋਕਾਂ ਦਾ ਮੋਹ ਭੰਗ ਹੋਣਾ ਸੁਭਾਵਿਕ ਸੀ। 'ਸਾਡੀ ਹੋਣੀ ਦਾ ਲਿਸ਼ਕਾਰਾ' ਇਸੇ ਮੋਹ ਭੰਗ ਦੀ ਸਥਿਤੀ ਨੂੰ ਪੇਸ਼ ਕਰਦਾ ਹੈ। ਨਾਟਕ ਦਾ ਪਾਤਰ 'ਪ੍ਰਧਾਨ' ਕਹਿੰਦਾ ਹੈ "ਇਹ ਲੀਡਰ! ਅੰਗਰੇਜ਼ਾਂ ਨੂੰ ਆਂਹਦੇ ਨੇ 'ਹਿੰਦ ਛੱਡ ਜਾਓ' ਪਰ ਸਾਂਝੀਆਂ ਤਹਿਰੀਕਾਂ ਦੇ ਸਭ ਖਿਲਾਫ਼ ਹੋ ਰਹੇ

ਨੇ -ਕੀ ਕਾਂਗਰਸ, ਕੀ ਲੀਗ, ਕੀ ਅਕਾਲੀ ਤੇ ਕੀ ਇਹਨਾਂ ਦਾ ਪ੍ਰੈਸ—ਸਭ ਸਾਂਝੀਆਂ
ਤਹਿਰੀਕਾਂ ਦੀ ਹਾਰ ਉਡੀਕਦੇ ਰਹਿੰਦੇ ਨੇ ..''

ਇਹ ਨਾਟਕ ਗੁਰਬਖ਼ਸ਼ ਸਿੰਘ ਦੇ ਬਾਕੀ ਨਾਟਕਾਂ ਤੋਂ ਵਖਰਾ ਤੇ ਵਧੇਰੇ ਯਥਾਰਥਕ
ਹੈ। ਇਹ ਨਾਟਕ 5 ਅਕਤੂਬਰ, 1955 ਨੂੰ ਸਾਲਾਨਾ ਪ੍ਰੀਤ-ਮਿਲਣੀ ਦੇ ਮੌਕੇ ਉਤੇ
ਖੇਡਿਆ ਗਿਆ ਸੀ। ਭਾਵੇਂ ਇਸ ਵਿਚ ਵੀ ਕਿਤੇ ਕਿਤੇ ਲੰਮੇ ਵਾਰਤਾਲਾਪ ਵੇਖਣ ਨੂੰ
ਮਿਲਦੇ ਹਨ, ਪਰ ਇਹ ਬਾਕੀ ਨਾਟਕਾਂ ਨਾਲੋਂ ਵਧੇਰੇ ਥੀਏਟਰੀ ਗੁਣ ਰਖਦਾ ਹੈ।
ਗੁਰਬਖਸ਼ ਸਿੰਘ ਦੇ ਨਾਟਕ 'ਪ੍ਰੀਤ ਮਣੀ' ਨਾਲ (ਤੇ ਹੋਰ ਨਾਟਕਾਂ ਨਾਲ ਵੀ) ਤੁਲਨਾ
ਕੀਤੀ ਜਾਵੇ ਤਾਂ ਮਹੱਤਵਪੂਰਨ ਅੰਤਰ ਵੇਖਣ ਨੂੰ ਮਿਲਦਾ ਹੈ। 'ਪ੍ਰੀਤਮਣੀ' ਹਾਲੀ ਵੀ
ਮੱਧ-ਵਰਗ ਦੇ ਨਿਆਂ-ਪ੍ਰਣਾਲੀ ਵਿਚ ਵਿਸ਼ਵਾਸ ਤੇ ਆਚਰਣ ਦੀ ਉਚਤਾ ਦੁਆਰਾ
ਸਫਲਤਾ ਪ੍ਰਾਪਤੀ ਦੇ ਵਿਚਾਰ ਪੇਸ਼ ਕਰਦਾ ਹੈ। ਪਰ 'ਸਾਡੀ ਹੋਣੀ ਦਾ ਲਿਸ਼ਕਾਰਾ'
ਵਿਚ ਵਿਚ ਇਹ ਵਿਸ਼ਵਾਸ ਖੁਰ ਗਿਆ ਹੈ ਤੇ ਬਦਲੇ ਹੋਏ ਹਾਲਾਤ ਕਰਕੇ ਜ਼ੁਲਮ ਕਰਨ
ਵਾਲੇ ਦਾ 'ਪ੍ਰੀਤ ਮਣੀ' ਦੇ ਬਨਾਉਟੀ ਪਤੀ ਵਾਂਗ ਹਿਰਦੇ ਪਰਿਵਰਤਨ ਨਹੀਂ ਹੁੰਦਾ।
ਕਹਿਣ ਦਾ ਭਾਵ ਇਹ ਨਹੀਂ ਕਿ ਨਾਟਕ ਵਿਚ ਗੁਰਬਖਸ਼ ਸਿੰਘ ਆਪਣੀ ਪਰੰਪਰਾਗਤ
ਪਹੁੰਚ ਦਾ ਪੂਰੀ ਤਰ੍ਹਾਂ ਤਿਆਗ ਕਰਦਾ ਹੈ ਕਿਉਂਕਿ ਇਸ ਵਿਚ ਵੀ ਚਰਿਤਰ ਤੇ ਪ੍ਰੇਮ
ਦੀ ਸੁੱਚਤਾ ਉਤੇ ਜ਼ੋਰ ਦਿਤਾ ਗਿਆ ਹੈ। ਇਸ ਵਿਚ ਫਿਰਕੂ ਰਾਜਨੀਤਕ ਲੀਡਰਾਂ
ਵਲੋਂ ਵਧਾਈ ਗਈ ਫਿਰਕੂ ਭਾਵਨਾ ਤੇ ਸਰਕਾਰੀ ਜ਼ੁਲਮ ਨੂੰ ਚਰਿਤਰ ਦੇ ਬਲ ਤੇ
ਸਹਿਨ ਕਰਨ ਦਾ ਉਲੇਖ ਵੀ ਮਿਲਦਾ ਹੈ। ''ਕਾਸ਼! ਕਦੇ ਅਸੀਂ ਸਾਰੇ ਆਦਮੀ ਹੁੰਦੇ।
—ਹਛਾ—ਕੀ ਹੋਇਆ ਜੇ ਦੋ ਪੰਛੀਆ ਨੂੰ ਦਿਲ ਮੇਲਣ ਦੀ ਇਜਾਜ਼ਤ ਨਹੀਂ—
ਉਹਨਾਂ ਦੇ ਫੜਫੜਾਂਦੇ ਖੰਭਾਂ ਦੀਆਂ ਨੋਕਾਂ ਤਾਂ ਇਕ ਦੂਜੇ ਨੂੰ ਛੂਹ ਸਕਦੀਆਂ ਨੇ—ਤੇ ਦੋ
ਪਾਰਟੀਆਂ ਕੌਮਾਂ ਤੇ ਪੁਲ ਬੰਨ੍ਹਣ ਵਿਚ ਸਹਾਈ ਹੋ ਸਕਦੀਆਂ ਨੇ।'' ਦਰਅਸਲ ਇਸ
ਨਾਟਕ ਵਿਚ ਮਿਲਦੇ ਅੰਤਰ ਨੂੰ ਦਸਣ ਦਾ ਮੰਤਵ ਇਸ ਗੱਲ ਵਲ ਸੰਕੇਤ ਕਰਨਾ ਹੈ
ਕਿ ਇਹ ਅੰਤਰ ਬਦਲੀ ਸਥਿਤੀ ਦਾ ਸੂਚਕ ਹੈ। ਰਾਜਨੀਤੀ ਵਿਚ ਹੋ ਰਹੀਆਂ
ਘਟਨਾਵਾਂ ਕਰਕੇ ਮੋਹ-ਭੰਗ ਦੀ ਸਥਿਤੀ ਪੈਦਾ ਹੋਣੀ ਸੁਭਾਵਿਕ ਸੀ ਜਿਸ ਦੇ ਨਤੀਜੇ
ਵਜੋਂ ਨਿਰਾਸ਼ਾ ਦਾ ਸੁਰ ਪ੍ਰਧਾਨ ਹੋ ਗਿਆ ਸੀ। ਰਾਇਲ ਇੰਡੀਅਨ ਨੇਵੀ ਦੀ ਬਗਾਵਤ
(ਫਰਵਰੀ 1946) ਨੂੰ ਵੀ ਖ਼ਤਮ ਕਰਨ ਲਈ ਕਾਂਗਰਸ ਤੇ ਮੁਸਲਿਮ ਲੀਗ ਨੇ ਸਰਕਾਰ
ਨੂੰ ਪੂਰਾ ਸਹਿਯੋਗ ਦਿਤਾ ਸੀ। ਇਸ ਮੋਹ ਭੰਗ ਦੀ ਸਥਿਤੀ ਨੂੰ ਬਗਾਵਤ ਵਿਚ ਸ਼ਾਮਿਲ
ਹੋਣ ਵਾਲੇ ਸਥਿਤੀ ਦੇ ਗੌਰਵੀਕਰਨ ਦੁਆਰਾ ਇਹਨਾਂ ਸ਼ਬਦਾਂ ਵਿਚ ਪ੍ਰਗਟਾਉਂਦੇ ਹਨ
"Our strike has been a historic event in the life of our nation. For
the first time blood of men in the services and in the streets flowed
together in a common cause. We in the services will never forget
this. We know also that you, our brothers and sisters will not
forget. Long live our great people. Jai Hind.



ਪਰ ਇਸ ਵਿਚ ਨਿਰਾਸ਼ਾ ਦੀ ਇਕ ਗੁੱਝੀ ਸੁਰ ਲੁਕੀ ਹੋਈ ਹੈ। ਮੋਹ ਭੰਗ ਨਾਲ
ਜਿਥੇ ਗੁੱਸਾ ਤੇ ਨਿਰਾਸ਼ਾ ਦਾ ਉਭਰਨਾ ਸੁਭਾਵਿਕ ਹੈ, ਉਥੇ ਇਹ 'ਦ੍ਰਿੜ ਆਸ਼ਾਵਾਦੀ
ਇਰਾਦੇ ਦਾ ਰੂਪ ਵੀ ਧਾਰਨ ਕਰਦਾ ਹੈ। ਨਾਟਕ ਵਿਚ ਤਲਖੀ ਤੇ ਆਸ਼ਾਵਾਦੀ ਸੁਰ
ਇਸ ਨਿਰਾਸ਼ਾ ਦਾ ਰੂਪ ਹੈ। ਪ੍ਰਧਾਨ ਨਾਟਕ ਦੇ ਅੰਤ ਵਿਚ ਕਹਿੰਦਾ ਹੈ 'ਤੂੰ ਮੈਨੂੰ
ਫੜ ਸਕਦਾ ਹੈ ਪਰ ਇਹ ਗੱਲ ਆਪਣੇ ਦਿਮਾਗ ਵਿਚੋਂ ਉਕੀ ਕਢ ਸੁਟ, ਕਿ ਹੁਣ
ਤੁਸੀਂ ਕਿਸੇ ਲੀਡਰ ਨੂੰ ਫੜ ਕੇ ਸਾਡੀ ਤਹਿਰੀਕ ਦਾ ਗਲਾ ਘੁਟ ਸਕਦੇ ਹੋ। ਉਹ ਯੁਗ
ਲੰਘ ਗਿਆ ਜਦੋਂ ਲੀਡਰ ਤਹਿਰੀਕਾਂ ਪੈਦਾ ਕਰਿਆ ਕਰਦੇ ਸਨ, ਹੁਣ ਤਹਿਰੀਕਾਂ
ਲੀਡਰ ਪੈਦਾ ਕਰਦੀਆਂ ਹਨ - ਤੇ ਜਦ ਤਕ ਕੋਈ ਤਹਿਰੀਕ ਸਹੀ ਸਿੱਟਾ ਹੈ, ਓਦੋਂ
ਤਕ ਹਰ ਕੋਈ ਪਾਟੇ ਹੋਏ ਜਾਂਗੀਏ ਵਾਲਾ ਮਜ਼ਦੂਰ ਇਸ ਦੀ ਅਗਵਾਈ ਕਰ ਸਕਦਾ
ਹੈ। ਸਾਥੀਓ, ਹੜਤਾਲ ਜਾਰੀ ਹੈ। ''ਸਾਡੀ ਹੋਣੀ ਦਾ ਲਿਸ਼ਕਾਰਾ'' ਇਸੇ ਮੋਹ ਭੰਗ
ਦੀ ਸਥਿਤੀ ਦਾ ਪ੍ਰਗਟਾ ਕਰਦਿਆਂ ਇਸ ਗਲ ਦੀ ਆਸ ਨੂੰ ਵੀ ਜਨਮ ਦਿੰਦਾ ਹੈ
ਕਿ ਮਜ਼ਦੂਰਾਂ ਨਾਲ ਕੀਤੀਆਂ ਜਾ ਰਹੀਆਂ ਵਧੀਕੀਆਂ ਤੇ ਉਹਨਾਂ ਵਿਚ ਪਾਈ ਜਾ
ਰਹੀ ਫਿਰਕੂ ਫਟ ਉਤੇ ਮਜ਼ਦੂਰ ਸੰਘਰਸ਼ ਹੀ ਠੱਲ ਪਾ ਸਕਦਾ ਹੈ। ਪ੍ਰਧਾਨ ਦਾ
ਵਿਚਾਰ ਹੈ ਕਿ ''ਮਜ਼ਦੂਰਾਂ ਦੀ ਆਪਣੀ ਏਕਤਾ ਹੁਣ ਏਨੀ ਪੱਕੀ ਹੁੰਦੀ ਜਾ ਰਹੀ ਹੈ
ਕਿ ਬਾਹਰਲੇ ਸ਼ੰਕੇ ਬਾਹਰਲੇ ਇਲਜ਼ਾਮ ਇਹਦਾ ਭਰੋਸਾ ਨਹੀਂ ਘਟਾ ਸਕਦੇ। ਸਗੋਂ
ਮਜ਼ਦੂਰ ਫੁਟ ਦੀਆਂ ਤਾਕਤਾਂ ਤੇ ਕਾਬੂ ਪਾਣਗੇ ਤੇ ਆਮ ਲੋਕਾਂ ਵਿਚ ਫੇਰ ਏਕਾ ਕਰਣਗੇ।
ਹਿੰਦੂ ਮੁਸਲਿਮ ਫ਼ਸਾਦ ਨੂੰ ਅਜ ਇਹ ਹੀ ਮੁਕਾ ਸਕਦੇ ਹਨ।''

ਇਸੇ ਨਿਰਾਸ਼ਾ ਦਾ ਸੁਰ ਉਸ ਸਮੇਂ ਦੇ ਕਾਵਿ ਨਾਟਕ 'ਕਾਫ਼ਲੇ' ਵਿਚ ਵੇਖਿਆ
ਜਾ ਸਕਦਾ ਹੈ। 1947 ਦੇ ਅਰੰਭ ਵਿਚ ਪ੍ਰਕਾਸ਼ਿਤ ਇਹ ਨਾਟਕ ਪ੍ਰਭਜੋਤ, ਮੇਜਰ
ਨਰਿੰਦਰ ਸਿੰਘ ਤੇ ਸੁਰਜੀਤ ਸੱਚਰ ਨੇ ਸਾਂਝੇ ਤੌਰ ਉਤੇ ਲਿਖਿਆ ਹੈ। ਭਾਵੇਂ ਨਾਟਕ ਦਾ
ਮੂਲ ਵਿਸ਼ਾ ਰੋਹਣੀ ਤੇ ਬੀਰ ਸਿੰਘ ਦੇ ਪਿਆਰ ਦੀ ਕਹਾਣੀ ਹੈ, ਪਰ ਸਾਰੇ ਨਾਟਕ ਵਿਚ
ਨਿਰਾਸ਼ਾ ਦਾ ਹਨੇਰਾ ਫੈਲਿਆ ਹੋਇਆ ਹੈ। ਕਿਸੇ ਵੀ ਸਮਾਜਿਕ-ਰਾਜਨੀਤਕ ਸਥਿਤੀ
ਦਾ ਸਾਹਿਤ ਵਿਚ ਪ੍ਰਗਟਾ ਇਕੋ ਜਿਹਾ ਤੇ ਸਿੱਧਾ ਨਹੀਂ ਹੁੰਦਾ। ਹਰ ਰਚਨਾਕਾਰ
ਆਪਣੀ ਵਿਅਕਤੀਗਤ ਦ੍ਰਿਸ਼ਟੀ ਤੇ ਸਭਿਆਚਾਰਕ ਪਰਿਪੇਖ ਤੋਂ ਇਸ ਨੂੰ ਵੇਖਦਾ ਤੇ
ਪੇਸ਼ ਕਰਦਾ ਹੈ। 'ਕਾਫ਼ਲੇ' ਵਿਚ ਨਾਟਕਕਾਰ ਨੇ ਪ੍ਰੇਮ ਕਥਾ ਦੀ ਮੂਲ ਸਮੱਸਿਆ ਨੂੰ
ਜਾਣ ਕੇ ਉਹਲਾ ਦੇਣ ਦੀ ਕੋਸ਼ਿਸ਼ ਕੀਤੀ ਹੈ ਤਾਂ ਜੋ ਇਸ ਨੂੰ ਵਿਆਪਕ ਅਰਥ ਦਿੱਤੇ
ਜਾ ਸਕਣ। ਨਾਟਕ ਦੇ ਅਰੰਭ ਵਿਚ ਕਿਹਾ ਗਿਆ ਹੈ, ''ਇਕ ਘਟਨਾ ਨੇ ਪ੍ਰੀਤਮ ਤੇ
ਪ੍ਰੀਤਮਾ ਨੂੰ ਇਉਂ ਵਿਛੜਨ ਤੇ ਮਜਬੂਰ ਕਰ ਦਿਤਾ ਹੈ। ਉਹ ਘਟਨਾ ਕੀ ਸੀ? ਸਵਾਏ
ਉਹਨਾਂ ਦੋਹਾਂ ਦੇ ਹੋਰ ਕੋਈ ਨਹੀਂ ਜਾਣਦਾ ਆਪਣਾ ਪਵਿੱਤਰ ਭੇਦ।'' ਨਾਟਕਕਾਰ
ਵਲੋਂ ਸਮੱਸਿਆ ਨੂੰ ਵਿਆਪਕ ਪਾਸਾਰ ਦੇਣ ਦਾ ਜਤਨ ਪੂਰੀ ਤਰ੍ਹਾਂ ਸਫਲ ਨਹੀਂ
ਕਿਹਾ ਜਾ ਸਕਦਾ। ਨਾਟਕ ਵਿਚ ਹਾਲਾਤ ਨੂੰ ਚਿਤਰਦਿਆਂ ਲਿਖਿਆ ਗਿਆ ਹੈ:

"ਮੇਰੇ ਦਿਲ ਅੰਦਰ ਧੁੰਦੂਕਾਰ ਹੈ, ਬਾਹਿਰ ਕਾਲੀ ਰਾਤ ਦੀ
ਸਿਆਹੀ ਹੈ ਤੇ ਸਿਆਹ ਹਨ ਮੇਰੀਆਂ ਭਵਿਖਤ ਦੀਆਂ ਆਸਾਂ।"

ਕਾਫਲੇ' ਦਾ ਨਾਇਕ ਬੀਰ ਸਿੰਘ ਰੋਹਣੀ ਤੋਂ ਮੁਆਫ਼ੀ ਮੰਗਦਾ ਹੈ ਕਿ ਉਸ ਤੋਂ ਗਲਤੀ ਹੋ ਗਈ, ਪਰ ਰੋਹਣੀ ਸਖਤੀ ਨਾਲ ਜੁਆਬ ਦੇਂਦੀ ਹੈ:

"ਭੁਲੇਖਾ ਹੋਇਆ ਸੀ ਤੁਹਾਨੂੰ !
ਪਰ ਮੂੰਦ ਦਿਤੇ,
ਤੁਸਾਂ ਮੇਰੇ ਅਰਮਾਨਾਂ ਦੇ ਮੂੰਹ !
ਰੋਲ ਦਿਤੇ ਤੁਸਾਂ ਮੇਰੇ,
ਵਲਵਲਿਆਂ ਦੇ ਖ਼ਜ਼ਾਨੇ !"

ਪਰ ਰੋਹਣੀ ਬੀਰ ਸਿੰਘ ਨੂੰ ਮੁਆਫ਼ ਨਹੀਂ ਕਰਦੀ ਤੇ ਸਖਤੀ ਨਾਲ ਕਹਿੰਦੀ ਹੈ ਕਿ ਉਹ ਸਦਾ ਲਈ ਜਾ ਰਹੀ ਹੈ। ਇਸ ਤਰ੍ਹਾਂ ਸਾਰੇ ਨਾਟਕ ਵਿਚ ਵਿਸ਼ਾਦ, ਨਿਰਾਸ਼ਾ ਤੇ ਵਿਛੜਨ ਦਾ ਦੁਖ ਪਾਤਰਾਂ ਨੂੰ ਘੇਰੀ ਰਹਿੰਦਾ ਹੈ। ਇਸ ਸਥਿਤੀ ਵਿਚ ਰੋਹਣੀ ਵਰਗੇ ਕੁਝ ਪਾਤਰ ਸਮਝੌਤਾ ਨਹੀਂ ਕਰਨਾ ਚਾਹੁੰਦੇ। ਦਰਅਸਲ ਉਹਨਾਂ ਦਾ ਅਹਿਮ, ਉਹਨਾਂ ਦਾ ਸਵੈ-ਮਾਨ ਉਹਨਾਂ ਨੂੰ ਸਮਝੌਤਾ ਕਰਨ ਤੋਂ ਵਰਜਦਾ ਹੈ। ਮੱਧ ਵਰਗੀ ਰਾਜਨੀਤਕ ਪਾਰਟੀਆਂ ਤੇ ਸੰਘਰਸ਼ਸ਼ੀਲ ਜਮਾਤਾਂ ਦੇ ਵਿਚਾਲੇ ਜਿਹੜਾ ਪਾੜਾ ਪੈ ਗਿਆ ਸੀ, ਜਾਪਦਾ ਸੀ ਉਹ ਕਦੀ ਪੂਰਿਆ ਨਹੀਂ ਜਾ ਸਕਦਾ। ਰੋਹਣੀ ਸਦਾ ਲਈ ਜਾਣ ਦਾ ਨਿਰਣੇ ਕਰਦੀ ਹੈ, ਭਾਵੇਂ ਬੀਰ ਸਿੰਘ ਉਸ ਨੂੰ ਮਨਾਉਣਾ ਚਾਹੁੰਦਾ ਹੈ। ਉਹ ਕਹਿੰਦੀ ਹੈ:

"ਤੁਸੀਂ ਮੈਨੂੰ ਛਡ ਕੇ ਗਏ ਸੀ,
ਵਰਤ ਕੇ ਆਉਣ ਵਾਸਤੇ,
ਪਰ ਮੈਂ ਤੁਹਾਨੂੰ ਛਡ ਕੇ ਜਾਵਾਂਗੀ
ਕਦੇ ਨਾ ਪਰਤ ਕੇ ਆਉਣ ਲਈ।"

ਇਸ ਤਰ੍ਹਾਂ ਇਸ ਨਾਟਕ ਦਾ ਅੰਤ ਵਿਛੋੜੇ ਵਿਚ ਹੁੰਦਾ ਹੈ। ਬੀਰ ਸਿੰਘ ਰੋਹਿਣੀ ਨੂੰ ਮਨਾਉਂਦਾ ਹਾਰ ਜਾਂਦਾ ਹੈ ਤੇ ਰੋਹਿਣੀ ਉਸਨੂੰ ਛੱਡ ਕ ਸਦਾ ਲਈ ਚਲੀ ਜਾਂਦੀ ਹੈ। 'ਕਾਫ਼ਲੇ' ਵਿਚ ਇਸ ਦੁਖਾਂਤ ਬਾਰੇ ਹਮਦਰਦੀ ਦੇ ਭਾਵ ਹਨ। ਹਿੱਸਾ ਛੇਵਾਂ ਦੇ ਅਰੰਭ ਵਿਚ ਸਮੇਂ ਸਥਾਨ ਬਾਰੇ ਜਾਣਕਾਰੀ ਦਿੰਦਿਆਂ ਲਿਖਿਆ ਗਿਆ ਹੈ, "ਕੀ ਕੁਦਰਤ ਤੇ ਕਵੀ ਦੇ ਸੀਨੇ ਵਿਚ ਇਸ ਪ੍ਰੇਮ ਵਿਗੁਚੀ ਜੋੜੀ ਵਾਸਤੇ ਕੋਈ ਤਰਸ ਨਹੀਂ ? ਕੀ ਕਾਦਰ ਦੀ ਕਾਨੀ ਅਮਿਟ ਲੀਕਰ ਏਹੀ ਹੈ ?" ਜਾਪਦਾ ਹੈ ਕਿ ਹਾਲੀ ਵੀ ਇਸ ਸਥਿਤੀ ਬਾਰੇ ਸ਼ੰਕੇ ਸਨ। ਹਾਲੀ ਵੀ ਇਸ ਨਵੀਂ ਸਥਿਤੀ ਨੂੰ ਪੂਰੀ ਤਰ੍ਹਾਂ ਸਵੀਕਾਰ ਨਹੀਂ ਸੀ ਕੀਤਾ ਜਾ ਰਿਹਾ।



ਇਸ ਸਮਾਜਿਕ-ਰਾਜਨੀਤਕ ਸਥਿਤੀ ਦਾ ਵੱਖਰੇ ਢੰਗ ਨਾਲ ਅਮੂਰਤੀਕਰਣ ਸੰਤ ਸਿੰਘ ਸੇਖੋਂ ਦੇ ਨਾਟਕ 'ਕਲਾਕਾਰ' ਵਿਚ ਮਿਲਦਾ ਹੈ, ਜਿਸ ਦੇ ਲਈ ਪਾਤਰਾਂ ਨੂੰ ਸਮਾਜਿਕ-ਰਾਜਨੀਤਕ ਚੋਗਿਰਦੇ ਤੋਂ ਅਵੇਸਲੇ ਦਰਸਾਇਆ ਗਿਆ ਹੈ। ਉਹਨਾਂ ਦੇ ਕਾਰ-ਵਿਹਾਰ ਵਿਚ ਸਵੈ-ਇਛਾ ਤੋਂ ਸਿਵਾ ਹੋਰ ਕਿਸੇ ਪ੍ਰਕਾਰ ਦਾ ਸਮਾਜਿਕ ਦਬਾਅ ਨਜ਼ਰ ਨਹੀਂ ਆਉਂਦਾ। ਸਵੈ-ਇਛਾ ਵੀ ਦਿਸ਼ਾਹੀਨ ਤੇ ਦ੍ਰਿੜਤਾ ਤੋਂ ਸੱਖਣੀ ਹੈ। ਨਤੀਜੇ ਵਜੋਂ ਨਾਟਕ ਦੀ ਸਾਰੀ ਸਮੱਸਿਆ ਅਤਿ ਸਰਲ, ਸਿੱਧ ਪੱਧਰੀ ਤੇ ਸਤਹੀ ਹੋ ਨਿਬੜਦੀ ਹੈ। ਇਸ ਨੂੰ ਗੁੰਝਲਦਾਰ ਬਣਾਉਣ ਦੀ ਕੋਸ਼ਿਸ਼ ਵਿਚ ਸਾਰੀ ਸਥਿਤੀ ਮੈਲੋਡਰਾਮਾਈ ਬਣ ਗਈ ਹੈ। ਇਸ ਵਿਚ ਚਿਤਰਕਾਰੀ ਤੇ ਕਲਾ ਬਾਰੇ ਅਤੇ ਪਾਤਰਾਂ ਦੇ ਨੈਤਿਕ ਆਚਰਣ ਬਾਰੇ ਚਰਚਾ ਕੀਤੀ ਗਈ ਹੈ। ਨਾਟਕ ਵਿਚ ਚਾਰ ਉਚ-ਮਧਵਰਗੀ ਪਾਤਰ ਹਨ। ਇੰਦਰ ਚਿਤਰਕਾਰ ਹੈ, ਜਿਸ ਨੂੰ ਨਗਨ ਚਿਤਰ ਬਨਾਉਣ ਦਾ ਸ਼ੌਕ ਹੈ। ਉਸ ਦੀ ਭੈਣ ਚੰਦ੍ਰਮਾ ਐਮ. ਏ. ਅੰਗਰੇਜ਼ੀ ਦੀ ਵਿਦਿਆਰਥਣ ਹੈ। ਗੌਤਮ ਕਾਲਜ ਵਿਚ ਪ੍ਰੋਫੈਸਰ ਹੈ ਤੇ ਉਸ ਦੀ ਪਤਨੀ ਅਹਲਿਆ ਇੰਦਰ ਕੋਲੋਂ ਆਪਣਾ ਨਗਨ ਚਿਤਰ ਬਨਵਾਉਂਦੀ ਹੈ। ਨਾਟਕ ਵਿਚ ਇੰਦਰ ਦੇ ਕਹਿਣ ਉਤੇ ਚੰਦ੍ਰਮਾ ਅਹਲਿਆ ਨੂੰ ਨਗਨ ਚਿਤਰ ਬਨਵਾਉਣ ਲਈ ਮਨਾ ਲੈਂਦੀ ਹੈ। ਚਿਤਰ ਬਣ ਜਾਣ ਉਤੇ ਉਹ ਆਪਣੇ ਪਤੀ ਗੌਤਮ ਨੂੰ ਦੱਸਦੀ ਹੈ। ਦੋਨਾਂ ਵਿਚ ਤਕਰਾਰ ਹੁੰਦਾ ਹੈ ਤੇ ਅੰਤ ਵਿਚ ਦੋਵੇਂ ਮੰਨ ਜਾਂਦੇ ਹਨ। ਨਾਟਕ ਦੇ ਅੰਤ ਵਿਚ ਗੌਤਮ ਤੇ ਅਹਲਿਆ ਮੈਲੋਡਰਾਮਾਈ ਢੰਗ ਨਾਲ ਇਕ ਦੂਜੇ ਨੂੰ ਪਿਆਰ ਦੇ ਵਿਸ਼ਵਾਸ ਦੁਵਾਉਂਦੇ ਤੇ ਇਸ ਨੂੰ ਸ਼ਕ ਦੇ ਸਾਏ ਤੋਂ ਬਚਾਉਣ ਲਈ ਕਹਿੰਦੇ ਹਨ।

ਭਾਵੇਂ ਕੁਝ ਵਿਦਵਾਨ 'ਕਲਾਕਾਰ' ਨਾਟਕ ਨੂੰ ਅਹਲਿਆ ਨਾਲ ਸੰਬੰਧਤ ਮਿਥਿਹਾਸ ਦੀ ਮੁੜ ਵਿਆਖਿਆ ਸਮਝਦੇ ਹਨ, ਪਰ ਇਹ ਗਲ ਸਹੀ ਨਹੀਂ। ਇਸ ਵਿਚ ਪਾਤਰਾਂ ਦੇ ਕੇਵਲ ਨਾਂ ਹੀ ਮਿਥਿਹਾਸਕ ਹਨ, ਵਿਸ਼ੇ ਵਿਚ ਕੁਝ ਵੀ ਅਜੇਹਾ ਨਹੀਂ ਜਿਹੜਾ ਇਸ ਮਿਥ ਨੂੰ ਨਵੇਂ ਅਰਥ ਦੇਵੇ। ਦਰਅਸਲ ਇਥੇ ਤਾਂ ਮਿਥਿਹਾਸਕ ਤੱਤ ਉਸ ਸਮੇਂ ਦੀ ਸਥਿਤੀ ਦੇ ਅਮੂਰਤੀਕਰਣ ਲਈ ਸਹਾਈ ਬਣਦੇ ਹਨ ਜਿਨ੍ਹਾਂ ਨਾਲ ਉਸ ਸਮੇਂ ਦੀ ਰਾਜਨੀਤੀ ਦੇ ਵਾਸਤਵਿਕ ਖਾਸੇ ਨੂੰ ਲੁਕਾਉਣ ਦਾ ਯਤਨ ਕੀਤਾ ਗਿਆ ਹੈ। ਇਹ ਕਾਰਜ ਮਧ-ਵਰਗ ਦੇ ਕਲਾਕਾਰ ਹੀ ਕਰ ਰਹੇ ਸਨ। ਇਹ ਕਲਾਕਾਰ ਇੰਦਰ ਵਰਗੇ ਹਨ। ਚੰਦ੍ਰਮਾ ਦੇ ਕਥਨ ਅਨੁਸਾਰ "ਭਾਵ ਇੰਦਰ ਜੀ ਵਿਚ ਇਕ ਵਾਧਾ ਇਹ ਵੀ ਹੈ ਕਿ ਉਹ ਸਮਾਜਵਾਦੀ ਹਨ। ਉਨ੍ਹਾਂ ਦੀ ਕਲਾ ਰੰਗ ਮਹਲ ਨੂੰ ਛੱਡ ਕੇ, ਮੰਦਰ ਨੂੰ ਛੱਡ ਕੇ, ਜਨਤਾ ਦੇ ਜੀਵਨ ਵਿਚ ਆ ਪਰਵੇਸ਼ ਕਰ ਰਹੀ ਹੈ। ਇਸ ਵਿਚ ਜਨਤਾ ਦਾ ਵਰਤਮਾਨ ਤੇ ਭਵਿਖ ਪਰਕਾਸ਼ਮਾਨ ਹਨ। ਇਹ ਕਲਾਕਾਰ ਮੱਧ ਵਰਗ ਦੇ ਹਨ ਜਿਨ੍ਹਾਂ ਨੂੰ ਜਨਸਧਾਰਨ ਕਿਹਾ ਗਿਆ ਹੈ। ਜਨਸਾਧਾਰਨ "ਉਹ ਸ਼੍ਰੇਣੀ ਹੈ ਜੋ ਜਨਤਾ ਦੇ ਭਾਵਾਂ ਦੀ ਅਗਵਾਈ ਕਰਦੀ ਹੈ ਤੇ ਅੱਜ ਕਲ ਦੇ ਸਮੇਂ ਉਹ ਮੱਧ-ਸ਼੍ਰੇਣੀ

ਦੇ ਲੋਕ ਹਨ।" ਨਾਟਕਕਾਰ ਦੀਆਂ ਨਜ਼ਰਾਂ ਵਿਚ ਆਰਥਿਕ ਤੇ ਰਾਜਨੀਤਕ ਪੱਖਾਂ ਦਾ ਕੋਈ ਮਹਤਵ ਨਹੀਂ। ਉਹ ਵਧੇਰੇ ਜ਼ੋਰ ਵੱਖਰੀ ਪਹਿਚਾਣ ਵਿਕਸਿਤ ਕਰਨ ਉਤੇ ਦਿੰਦਾ ਹੈ। "ਅਸੀਂ ਪਹਿਲੋਂ ਸਮਾਜਿਕ ਤੇ ਨਿਜੀ ਜੀਵਨ ਦੇ ਦੁਨਿਆਵੀ ਪੱਖ ਤੋਂ ਅੰਗਰੇਜ਼ ਨੂੰ ਸ਼ਿਕਸਤ ਦੇਈਏ, ਤਾਂ ਫਿਰ ਆਰਥਿਕ ਤੇ ਰਾਜਸੀ ਪੱਖ ਵਿਚ ਵੀ ਉਸ ਨੂੰ ਹਰਾ ਦਿਆਂਗੇ।" ਇਕ ਪਾਸੇ ਆਰਥਿਕ ਤੇ ਰਾਜਨੀਤਕ ਪੱਖ ਨੂੰ ਮਹਤਵ ਨਹੀਂ 'ਦੱਤਾ ਗਿਆ ਤੇ ਦੂਜੇ ਪਾਸੇ ਲੋਚਾ ਤੇ ਇਸ ਦੇ ਦਮਨ ਦੇ ਨੈਤਿਕ ਅਧਾਰਾਂ ਨੂੰ ਵਧੇਰੇ ਮਹਤਵ ਦਿਤਾ ਗਿਆ ਹੈ। ਨਾਟਕਕਾਰ ਅਨੁਸਾਰ "ਲੋਚਾ ਨੂੰ ਮਾਰ ਲੈਣ ਵਾਲਾ ਜਨਸਧਾਰਨ ਦੇ ਮਨ ਵਿਚ ਸ਼ਲਾਘਾ ਉਪਜਾਂਦਾ ਹੈ ਤੇ ਪੂਰਾ ਕਰ ਲੈਣ ਵਾਲਾ ਈਰਖਾ।" ਇਹ ਗੱਲਾਂ ਹਾਲਾਤ ਤੋਂ ਪਲਾਇਣ ਤੇ ਉਸ ਨੂੰ ਉਹਲਾ ਦੇਣ ਦੇ ਜਤਨ ਹਨ। ਪਲਾਇਣ ਦੀ ਰੁਚੀ ਪਾਤਰਾਂ ਦੇ ਕਾਰਵਿਹਾਰ ਵਿਚ ਵੀ ਵੇਖੀ ਜਾ ਸਕਦੀ ਹੈ। ਗੌਤਮ ਅਹਲਿਆ ਦੇ ਨਗਨ ਚਿਤਰ ਬਨਵਾਉਣ ਉਤੇ ਨਰਾਜ਼ ਹੁੰਦਾ ਹੈ, ਪਰ ਛੇਤੀ ਹੀ ਨਾ ਕੇਵਲ ਮੰਨ ਜਾਂਦਾ ਹੈ,ਸਗੋਂ ਦੋਵੇਂ ਪਾਤਰ ਇਕ ਦੂਜੇ ਨੂੰ ਸ਼ਕ ਨਾ ਕਰਨ ਦਾ ਵਾਸਤੇ ਪਾਉਂਦੇ ਤੇ ਆਪਣੇ ਆਪਣੇ ਪ੍ਰੇਮ ਦੀ ਪ੍ਰਸੰਸਾ ਕਰਦੇ ਹਨ। ਦਰਅਸਲ ਮੱਧ ਵਰਗ ਦੀ ਰਾਜਨੀਤਕ ਚੜ੍ਹਤ ਤੇ ਲੋਕ ਘੋਲਾਂ ਤੇ ਦਮਨ ਨਾਲ ਪੈਦਾ ਹੋਏ ਮੋਹ ਭੰਗ ਨੂੰ ਨਾਟਕ ਵਿਚ ਲੁਕਾਇਆਂ ਗਿਆ ਹੈ। ਇਹੀ ਨਹੀਂ ਸਗੋਂ ਨਵੀਂ ਸਥਿਤੀ ਦੀ ਜਾਇਜ਼ਕਰਾਰੀ ਵੀ ਉਸਾਰੀ ਗਈ ਹੈ। ਨਾਟਕ ਦਾ ਅੰਤ ਹਾਕਮ ਸ਼੍ਰੇਣੀ ਦੇ ਸ਼ੰਕੇ ਤੇ ਉਸ ਦੀ ਇਛਾ ਨੂੰ ਪ੍ਰਗਟਾਉਂਦਾ ਹੈ। ਗੌਤਮ ਕਹਿੰਦਾ ਹੈ "ਅਹਲਿਆ, ਮੇਰਾ ਪ੍ਰੇਮ ਅਤੁਟ ਹੈ, ਤੇਰੇ ਰੂਪ ਵਾਕਰ, ਪਰ ਵੇਖੀਂ ਕਦੀ ਮੇਰੇ ਪ੍ਰੇਮ ਨੂੰ ਠੁਕਰਾ ਨਾ ਦੇਵੀਂ। ਤੇ ਅਹਲਿਆ ਕਹਿੰਦੀ ਹੈ "ਮੇਰਾ ਪ੍ਰੇਮ ਉਹ ਸੁੱਚਾ ਮੋਤੀ ਹੈ ਜਿਸ ਉਤੇ ਸ਼ੰਕੇ ਦਾ ਸਾਇਆ ਵੀ ਜ਼ਹਿਰ ਦਾ ਅਸਰ ਰਖਦਾ ਹੈ। ਇਸ ਨੂੰ ਸਦਾ ਇਸ ਸਾਏ ਤੋਂ ਬਚਾਈ ਰਖਣਾ।"

ਇਸ ਤਰ੍ਹਾਂ 1940 ਤੋਂ 1947 ਦੇ ਸਮੇਂ ਦੇ ਨਾਟਕ ਮੱਧ-ਵਰਗ ਦੀ ਚੜ੍ਹਤ ਤੇ ਆਪਾ ਪਛਾਣ ਦੇ ਨਾਟਕ ਹਨ। ਇਹਨਾਂ ਵਿਚ ਰਾਜਨੀਤਕ ਚੜ੍ਹਤ ਦੀ ਅਸਲੀਅਤ ਤੇ ਉਸ ਨਾਲ ਹੋਏ ਲੋਕਾਂ ਦਾ ਮੋਹ ਭੰਗ ਵੀ ਚਿਤਰਿਆ ਗਿਆ ਹੈ। ਇਹ ਪੇਸ਼ਕਾਰੀ ਜਿਥੇ ਇਕ ਪਾਸੇ ਨਿਰਾਸ਼ਾ ਤੇ ਰੋਹ ਦੇ ਰੂਪ ਵਿਚ ਹੋਈ ਹੈ ਉਥੇ ਦੂਜੇ ਪਾਸੇ ਯਥਾਰਥ ਦੇ ਅਮੂਰਤੀਕਰਣ ਦੁਆਰਾ। ਇਹਨਾਂ ਵਿਚੋਂ 'ਲੋਹਾ ਕੁਟ' ਇਸ ਸਮੇਂ ਦੀ ਵਡੀ ਪ੍ਰਾਪਤੀ ਹੈ, ਕਿਉਂਕਿ ਇਸ ਵਿਚ ਰਾਜਨੀਤਕ ਰੂਪਾਂਤਰਣ ਨੂੰ ਸੰਕੇਤਕ ਢੰਗ ਨਾਲ ਭਾਵਨਾ ਜਗਤ ਵਿਚ ਵਾਪਰਦਾ ਦਿਖਾਇਆ ਗਿਆ ਹੈ।

ਪੰਜਾਬੀ ਨਾਟਕ ਦੇ ਇਤਿਹਾਸ ਵਿਚ ਬਲਵੰਤ ਗਾਰਗੀ ਦੇ ਨਾਟਕ 'ਲੋਹਾ ਕੁਟ' ਦਾ ਵਿਸ਼ੇਸ਼ ਥਾਂ ਹੈ। ਇਸ ਵਿਚ ਰਾਜਨੀਤੀ ਦੇ ਖੇਤਰ ਵਿਚ ਵਫ਼ਾਦਾਰੀ ਦੇ ਬਦਲਣ ਦੀ ਪ੍ਰਕ੍ਰਿਆ ਨੂੰ ਸਮਾਜਿਕ ਪਰਿਪੇਖ ਵਿਚ ਸਵੈ-ਇੱਛਾ ਦੀ ਸੁਤੰਤਰਤਾ ਦੇ ਰੂਪ ਵਿਚ ਪ੍ਰਗਟਾਇਆ ਗਿਆ ਹੈ। ਇਸ ਦੇ ਲਈ ਇਕ ਵੱਖਰਾ ਨਾਟਕੀ ਰੂਪ ਸਿਰਜਿਆ ਹੈ



ਜੋ ਰੰਗਮੰਚ ਦੇ ਅਨੁਕੂਲ ਵੀ ਹੈ। ਦਰਅਸਲ 'ਲੋਹਾ ਕੁਟ' ਪਹਿਲਾ ਪੰਜਾਬੀ ਨਾਟਕ ਹੈ ਜਿਸ ਨੇ ਨਾਟਕ ਨੂੰ ਰੰਗਮੰਚ ਦੇ ਹਾਣ ਦਾ ਬਣਾਇਆ। ਡਾ. ਆਤਮਜੀਤ ਨੇ ਇਸੇ ਗੱਲ ਨੂੰ ਕਿਸੇ ਹੋਰ ਢੰਗ ਨਾਲ ਪ੍ਰਗਟਾਇਆ ਹੈ। ਉਸ ਦਾ ਵਿਚਾਰ ਹੈ, "ਉਹ (ਗਾਰਗੀ) ਪੰਜਾਬੀ ਦਾ ਪਹਿਲਾ ਅਜਿਹਾ ਨਾਟਕਕਾਰ ਹੈ ਜੋ ਨਾਟਕ ਦੀ ਸੁਤੰਤਰ ਭਾਸ਼ਾ ਸਿਰਜ ਸਕਿਆ ਹੈ।" ਇਸ ਲਈ ਇਸ ਨਾਟਕ ਦੀ ਕਲਾਤਮਕ ਵਿਸ਼ੇਸ਼ਤਾ ਬਾਰੇ ਵਿਚਾਰ ਕਰਨੀ ਜ਼ਰੂਰੀ ਹੈ।

ਕਿਉਂਕਿ 'ਲੋਹਾ ਕੁਟ' ਵਿਚ ਵਫ਼ਾਦਾਰੀ ਦੇ ਬਦਲਣ ਨੂੰ ਭਾਵਨਾ ਜਗਤ ਦੇ ਵਿਚ ਪੇਸ਼ ਕੀਤਾ ਹੈ, ਇਸ ਲਈ ਇਸ ਦੀ ਸੰਰਚਨਾ ਗੁੰਝਲਦਾਰ ਹੈ ਜਿਸ ਵਿਚ ਵਿਰੋਧੀ ਮਾਨਸਿਕਤਾ ਦੇ ਟਕਰਾਅ ਨੂੰ ਉਭਾਰਿਆ ਗਿਆ ਹੈ। ਇਹ ਤਿੰਨਾਂ ਅੰਕਾਂ ਦਾ ਨਾਟਕ ਹੈ। ਪਹਿਲੇ ਅੰਕ ਵਿਚ ਬੈਂਣੋ ਦੇ ਲਈ ਮੁੰਡਾ ਲੱਭਣ, ਤਸੀਲਦਾਰ ਦੇ ਸੱਦੇ ਨੂੰ ਨਾ ਮੰਨਣ ਤੇ ਬੈਣੋ ਨੂੰ ਗੁੱਮੇ ਹੋਣ ਦੇ ਰੂਪ ਵਿਚ ਕਾਕੂ ਲੁਹਾਰ ਦੇ ਅਖੜ ਸੁਭਾਅ ਤੇ ਰੂੜੀਵਾਦੀ ਮਾਨਸਿਕਤਾ ਨੂੰ ਉਭਾਰਿਆ ਗਿਆ ਹੈ। ਦੂਜੇ ਅੰਕ ਦੀ ਪਹਿਲੀ ਝਾਕੀ ਵਿਚ ਸੰਤੀ ਅੱਗ ਲੈਣ ਦੇ ਬਹਾਨੇ ਆਏ ਗੱਜਣ ਨੂੰ ਵਰਜਦੀ ਹੈ, ਬੈਣੋ ਤੇ ਕਾਕੂ ਨੂੰ ਸਮਝਾਉਂਦੀ ਹੈ। ਇਸ ਤਰ੍ਹਾਂ ਸੰਤੀ ਦੇ ਰੂਪ ਵਿਚ ਸਵੈ-ਇਛਾ ਦੇ ਖਿਲਾਫ ਪਰੰਪ-ਰਾਗਤ ਵਫਾਦਾਰੀ ਪਾਲਣ ਦੀ ਦੁਵਿਧਾ ਭਰੀ ਮਾਨਸਿਕਤਾ ਨੂੰ ਉਭਾਰਿਆ ਗਿਆ ਹੈ। ਪਰ ਦੂਜੀ ਝਾਕੀ ਵਿਚ ਕਾਕੂ ਦੀ ਵੇਲੇ ਦੀ ਰਾਜਨੀਤੀ ਨਾਲ ਅਸਹਿਮਤੀ, ਕੰਮ ਕਰਨ ਵਿਚ ਮਨ ਮਰਜ਼ੀ ਤੇ ਤਾਕਤ ਦੇ ਝੂਠੇ ਹੰਕਾਰ ਨੂੰ ਵਿਖਾ ਕੇ ਉਸ ਦਾ ਪਰੰਪਰਾਗਤ ਕੀਮਤਾਂ ਨਾਲ ਜੁੜੇ ਹੋਣਾ ਦੱਸਿਆ ਗਿਆ ਹੈ ਜਿਸ ਨੂੰ ਇਸੇ ਅੰਕ ਵਿਚ ਗੁਆਂਢਣ ਤੋਂ ਬੈਣੋ ਦੇ ਚਲੇ ਜਾਣ ਦਾ ਪਤਾ ਚਲਣ ਉਤੇ ਧੱਕਾ ਵਜਦਾ ਹੈ। ਤੀਜੇ ਅੰਕ ਦੀ ਪਹਿਲੀ ਝਾਕੀ ਵਿਚ ਬੈਣੋ ਦੇ ਚਲੇ ਜਾਣ ਦੇ ਪ੍ਰਭਾਵ ਦਿਤੇ ਗਏ ਹਨ। ਕਾਕੂ ਦਾ ਅਖੜਪੁਣਾ ਉਂਵ ਹੀ ਰਹਿੰਦਾ ਹੈ ਤੇ ਨਾ ਹੀ ਉਸਦੀ ਮਾਨਸਿਕਤਾ ਵਿਚ ਅੰਤਰ ਆਉਂਦਾ ਹੈ। ਪਰ ਸੰਤੀ ਦੇ ਵਿਚਾਰਾਂ ਵਿਚ ਪਰਿਵਰਤਨ ਆਉਂਦਾ ਹੈ ਤੇ ਉਹ ਸਮਝਦੀ ਹੈ ਕਿ ਜੋ ਉਹ ਨਹੀਂ ਕਰ ਸਕੀ ਬੈਣੋ ਨੇ ਕਰ ਵਿਖਾਇਆ। ਸਵੈ-ਇੱਛਾ ਮਾਨਣ ਦੀ ਲਾਲਸਾ ਵਧ ਜਾਂਦੀ ਹੈ ਤੇ ਉਹ ਗੱਜਣ ਨੂੰ ਮਿਲਣ ਦਾ ਸਮਾਂ ਦਿੰਦੀ ਹੈ। ਅੰਤਿਮ ਝਾਕੀ ਵਿਚ ਕਾਕੂ ਔਰਤਾਂ ਨੂੰ ਤਾਕਤ ਨਾਲ ਰੱਖਣ ਦੀਆਂ ਗੱਲਾਂ ਕਰਦਾ ਹੈ। ਉਸੇ ਸਮੇਂ ਕੱਖਾਂਵਾਲੀ ਸੰਤੀ ਦੇ ਗੱਜਣ ਨਾਲ ਚਲੇ ਜਾਣ ਦੀ ਖਬਰ ਦਿੰਦੀ ਹੈ। ਕਾਕੂ ਆਪਣੇ ਆਪ ਨੂੰ ਕੈਦ ਕਰ ਲੈਂਦਾ ਹੈ ਤੇ ਕੰਮ ਵਿਚ ਰੁਝੇ ਹੋਣ ਦਾ ਬਹਾਨਾ ਕਰਦਾ ਹੈ।

'ਲੋਹਾ ਕੁਟ' ਵਿਚ ਨਾ ਕੇਵਲ ਵਿਸ਼ੇ ਨੂੰ ਭਾਵਨਾ ਦੇ ਪੱਧਰ ਉਤੇ ਨਾਟਕੀ ਰੂਪ ਦਿੱਤਾ ਗਿਆ ਹੈ, ਸਗੋਂ ਰੰਗਮੰਚ ਦੀਆਂ ਲੋੜਾਂ ਨੂੰ ਵੀ ਸਾਹਮਣੇ ਰੱਖਿਆ ਗਿਆ ਹੈ। ਨਾਟਕ ਵਿਚ ਯਥਾਰਥਕ ਜੀਵਨ ਨੂੰ ਪ੍ਰਗਟਾਉਣ ਦੀ ਥਾਂਵੇਂ ਭਾਵਨਾ ਜਗਤ ਨੂੰ ਸਾਕਾਰ ਕਰਨ ਲਈ ਸੰਵੇਦਨਸ਼ੀਲ ਨਿੱਕੀਆਂ ਨਿੱਕੀਆਂ ਸਥਿਤੀਆਂ ਸਿਰਜੀਆਂ ਗਈਆਂ ਹਨ।

ਗਾਰਗੀ ਦੀ ਰੰਗਮੰਚੀ ਸੂਝ ਇਸ ਗੱਲ ਵਿਚ ਹੈ ਕਿ ਉਹ ਸਾਧਾਰਨ ਸਥਿਤੀਆਂ ਵਿਚ ਵੀ ਨਾਟਕੀ ਮੌਕੇ ਸਿਰਜ ਲੈਂਦਾ ਹੈ। ਕਈ ਥਾਵਾਂ ਉਤੇ ਇਹ ਮੌਕੇ ਦ੍ਰਿਸ਼ ਤੇ ਕਾਰਜ ਨੂੰ ਸਾਕਾਰ ਕਰਨ ਲਈ ਵਾਰਤਾਲਾਪ ਦੁਆਰਾ ਸਿਰਜੇ ਗਏ ਹਨ । ਪਹਿਲੇ ਅੰਕ ਵਿਚ ਕਾਕੂ ਜੁੰਮੇ ਨੂੰ ਸੱਟਾਂ ਮਾਰਨ ਲਈ ਕਹਿੰਦਾ ਹੈ ; ਪਰ ਇਸ ਦ੍ਰਿਸ਼ ਨੂੰ ਨੀਰਸ ਨਹੀਂ ਰਹਿਣ ਦਿੰਦਾ । ਕਾਕੂ ਨਾਲ ਨਾਲ ਬੋਲਦਾ ਜਾਂਦਾ ਹੈ, "ਸ਼ਾਬਾ ਸ਼ੇ ! ਜਿਉਂਦਾ ਰਹਿ। ਰਤਾ ਹੌਲੀ, ਹਾਂ ਬਸ ਠੀਕ -"/"ਬਸ ਦੋ ਸੱਟਾਂ ਹੋਰ -ਹਾਂ ਰਤਾ ਪੋਲੀਆਂ ।" "ਬਸ ਸੂਤ ਏ । ਹੁਣ ਤਲੀ ਵਾਲੇ ਪਾਸਿਓ ਮਾਰ । ਸ਼-ਬਾ-ਸ਼ੇ ।" ਨਾਟਕ ਵਿਚ ਨਾ ਕੇਵਲ ਛੋਟੀ ਜਿਹੀ ਗੱਲ ਨੂੰ ਨਾਟਕੀ ਸਥਿਤੀ ਵਿਚ ਬਦਲਿਆ ਗਿਆ ਹੈ, ਸਗੋਂ ਇਸ ਨਾਲ ਪਾਤਰਾਂ ਦੀ ਮਾਨਸਿਕਤਾ ਨੂੰ ਵੀ ਉਭਾਰਿਆ ਗਿਆ ਹੈ। ਕੁੱਕੜ ਨੂੰ ਰੋਟੀ ਖਵਾਉਣ ਦੀ ਗੱਲ ਦਾ ਅਜੇਹਾ ਰੂਪਾਂਤਰਣ ਕੀਤਾ ਗਿਆ ਹੈ ਕਿ ਕੁੱਕੜ ਕਾਕੂ ਦੀ ਮਰਦਾਨਗੀ ਦਾ ਪ੍ਰਤੀਕ ਬਣ ਗਿਆ ਹੈ । ਕਈ ਥਾਵਾਂ ਉਤੇ ਨਾਟਕੀ ਸਥਿਤੀ ਪੈਦਾ ਕਰਨ ਲਈ ਵਾਰਤਾਲਾਪ ਦੇ ਸਿਧ-ਪੱਧਰੇ ਪ੍ਰਵਾਹ ਨੂੰ ਕਿਸੇ ਸੰਕੇਤ ਨਾਲ ਰੋਕਿਆ ਗਿਆ ਹੈ। ਜਦ ਬਚਨੀ ਸੰਤੀ ਤੋਂ ਪੁਛਦੀ ਹੈ, "ਅੱਛਾ ਸੰਤੀ ਤੈਨੂੰ ਗੱਜਨ ਕਦੇ ਯਾਦ ਨਹੀਂ ਆਇਆ ?" ਤਾਂ ਸੰਤੀ ਜੁਆਬ ਦਿੰਦੀ ਹੈ "ਬੜੇ ਈ ਰੋੜ ਨੇ -ਆਹ ਵੇਖ ।" ਇਹ ਸੰਕੇਤ ਪ੍ਰਵਾਹ ਨੂੰ ਰੋਕ ਕੇ ਉਤਸੁਕਤਾ ਜਗਾਉਂਦੇ ਹਨ ਤੇ ਨਾਲ ਹੀ ਵਿਸ਼ੇ ਨੂੰ ਵਧੇਰੇ ਸ਼ਿੱਦਤ ਤੇ ਗਹਿਰਾਈ ਵੀ ਪ੍ਰਦਾਨ ਕਰਦੇ ਹਨ।

'ਲੋਹਾ ਕੁਟ' ਨਾਟਕ ਵਿਚ ਇਕ ਦੁਫਾੜਤਾ ਹੈ। ਨਾਟਕਾਰ ਨੇ ਮੱਧ ਵਰਗੀ ਦ੍ਰਿਸ਼ਟੀ ਤੇ ਸੋਚ ਨੂੰ ਹੇਠਲੇ ਵਰਗ ਦੇ ਪੇਂਡੂ ਪਾਤਰਾਂ ਉਤੇ ਆਰੋਪਿਤ ਕੀਤਾ ਹੈ। ਇਸੇ ਤਰ੍ਹਾਂ ਨਾਟਕਕਾਰ ਦੀ ਵਿਚਾਰਧਾਰਾ ਤੇ ਰਾਜਨੀਤਕ ਖੇਤਰ ਵਿਚ ਵਾਪਰਦੇ ਪਰਿਵਰਤਨ ਵਿਚ ਵੀ ਵਖਰੇਵਾਂ ਹੈ। ਇਸੇ ਲਈ ਇਤਿਹਾਸਕ ਵਰਤਾਰੇ ਨੂੰ ਯਥਾਰਥ ਦੇ ਰੂਪ ਵਿਚ ਨਹੀਂ ਸਗੋਂ ਭਾਵਨਾ ਦੇ ਪੱਧਰ ਉਤੇ ਪੇਸ਼ ਕੀਤਾ ਹੈ। ਗਾਰਗੀ ਦੀ ਕਲਾਤਮਕ ਵਿਸ਼ੇਸ਼ਤਾ ਇਸ ਗੱਲ ਵਿਚ ਹੈ ਕਿ ਉਹ ਭਾਵਨਾ ਦਾ ਪ੍ਰਗਟਾ ਯਥਾਰਥ ਵਾਂਗ ਹੀ ਕਰਦਾ ਹੈ। ਭਾਵੇਂ ਨਾਟਕ ਦੇ ਪਾਤਰ ਵੇਖਣ ਵਿਚ ਯਥਾਰਥ ਦਾ ਭਰਮ ਸਿਰਜਦੇ ਹਨ, ਪਰ ਉਹ ਭਾਵਨਾ ਦੇ ਪੱਧਰ ਉਤੇ ਮਾਨਸਿਕ ਰੂਪ ਵਿਚ ਜੀਵਨ ਕੀਮਤਾਂ ਦੇ ਟਕਰਾਅ ਨੂੰ ਰੂਪਮਾਨ ਕਰਦੇ ਹਨ। ਇਹੀ ਕਾਰਨ ਹੈ ਕਿ ਇਹ ਪਾਤਰ ਵਧੇਰੇ ਸੰਵੇਦਨਸ਼ੀਲ ਤੇ ਸੂਖਮਭਾਵੀ ਹਨ ਜਿਹਨਾਂ ਨੂੰ ਸਿਰਜਨ ਲਈ ਸੰਕੇਤਾਂ ਦੀ ਵਰਤੋਂ ਹੋਈ ਹੈ । ਨਾਟਕ ਵਿਚ ਇਹ ਸੰਕੇਤ ਖਿੰਡਰੇ ਹੋਏ ਚਮਕਦੇ ਕਿਣਕਿਆਂ ਵਾਂਗ ਨਜ਼ਰ ਆਉਂਦੇ ਹਨ । ਇਹਨਾਂ ਸੰਕੇਤਾਂ ਨਾਲ ਕਾਕੂ ਵਰਗੇ ਰੂੜੀਵਾਦੀ ਪਾਤਰ ਦੀ ਮਾਨਸਿਕਤਾ, ਬੈਣੋ ਦੇ ਰੂਪ ਵਿਚ ਨਵੀਂ ਪੀੜ੍ਹੀ ਦੀ ਨਿਝੱਕਤਾ ਤੇ ਦ੍ਰਿੜ-ਸੰਕਲਪਤਾ ਅਤੇ ਸੰਤੀ ਵਰਗੇ ਦੁਵਿਧਾ ਵਿਚ ਗ੍ਰਸੇ ਪਾਤਰਾਂ ਦੇ ਭਾਵਨਾ-ਜਗਤ ਨੂੰ ਰੂਪਮਾਨ ਕੀਤਾ ਗਿਆ ਹੈ । ਨਾਟਕ ਦੇ ਸੰਕੇਤ ਆਮ ਜੀਵਨ ਵਿਚੋਂ ਲਏ ਗਏ ਹਨ, ਜਿਵੇਂ ਭੱਠੀ, ਲੋਹਾ, ਅੱਗ, ਦਾਲ ਚੋਂ ਰੋੜ



ਚੁਗਣੇ, ਕੁੱਕੜ, ਵਛੇ ਦਾ ਦੁਧ ਮੁੰਘ ਜਾਣਾ, ਖਾਲੀ ਵਲਟੋਹਾ, ਛੱਤ ਚੂਣੀ, ਭੱਠੀ ਗਿਲੀ ਹੋਣੀ ਤੇ ਹਨੇਰਾ ਫੈਲਣਾ ਆਦਿ । ਲੋਹੇ ਦਾ ਪੰਘਰਨਾ ਜਿਥੇ ਕਾਕੂ ਦੀ ਮਨ ਦੀ ਕਮਜ਼ੋਰੀ ਵਲ ਸੰਕੇਤ ਕਰਦਾ ਹੈ, ਉਥੇ ਸੰਤੀ ਦੇ ਚਲੇ ਜਾਣ ਨਾਲ ਉਸ ਦੇ ਦੁਖਾਂਤ ਨੂੰ 'ਪਾਣੀ ਦੇ ਛਿੱਟਿਆਂ' ਨਾਲ ਲੋਹੇ ਦੀ ਡਲੀ ਦਾ ਠੰਡਾ ਹੋ ਜਾਣਾ ਦੱਸਿਆ ਹੈ । ਇਸੇ ਤਰ੍ਹਾਂ ਅੱਗ ਪ੍ਰੇਮ ਦੀ ਸਾਂਝ ਦਾ ਵੀ ਪ੍ਰਤੀਕ ਹੈ ਤੇ ਹਾਰੇ ਦੀ ਬੁਝੀ ਅੱਗ ਦੇ ਰੂਪ ਵਿਚ ਕਾਕੂ ਦਾ ਦੁਖਾਂਤ ਵੀ। ਕੁੱਕੜ ਦੇ ਪ੍ਰਤੀਕ ਨੂੰ ਦੋ ਵੱਖਰੀ ਪ੍ਰਕਾਰ ਦੀ ਮਾਨਸਿਕਤਾ ਨੂੰ ਪ੍ਰਗਟਾਉਣ ਲਈ ਵਰਤਿਆ ਗਿਆ ਹੈ। ਜਿਥੇ ਇਹ ਪਰੰਪਰਾਗਤ ਸਮਾਜ ਵਿਚ ਮਰਦ ਦੀ ਤਾਕਤ ਤੇ ਹੈਂਕੜ ਦਾ ਪ੍ਰਤੀਕ ਹੈ, ਉਥੇ ਸੰਤੀ ਲਈ ਇਹ ਘਿਰਣਾ ਤੇ ਸੁਹਜਹੀਣਤਾ ਦਾ। ਛਤ ਚੂ ਪੈਣੀ, ਭੱਠੀ ਗਿਲੀ ਹੋਣੀ, ਖੱਲ ਟੁੱਕੀ ਜਾਣੀ, ਹਨੇਰੀ ਆਉਣੀ, ਦੀਵੇ ਨੂੰ ਬੁਝਣ ਤੋਂ ਬਚਾਉਣਾ ਕਾਕੂ ਵਰਗੇ ਪਾਤਰਾਂ ਦੀ ਲਗਾਤਾਰ ਖੁਰਦੀ ਹਾਲਤ ਨੂੰ ਪ੍ਰਗਟਾਉਂਦੇ ਹਨ।

ਕਿਉਂਕਿ ਬਲਵੰਤ ਗਾਰਗੀ ਦੇ ਨਾਟਕ 'ਲੋਹਾ ਕੁਟ' ਦਾ ਸਾਰਾ ਕਾਰਜ ਧਾਰਨਾ ਦੇ ਧਰਾਤਲ ਉਤੇ ਵਾਪਰਦਾ ਹੈ, ਇਸ ਲਈ ਇਸ ਵਿਚ ਵਰਤੇ ਗਏ ਸੰਕੇਤ ਸੂਖਮ ਹਨ। ਜਿਥੇ ਸੰਤੀ ਦੁਵਿਧਾ ਵਿਚ ਫਸੀ ਹੈ, ਉਥੇ ਬੈਣੋ ਕਿਸੇ ਦੁਵਿਧਾ ਵਿਚ ਨਹੀਂ । ਇਸੇ ਲਈ ਬੈਣੋ ਦੇ ਚਲੇ ਜਾਣ ਨਾਲ ਹੀ ਸੰਤੀ ਨੂੰ ਵਫਾਦਾਰੀ ਬਦਲਣ ਦੀ ਪ੍ਰੇਰਨਾ ਮਿਲਦੀ ਹੈ। ਇਸ ਮਾਨਸਿਕਤਾ ਦੇ ਵੱਖਰੇ ਰੂਪ ਨੂੰ ਅੱਗ ਦੇ ਚਿੰਨ੍ਹ ਨਾਲ ਪ੍ਰਗਟਾਇਆ ਗਿਆ ਹੈ। ਗੱਜਣ ਸੰਤੀ ਕੋਲੋਂ ਅੱਗ ਲੈਣ ਦੇ ਬਹਾਨੇ ਆਉਂਦਾ ਹੈ, ਪਰ ਸੰਤੀ ਉਸ ਨੂੰ ਆਪ ਅੱਗ ਨਹੀਂ ਫੜਾਉਂਦੀ। ਉਹ ਬੈਣੋ ਨੂੰ ਅੱਗ ਲਿਆ ਕੇ ਦੇਣ ਲਈ ਕਹਿੰਦੀ ਹੈ। ਬੈਣੋ ਬਗੈਣ ਕਿਸੇ ਝਿਜਕ ਤੋਂ ਅੱਗ ਨਹੀਂ ਫੜਾਉਂਦੀ ਹੈ । ਇਸੇ ਤਰ੍ਹਾਂ ਲੇਖਕ ਨੇ ਪਰੰਪਰਾਗਤ ਜੀਵਨ ਦੇ ਖੋਖਲੇਪਨ ਤੇ ਘਸ ਚੁੱਕੀਆਂ ਕੀਮਤਾਂ ਨੂੰ ਬੈਣੋ ਦੇ ਕਥਨ ਦੁਆਰਾ ਪ੍ਰਗਟਾਇਆ ਹੈ। ("ਨਿਆਣਾ ਘਸ ਕੇ ਬੰਦਾ ਹੋ ਇਆ ਏ। ਮੈਂ ਗੰਢਿਆ ਤਾਂ ਏ, ਪਰ ਏਸ ਦੋ ਦਿਨ ਵੀ ਨਹੀਂ ਚਲਣਾ ।")

'ਲੋਹਾ ਕੁਟ' ਨੂੰ ਵਧੇਰੇ ਚੰਗੀ ਤਰ੍ਹਾਂ ਸਮਝਣ ਲਈ ਇਸ ਦੀ ਤੁਲਨਾ ਸੰਤਰੇਨ ਸਿੰਘ ਦੇ ਨਾਟਕ 'ਬੰਤੋ' ਨਾਲ ਕਰਨੀ ਬਣਦੀ ਹੈ। ਸੰਤਰੇਨ ਸਿੰਘ ਦੇ ਵਿਚਾਰਾਂ ਵਿਚ ਤ ਨਾਟਕ ਵਿਚ ਪੇਸ਼ ਵਰਗ ਨਾਲ ਵਖਰੇਵਾਂ ਨਹੀਂ ਹੈ। ਉਹ ਜਿਸ ਵਰਗ ਦੇ ਜੀਵਨ ਬਾਰੇ ਲਿਖ ਰਿਹਾ ਹੈ, ਉਸ ਦੇ ਨਾਲ ਵਿਚਾਰਧਾਰਕ ਸਾਂਝ ਰੱਖਦਾ ਹੈ । ਪਰ 'ਲੋਹਾ ਕੁਟ' ਵਿਚ ਸਥਿਤੀ ਵੱਖਰੀ ਹੈ । ਨਾਟਕਕਾਰ ਦੀ ਵਿਚਾਰਧਾਰਾ ਤੇ ਨਾਟਕ ਵਿਚ ਪ੍ਰਗਟਾਏ ਜੀਵਨ ਵਿਚ ਵਖਰੇਵਾਂ ਹੈ। 'ਬੰਤੋ' ਵਿਚ ਸਾਕਾਦਾਰੀ ਪ੍ਰਤੀ ਵਫਾਦਾਰੀ ਦੀ ਥਾਂ ਮਨੁੱਖੀ ਸੰਬੰਧਾਂ ਦੀ ਬਰਾਬਰੀ ਪ੍ਰਤੀ ਵਫਾਦਾਰੀ ਨੂੰ ਸਥਾਪਿਤ ਕੀਤਾ ਗਿਆ ਹੈ । ਇਸ ਤਰ੍ਹਾਂ ਨਾਟਕ ਕਿਰਸਾਣੀ ਵਿਚਾਰਾਂ ਨੂੰ ਸਥਾਪਿਤ ਕਰਦਾ ਹੈ। ਪਰ 'ਲੋਹਾ ਕੁਟ' ਵਿਚ ਵਫਾਦਾਰੀ ਦੀ ਤਬਦੀਲੀ ਵਰਗੇ ਰਾਜਨੀਤਕ ਅਮਲ ਨੂੰ ਭਾਵਨਾ ਜਗਤ ਵਿਚ

ਵਾਪਰਦੇ ਪਰਿਵਰਤਨ ਦੇ ਰੂਪ ਵਿਚ ਪ੍ਰਗਟਾਇਆ ਗਿਆ ਹੈ। ਪਿਛੇ ਉਸ ਦੀ ਵਿਚਾਰ-ਧਾਰਕ ਅਸਹਿਮਤੀ ਲੁਕੀ ਹੋਈ ਹੈ। ਇਸੇ ਲਈ ਉਹ ਪੇਂਡੂ ਜੀਵਨ ਨੂੰ ਮੱਧ ਵਰਗੀ ਦ੍ਰਿਸ਼ਟੀ ਤੋਂ ਉਸਾਰਦਾ ਹੈ। ਇਹ ਅੰਤਰ ਦੋਨਾਂ ਨਾਟਕਾਂ ਦੀ ਸੰਰਚਨਾ ਤੇ ਕਲਾਤਮਕਤਾ ਵਿਚ ਵੀ ਨਜ਼ਰ ਆਉਂਦਾ ਹੈ। ਵਿਅਕਤੀਗਤ ਪ੍ਰਤੀਬਧਤਾ ਤੇ ਵਾਸਤਵਿਕ ਸਥਿਤੀ ਵਿਚ ਵਖਰੇਵੇਂ ਨਾ ਹੋਣ ਕਰਕੇ 'ਬੰਤੋ' ਨੂੰ ਜਿਥੇ ਯਥਾਰਥਵਾਦੀ ਰੂਪ ਵਿਚ ਉਸਾਰਿਆ ਗਿਆ ਹੈ ਉਥੇ 'ਲੋਹਾ ਕੁਟ' ਵਿਚ ਵਿਚਾਰਧਾਰਾ ਤੇ ਵਾਸਤਵਿਕਤਾ ਦੇ ਵਖਰੇਵੇਂ ਕਰਕੇ ਨਾਟਕ ਦੀ ਉਸਾਰੀ ਲੁਕਵੇਂ ਰੂਪ ਵਿਚ ਭਾਵਨਾਤਮਕ ਰੂਪ ਵਿਚ ਹੋਈ ਹੈ । ਇਸੇ ਲਈ ਨਾਟਕ ਵਿਚ ਸੰਕੇਤ ਕਾਫ਼ੀ ਹਨ । ਇਹ ਸੰਕੇਤ ਜਿਥੇ ਇਸ ਦੁਫਾੜਤਾ ਨੂੰ ਓਹਲਾ ਦੇਂਦੇ ਹਨ ਉਥੇ ਮੱਧ ਵਰਗੀ ਵਿਚਾਰਾਂ ਦੁਆਰਾ ਸੰਵੇਦਨਸ਼ੀਲ ਭਾਵਨਾ ਜਗਤ ਸਿਰਜਦੇ ਹਨ। 'ਬੰਤੋ' ਨਾਟਕ ਵਿਚ ਮੂਲ ਸਮੱਸਿਆ ਜਿਥੇ ਪੇਂਡੂ ਜੀਵਨ ਵਿਚੋਂ ਉਭਰੀ ਹੈ, ਉਥੇ 'ਲੋਹਾ ਕੁਟ' ਵਿਚਲਾ ਪੇਂਡੂ ਜੀਵਨ ਮੱਧ ਵਰਗ ਦ੍ਰਿਸ਼ਟੀ ਤੋਂ ਉਸਾਰਿ-ਆ ਗਿਆ ਹੈ। ਇਸ ਤਰ੍ਹਾਂ ਸ਼ਹਿਰੀ ਮੱਧ ਵਰਗੀ ਦੀ ਰਾਜਨੀਤਕ ਚੜ੍ਹਤ ਵਲ ਵੀ ਸੰਕੇਤ ਕੀਤਾ ਗਿਆ ਹੈ । ਬਲਵੰਤ ਗਾਰਗੀ ਦੀ ਕਲਾਤਮਕ ਪ੍ਰਤਿਭਾ ਉਸ ਵਲੋਂ ਯਥਾਰਥ ਦਾ ਭੁਲੇਖਾ ਸਿਰਜਨ ਵਿਚ ਹੈ । ਇਸ ਤਰ੍ਹਾਂ 'ਲੋਹਾ ਕੁਟ' ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਯਥਾਰਥ ਨੂੰ ਅਮੂਰਤ ਰੂਪ ਦੇ ਕੇ ਮੁੜ ਯਥਾਰਥ ਦਾ ਭੁਲੇਖਾ ਪਾਉਣ ਵਾਲੀ ਨਾਟਕੀ ਸਥਿਤੀ ਸਿਰਜ ਸਕਦਾ ਹੈ ਜਿਸ ਦੁਆਰਾ ਅਪ੍ਰਗਟਾਏ ਜਾਣ ਵਾਲੇ ਵਿਸ਼ੇ ਨੂੰ ਵੀ ਪ੍ਰਗਟਾਇਆ ਜਾ ਸਕੇ। ਇਸ ਤਰ੍ਹਾਂ 'ਲੋਹਾ ਕੁਟ' ਨਾਟਕ ਪੰਜਾਬੀ ਦੇ ਇਤਿਹਾਸ ਵਿਚ ਇਕ ਨਵਾਂ ਪੱਖ ਜੋੜਦਾ ਹੈ।

## ਆਗਾਮੀ ਵਿਸ਼ੇਸ਼ ਅੰਕ

ਮੰਚਣ-24 'ਮੋਹਨ ਰਾਕੇਸ਼ ਵਿਸ਼ੇਸ਼ ਅੰਕ' ਅਤੇ ਮੰਚਣ -25 'ਗੁਰਸ਼ਰਨ ਸਿੰਘ ਵਿਸ਼ੇਸ਼ ਅੰਕ' ਵਜੋਂ ਪ੍ਰਕਾਸ਼ਿਤ ਕੀਤਾ ਜਾਵੇਗਾ । ਇਹਨਾਂ ਅੰਕਾਂ ਵਾਸਤੇ ਵਿਦਵਾਨਾਂ, ਰੰਗਕਰਮੀਆਂ ਅਤੇ ਨਾਟਕਕਾਰਾਂ ਦੇ ਸਾਥੀਆਂ ਪਾਸੋਂ ਢੁਕਵੀਂ ਸਮੱਗਰੀ ਦੀ ਮੰਗ ਕੀਤੀ ਜਾਂਦੀ ਹੈ। ਮੰਚਣ 24 ਲਈ ਸਮੱਗਰੀ ਹਰ ਹਾਲਤ ਵਿਚ 30 ਸਤੰਬਰ ਤੱਕ ਪੁਜਣੀ ਚਾਹੀਦੀ ਹੈ। ਆਪ ਸਭ ਵੱਲੋਂ ਮਿਲ ਰਹੇ ਸਹਿਯੋਗ ਲਈ ਧੰਨਵਾਦ।

0

MANCHAN- 22
A Book-Series of Drama & Theatre
(Publication of Manchan Arts & Research Centre)
225, Phase- VI, Mohali —160055

## ਅਗਲਾ ਅੰਕ

-ਸੁਰਜੀਤ ਸਿੰਘ ਸੇਠੀ ਦਾ ਨਾਟਕ 'ਤੇਰੇ ਨਾਚ ਨਚਾਇਆ'
-ਪੰਜਾਬੀ ਨਾਟਕ ਦਾ ਇਤਿਹਾਸ । ਡਾ. ਸਬਿੰਦਰ ਜੀਤ ਸਾਗਰ
-ਅੰਦਰਲਾ ਬਾਹਰਲਾ (ਜੋਗਿੰਦਰ ਬਾਹਰਲਾ ਦਾ ਲੜੀਵਾਰ ਜੀਵਨ) : ਆਤਮਜੀਤ
-ਵਿਊ ਰਿਵਿਊ
-ਪ੍ਰੋਡਕਸ਼ਨਾਂ ਆਦਿਕ

ਬੰਗੜ ਪ੍ਰਿੰਟਿਗ ਪ੍ਰੈਸ,. ਐਸ ਸੀ. ਓ. 58 ਫੇਜ਼-2, ਮੋਹਾਲੀ